On our English language New Website
WWW.PREETNEWS.COM
preetnews2020@gmail.com

# PREETNAMA ਪ੍ਰੀਤਨਾਮਾ

ਖਰਾ ਸੱਚ

ਨਿਊਯਾਰਕ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180

ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ www.preetnama.com

ਸਾਲ 2, ਅੰਕ 76, 04 ਨਵੰਬਰ , 2020 ਤੋਂ 10 ਨਵੰਬਰ 2020 ਵੈਬਸਾਈਟ : www.preetnama.com ਈਮੇਲ preetnamausa@gmail.com



# ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਉਤਸ਼ਾਹ ਨਾਲ ਪਈਆਂ ਵੋਟਾਂ-ਲੰਬੀਆਂ ਕਤਾਰਾਂ ਵੇਖਣ ਨੂੰ ਮਿਲੀਆਂ

## ☛ ਹਿੰਸਾ ਅਤੇ ਅਰਾਜਕਤਾ ਦਾ ਖੌ਼ਫ ਸਤਾ ਰਿਹਾ ਲੋਕਾਂ ਨੂੰ ☛ ਸੁਰੱਖਿਆ ਦੇ ਸਖ਼ਤ ਇੰਤਜ਼ਾਮ, ☛ ਵਾਈਟ ਹਾਊਸ ਕਿਲ੍ਹੇ 'ਚ ਤਬਦੀਲ ☛ ਵਪਾਰਕ ਅਦਾਰਿਆਂ ਨੂੰ ਪਲਾਈਵੁੱਡ ਨਾਲ ਢਕਿਆ

ਵਾਸ਼ਿੰਗਟਨ/ਸਾਨ ਫਰਾਂਸਿਸਕੋ, -ਅਮਰੀਕੀਆਂ ਨੇ ਦਹਾਕਿਆਂ 'ਚ ਸਭ ਤੋਂ ਸਖ਼ਤ ਟੱਕਰ ਵਾਲੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਮੰਗਲਵਾਰ ਨੂੰ ਵੋਟਾਂ ਪਾਈਆਂ ? ਪੈਨਸਿਲਵੇਨੀਆ ਅਤੇ ਵਿਸਕਾਂਸਿਨ ਵਰਗੇ ਸਖ਼ਤ ਟੱਕਰ ਵਾਲੇ ਰਾਜਾਂ 'ਚ ਪਿਲੰਗ ਸਟੇਸ਼ਨਾਂ ਦੇ ਬਾਹਰ ਵੋਟ ਪਾਉਣ ਆਏ ਸੈਂਕੜੇ ਲੋਕਾਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ ਦੇਖੀਆਂ ਗਈਆਂ ? ਇਸ ਵਾਰ ਰਿਪਬਲਿਕਨ ਡੋਨਾਲਡ ਟਰੰਪ ਨੂੰ ਡੈਮੋਕ੍ਰੇਟ ਜੋ ਬਾਈਡਨ ਚੁਣੌਤੇ ਦੇ ਰਹੇ ਹਨ ? ਟਰੰਪ ਨੇ ਮੰਗਲਵਾਰ ਸਵੇਰ ਸਾਰ ਅਮਰੀਕੀਆਂ ਨੂੰ ਉਨ੍ਹਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ? ਬਾਈਡਨ ਨੇ ਵੀ ਟਵੀਟ ਕਰਦਿਆਂ ਲੋਕਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ? ਚੋਣ ਮਾਹਿਰਾਂ ਨੇ ਕਿਹਾ ਕਿ ਚੋਣ ਨਤੀਜਿਆਂ 'ਚ ਮਤਦਾਨ ਅਹਿਮ ਬਣਨ ਜਾ ਰਿਹਾ ਹੈ ? ਅਮਰੀਕਾ 'ਚ ਮੰਗਲਵਾਰ ਨੂੰ ਰਾਸ਼ਟਰਪਤੀ ਚੋਣਾਂ ਲਈ ਵੋਟਾਂ ਪੈਣ ਦੇ ਮੱਦੇਨਜ਼ਰ ਦੰਗਿਆਂ ਤੇ ਹਿੰਸਕ ਝੜਪਾਂ ਦਾ ਖਤਰਾ ਮੰਡਰਾ ਰਿਹਾ ਸੀ ? ਨਿਊਯਾਰਕ ਸ਼ਹਿਰ ਤੇ ਹੋਰ ਥਾਵਾਂ 'ਤੇ ਇਸ ਸਾਲ ਦੇ ਸ਼ੁਰੂ 'ਚ ਦੇਸ਼ ਨੂੰ ਹਿਲਾ ਕੇ ਰੱਖ ਦੇਣ ਵਾਲੀ ਹੋਈ ਹਿੰਸਾ ਨੂੰ ਧਿਆਨ 'ਚ ਰੱਖਦੇ ਹੋਏ ਇਹਤਿਆਤ ਦੇ ਤੌਰ 'ਤੇ ਸੰਭਾਵਿਤ ਦੰਗਿਆਂ ਤੇ ਲੁੱਟਖੋਹ ਦੀਆਂ ਘਟਨਾਵਾਂ ਖ਼ਿਲਾਫ਼ ਵਪਾਰਕ ਅਦਾਰਿਆਂ ਨੂੰ ਪਲਾਈਵੁੱਡ ਨਾਲ ਢੱਕ ਦਿੱਤਾ ਗਿਆ ? ਹਿੰਸਾ ਦੇ ਖਦਸ਼ੇ ਕਾਰਨ ਪੁਲਿਸ ਵਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ? ਵਾਈਟ ਹਾਊਸ ਨੂੰ ਕਿਲ੍ਹੇ 'ਚ ਤਬਦੀਲ ਕਰ ਦਿੱਤਾ ਗਿਆ ਹੈ ? ਸੂਤਰਾਂ ਅਨੁਸਾਰ ਚਾਰਾਂ 'ਚੋਂ 3 ਅਮਰੀਕੀ ਚੋਣਾਂ ਵਾਲੇ ਦਿਨ ਹਿੰਸਾ ਬਾਰੇ ਚਿੰਤਤ ਸਨ ਅਤੇ 4 'ਚੋਂ ਕੇਵਲ ਇਕ ਨੂੰ ਭਰੋਸਾ ਹੈ ਕਿ ਜੇਕਰ ਡੈਮੋਕ੍ਰੇਟਿਕ ਦੇ ਬਾਈਡਨ ਟਰੰਪ ਨੂੰ ਹਰਾ ਦਿੰਦੇ ਹਨ ਤਾਂ ਸੱਤਾ ਦੀ ਤਬਦੀਲੀ ਸ਼ਾਂਤੀਪੂਰਨ ਹੋਵੇਗੀ ? ਪਹਿਲਾਂ ਤੋਂ ਹੀ ਇਹ ਪ੍ਰਚਾਰਿਆ ਜਾ ਰਿਹਾ ਸੀ ਕਿ ਚੋਣ ਕੋਈ ਵੀ ਜਿੱਤੇ ਦੰਗੇ ਜ਼ਰੂਰ ਭੜਕਣਗੇ ? ਮੁੜ ਉੱਭਰ ਰਹੀ ਕੋਵਿਡ-19 ਮਹਾਂਮਾਰੀ ਦੌਰਾਨ ਲਗਪਗ 10 ਕਰੋੜ ਅਮਰੀਕੀ ਪਹਿਲਾਂ ਹੀ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਚੁੱਕੇ ਹਨ, ਜੋ ਕਿ ਸ਼ਤਾਬਦੀ ਦਾ ਸਭ ਤੋਂ ਜ਼ਿਆਦਾ ਮਤਦਾਨ ਹੋ ਰਿਹਾ ਹੈ ? ਕੁੱਲ ਕਰੀਬ 23 ਕਰੋੜ 90 ਲੱਖ ਵੋਟਰ ਹਨ ? ਵੋਟਾਂ ਦੀ ਗਿਣਤੀ ਕਰਨ 'ਚ ਕੁਝ ਰਾਜਾਂ 'ਚ ਕਈ ਦਿਨ ਜਾਂ ਹਫ਼ਤੇ ਲੱਗ ਸਕਦੇ ਹਨ, ਇਸ ਦਾ ਅਰਥ ਹੈ ਕਿ ਮੰਗਲਵਾਰ ਨੂੰ ਚੋਣਾਂ ਖ਼ਤਮ ਹੋਣ ਦੇ ਕੁਝ ਘੰਟਿਆਂ ਬਾਅਦ ਜੇਤੂ ਦਾ ਐਲਾਨ ਨਹੀਂ ਕੀਤਾ ਜਾ ਸਕੇਗਾ ? ਅਮਰੀਕਾ 'ਚ ਲਗਪਗ 40 ਲੱਖ ਭਾਰਤੀ ਅਮਰੀਕੀ ਹਨ, ਇਨ੍ਹਾਂ 'ਚੋਂ 25 ਲੱਖ ਭਾਰਤੀ ਅਮਰੀਕੀ ਸੰਭਾਵਿਤ ਮਤਦਾਤਾ ਹਨ ? 13 ਲੱਖ ਤੋਂ ਜ਼ਿਆਦਾ ਭਾਰਤੀ ਅਮਰੀਕੀ ਟੈਕਸਾਸ, ਮਿਸ਼ੀਗਨ, ਫਲੋਰੀਡਾ ਅਤੇ ਪੈਨਸਿਲਵੇਨੀਆ ਸਮੇਤ ਉਨ੍ਹਾਂ ਰਾਜਾਂ 'ਚ ਹਨ, ਜਿਥੇ ਉਮੀਦਵਾਰਾਂ 'ਚ ਸਖ਼ਤ ਟੱਕਰ ਹੋ ਰਹੀ ਹੈ ?

ਰਾਸ਼ਟਰਪਤੀ ਡੋਨਾਲਡ ਟਰੰਪ ਤੇ ਡੈਮੋਕ੍ਰੇਟਿਕ ਦੇ ਜੋ ਬਾਈਡਨ ਨੇ ਸੋਮਵਾਰ ਨੂੰ ਜ਼ਬਰਦਸਤ ਟੱਕਰ ਵਾਲੇ ਰਾਜਾਂ ਵਿਚ ਵੋਟਾਂ ਲਈ ਆਖਰੀ ਹੰਭਲਾ ਮਾਰਿਆ ? ਇਸ ਮੁਹਿੰਮ ਤੋਂ ਜਾਪਦਾ ਹੈ ਕਿ ਜਿਵੇਂ ਦੋਵੇਂ ਉਮੀਦਵਾਰ ਚੋਣ ਤੋਂ ਬਾਅਦ ਹੋਣ ਵਾਲੀ ਅਦਾਲਤੀ ਜੰਗ ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਹੋਣ ? ਟਰੰਪ, ਜੋ ਰਾਸ਼ਟਰੀ ਚੋਣ ਸਰਵੇਖਣਾਂ ਵਿਚ ਪਿੱਛੇ ਹਨ, ਨੇ ਮੇਲ-ਇਨ ਬੈਲਟ 'ਤੇ ਬੇਬੁਨਿਆਦ ਹਮਲੇ ਜਾਰੀ ਰੱਖੇ ਹੋਏ ਹਨ ਤੇ ਸੁਝਾਅ ਦਿੱਤਾ ਹੈ ਕਿ ਮੰਗਲਵਾਰ ਨੂੰ ਚੋਣ ਦਿਵਸ ਤੋਂ ਬਾਅਦ ਵੋਟਾਂ ਦੀ ਗਿਣਤੀ ਦੌਰਾਨ ਉਹ ਵਕੀਲ ਤਾਇਨਾਤ ਕਰਨਗੇ ? ਇਕ ਹੋਰ ਸਖ਼ਤ ਟੱਕਰ ਵਾਲੇ ਸੂਬੇ ਵਿਸਕਾਂਸਿਨ ਵਿਚ ਟਰੰਪ ਨੇ ਪੱਤਰਕਾਰਾਂ ਨੂੰ ਕਿਹਾ ਕਿ ਭੈੜੀਆਂ ਚੀਜ਼ਾਂ ਵਾਪਰਨਗੀਆਂ ਤੇ ਭੈੜੀਆਂ ਚੀਜ਼ਾਂ ਦੂਸਰੀਆਂ ਕਿਸਮਾਂ ਦਾ ਕਾਰਨ ਬਣਦੀਆਂ ਹਨ ? ਚੋਣ ਦਿਵਸ ਤੋਂ ਇਕ ਦਿਨ ਪਹਿਲਾਂ ਬਾਈਡਨ ਨੇ ਆਪਣਾ ਧਿਆਨ ਓਹਾਇਓ ਅਤੇ ਪੈਨਸਿਲਵੇਨੀਆ 'ਤੇ ਰੱਖਿਆ, ਜਦੋਂਕਿ ਟਰੰਪ ਨੇ ਉੱਤਰੀ ਕੈਰੋਲਿਨਾ, ਪੈਨਸਿਲਵੇਨੀਆ, ਵਿਸਕਾਂਸਿਨ ਤੇ ਮਿਸ਼ੀਗਨ 'ਚ ਆਪਣਾ ਆਧਾਰ ਵਧਾਉਣ ਦੀ ਕੋਸ਼ਿਸ਼ ਕੀਤੀ ? ਪਹਿਲਾਂ ਤੋਂ ਹੀ 10 ਕਰੋੜ ਵੋਟਾਂ ਪਾਈਆਂ ਜਾ ਚੁੱਕੀਆਂ ਹਨ ? ਐਤਵਾਰ ਨੂੰ ਕਰਵਾਏ ਸਰਵੇਖਣ ਵਿਚ ਪਾਇਆ ਗਿਆ ਕਿ ਹਾਲ ਹੀ ਦੇ ਦਿਨਾਂ 'ਚ 12 ਸਖ਼ਤ ਟੱਕਰ ਵਾਲੇ ਸੂਬਿਆਂ ਦੇ ਸਮੂਹ ਵਿਚ ਦੋ ਉਮੀਦਵਾਰਾਂ ਦੀ ਹਮਾਇਤ ਵਿਚ ਕੋਈ ਤਬਦੀਲੀ ਨਹੀਂ ਹੋਈ, ਬਾਈਡਨ ਟਰੰਪ ਤੋਂ 46 ਫ਼ੀਸਦੀ ਦੇ ਮੁਕਾਬਲੇ 51 ਫ਼ੀਸਦੀ ਨਾਲ ਅੱਗੇ ਸੀ ? ਚੋਣਾਂ ਦੌਰਾਨ ਜਾਂ ਚੋਣਾਂ ਤੋਂ ਬਾਅਦ ਹਿੰਸਾ ਹੋਣ ਦੇ ਖਦਸ਼ੇ ਦੇ ਚੱਲਦਿਆਂ ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਦੇ ਫੈਕਲਟੀ, ਸਟਾਫ਼ ਤੇ ਵਿਦਿਆਰਥੀਆਂ ਨੂੰ ਦਵਾਈ ਅਤੇ ਭੋਜਨ ਦਾ ਭੰਡਾਰ ਕਰਨ ਲਈ ਕਿਹਾ ਗਿਆ ? ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਚੋਣਾਂ ਵਿਚ ਜਿੱਤ ਕਿਸੇ ਦੀ ਵੀ ਹੋਵੇ, ਦੰਗੇ ਜ਼ਰੂਰ ਭੜਕਣਗੇ, ਕਿਉਂਕਿ ਜੇਕਰ ਬਾਈਡਨ ਜਿੱਤਦਾ ਹੈ ਤਾਂ ਚਿੱਟੇ ਲੋਕ ਖੌਰੂ ਪਾਉਣਗੇ ਤੇ ਜੇਕਰ ਟਰੰਪ ਜਿੱਤਦਾ ਹੈ ਤਾਂ ਕਾਲੇ ਲੋਕ ਧਮੱਚੜ ਪਾਉਣ ਲਈ ਤਿਆਰ ਬੈਠੇ ਹਨ ? ਲੁੱਟ-ਖੋਹ ਅਤੇ ਅਗਜ਼ਨੀ ਘਟਨਾਵਾਂ ਦੇ ਖਦਸ਼ੇ ਨੂੰ ਮੌਸਮ ਦੀ ਭਵਿੱਖਬਾਣੀ ਵਾਂਗ ਪ੍ਰਚਾਰਿਆ ਜਾ ਰਿਹਾ ਹੈ ? ਨਤੀਜਿਆਂ ਦੇ ਜਵਾਬ 'ਚ ਸਿਵਲ ਅਸ਼ਾਂਤੀ ਫੈਲਣ ਦੀ ਸੂਰਤ 'ਚ ਪ੍ਰਸ਼ਾਸਨਿਕ ਅਧਿਕਾਰੀ ਜ਼ਿਆਦਾ ਸਾਵਧਾਨੀ ਅਤੇ ਸਰੀਰਕ ਜਾਇਦਾਦ ਦੀ ਸੁਰੱਖਿਆ ਲਈ ਕੰਮ ਕਰ ਰਹੇ ਹਨ ? ਡੀ.ਸੀ. ਤੇ ਸ਼ਿਕਾਗੋ ਵਰਗੇ ਸ਼ਹਿਰਾਂ 'ਚ ਜ਼ਮੀਨ 'ਤੇ ਰਹਿਣ ਵਾਲੇ ਲੋਕ ਆਪਣੀਆਂ ਇਮਾਰਤਾਂ ਨੂੰ ਸੁਰੱਖਿਅਤ ਕਰਨ ਲਈ ਅਮਰੀਕਾ ਦੀਆਂ ਕੁਝ ਵੱਡੀਆਂ-ਵੱਡੀਆਂ ਕਾਰਪੋਰੇਸ਼ਨਾਂ ਦੁਆਰਾ ਕੋਸ਼ਿਸ਼ਾਂ ਦੀਆਂ ਵੀਡੀਓਜ਼ ਅਤੇ ਚਿੱਤਰ ਸਾਂਝੇ ਕਰ ਰਹੇ ਹਨ ? ਕੁਝ ਇਹ ਵੀ ਨੋਟ ਕਰ ਰਹੇ ਹਨ ਕਿ ਇਹ ਪਹਿਲੀ ਵਾਰ ਹੈ ਜਦੋਂ ਉਨ੍ਹਾਂ ਨੇ ਰਾਸ਼ਟਰਪਤੀ ਅਹੁਦੇ ਦੀ ਚੋਣ ਦੇ ਨੇੜੇ-ਤੇੜੇ ਅਜਿਹੇ ਸਖ਼ਤ ਸੁਰੱਖਿਆ ਉਪਾਅ ਵੇਖੇ ਹਨ



## ਅਮਰੀਕੀ ਚੋਣ ਨਤੀਜੇ : ਤਾਜ਼ਾ ਅਪਡੇਟ

☛ ਅਮਰੀਕੀ ਰਾਸ਼ਟਰਪਤੀ ਚੋਣਾਂ ਲੜ ਰਹੇ ਡੈਮੋਕਰੇਟ ਉਮੀਦਵਾਰ ਜੋ ਬਾਇਡਨ ਨੇ ਕਿਹਾ ਹੈ ਕਿ ਭਾਵੇਂ ਅਹਿਮ ਨਤੀਜੇ ਅਜੇ ਆਉਣੇ ਹਨ ਪਰ ਉਨ੍ਹਾਂ ਨੇ ਰਾਸ਼ਟਰਪਤੀ ਬਣਨ ਲਈ ਲੋੜੀਦੇ ਕਾਫ਼ੀ ਸੂਬੇ ਜਿੱਤ ਲਏ ਹਨ।

☛ ਮਿਸ਼ੀਗਨ ਵਿਚ ਆਪਣੀ ਜਿੱਤ ਦਾ ਰੁਝਾਨ ਸਾਹਮਣੇ ਆਉਣ ਤੋਂ ਬਾਅਦ ਬਾਇਡਨ ਨੇ ਸੰਖੇਪ ਜਿਹੇ ਬਿਆਨ ਵਿਚ ਕਿਹਾ,"ਜਦੋਂ ਗਿਣਤੀ ਪੂਰੀ ਹੋਵੇਗੀ ਸਾਨੂੰ ਭਰੋਸਾ ਹੈ ਕਿ ਜਿੱਤ ਸਾਡੀ ਹੀ ਹੋਵੇਗੀ।"

☛ ਜਿਨ੍ਹਾਂ ਸੂਬਿਆਂ ਨੂੰ ਅਹਿਮ ਮੰਨਿਆ ਜਾ ਰਿਹਾ ਹੈ ਅਤੇ ਜਿੱਥੇ ਦਾ ਪੂਰਾ ਨਤੀਜਾ ਨਹੀ ਆਇਆ ਹੈ ਉਸ ਵਿਚ ਐਰੀਜ਼ੋਨਾ, ਜੋਰਜੀਆ, ਵਿਸਕੋਨਸਿਨ ਅਤੇ ਪੈਨੇਸਲਵੇਨੀਆ ਸ਼ਾਮਲ ਹੈ।

☛ ਟਰੰਪ ਨੂੰ ਇਹ ਖ਼ਬਰ ਲਿਖੇ ਜਾਣ ਸਮੇਂ ਜਿੰਨ੍ਹਾਂ 23 ਸੂਬਿਆਂ ਵਿਚ ਜਿੱਤ ਮਿਲਦੀ ਦਿਖ ਰਹੀ ਹੈ ਅਤੇ ਚੋਣ ਪੰਡਿਤਾਂ ਦੇ ਦਾਅਵੇ ਬਦਲਾ ਦਿੱਤੇ ਹਨ, ਉਨ੍ਹਾਂ ਵਿਚ ਟੈਕਸਸ, ਓਹਾਈਓ, ਫੋਲਰਿਡਾ ਸ਼ਾਮਲ ਹਨ।

☛ ਟਰੰਪ ਬਿਨਾਂ ਕੋਈ ਸਬੂਤ ਪੇਸ਼ ਕੀਤਿਆਂ ਘੋਟਾਲਾ ਹੋਣ ਦਾ ਇਲਜ਼ਾਮ ਲਾ ਰਹੇ ਹਨ ਅਤੇ ਉਹ ਸੁਪਰੀਕ ਕੋਰਟ ਦਾ ਦਰਵਾਜ਼ਾ ਖੜਕਾਉਣ ਦੀ ਗੱਲ ਕਹਿ ਰਹੇ ਹਨ।

☛ ਬਾਈਡਨ ਖੇਮੇ ਨੇ ਰਾਸ਼ਟਰਪਤੀ ਟਰੰਪ ਦੇ ਬਿਆਨ ਨੂੰ 'ਘਟੀਆ' ਦੱਸਿਆ ਹੈ ਅਤੇ ਕਿਹਾ ਹੈ ਕਿ ਵੋਟਾਂ ਦੀ ਗਿਣਤੀ ਜਾਰੀ ਰਹੇਗੀ।

☛ ਅਮਰੀਕਾ ਵਿਚ ਇਹ ਇਸ ਸਦੀ ਦੀ ਸਭ ਵੱਧ ਵੋਟਿੰਗ ਹੋਈ ਹੈ ਅਤੇ ਹੋ ਸਕਦਾ ਹੈ ਕਿ ਪੂਰਾ ਨਤੀਜਾ ਆਉਣ ਨੂੰ ਕਈ ਦਿਨਾਂ ਦਾ ਇੰਤਜ਼ਾਰ ਕਰਨਾ ਪਵੇ।

☛ ਟਰੰਪ ਦੇ ਖੇਮੇ ਨੇ ਜੋਰਜੀਆ ਸੂਬੇ ਵਿਚ ਵੋਟਾਂ ਦੀ ਗਿਣਤੀ ਰੁਕਵਾਉਣ ਲਈ ਕੇਸ ਦਾਇਰ ਕਰ ਦਿੱਤਾ ਹੈ, ਕੇਸ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ 53 ਵਿਅਕਤੀਆਂ ਨੂੰ ਲੰਘੇ ਸਮੇਂ ਤੋਂ ਬਾਅਦ ਪੋਸਟਲ ਵੋਟ ਪਾਉਂਦੇ ਦੇਖਿਆ ਹੈ।

# ਪਾਕਿਸਤਾਨ ਦੀ ਇਕ ਹੋਰ ਹਰਕਤ, ਗਿਲਗਿਤ-ਬਾਲਤਿਸਤਾਨ ਨੂੰ ਸੂਬਾ ਐਲਾਨਿਆ ਗਿਆ

ਇਸਲਾਮਾਬਾਦ, :ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਗਿਲਗਿਤ-ਬਾਲਟੀਸਤਾਨ (72) ਨੂੰ ਅੰਤਰਿਮ ਸੂਬੇ ਦਾ ਦਰਜਾ ਦੇਣ ਦਾ ਐਲਾਨ ਕਰ ਦਿੱਤਾ ਹੈ। ਐਤਵਾਰ ਨੂੰ ਉਹ 73ਵੇਂ ਆਜ਼ਾਦੀ ਦਿਹਾੜੇ ਦੇ ਸਮਾਰੋਹ ਵਿਚ ਪਹੁੰਚੇ ਸਨ ਜਿੱਥੇ ਉਹਨਾਂ ਨੇ ਇਹ ਐਲਾਨ ਕੀਤਾ। ਇਸ ਤੋਂ ਪਹਿਲਾਂ ਇਮਰਾਨ ਐਲਾਨ ਕਰ ਚੁੱਕੇ ਹਨ ਕਿ ਜੀ.ਬੀ. ਨੂੰ ਸੰਵਿਧਾਨਕ ਅਧਿਕਾਰ ਦਿੱਤੇ ਜਾਣਗੇ ਅਤੇ ਨਵੰਬਰ ਵਿਚ ਚੋਣਾਂ ਵੀ ਕਰਾਈਆਂ ਜਾਣਗੀਆਂ। ਗੌਰਤਲਬ ਹੈ ਕਿ ਭਾਰਤ ਇਸ ਕਦਮ ਦਾ ਵਿਰੋਧ ਕਰਦਾ ਆਇਆ ਹੈ ਅਤੇ ਪਾਕਿਸਤਾਨ ਦੇ ਅੰਦਰ ਵੀ ਇਸ ਫ਼ੈਸਲੇ ਨੂੰ ਚੁਣੌਤੀ ਮਿਲ ਚੁੱਕੀ ਹੈ।



**ਪ੍ਰੋਵਿਜ਼ਨਲ ਸੂਬੇ ਦਾ ਦਰਜਾ**

ਪਾਕਿਸਤਾਨ ਦੇ ਜੀਓ ਨਿਊਜ਼ ਦੀ ਰਿਪੋਰਟ ਦੇ ਮੁਤਾਬਕ, ਇਮਰਾਨ ਨੇ ਕਿਹਾ,"ਮੇਰੇ ਗਿਲਗਿਤ-ਬਾਲਟੀਸਤਾਨ ਆਉਣ ਦਾ ਇਕ ਕਾਰਨ ਇਹ ਐਲਾਨ ਕਰਨਾ ਹੈ ਕਿ ਅਸੀਂ ਇਸ ਨੂੰ ਪ੍ਰੋਵਿਜ਼ਨਲ ਸੂਬੇ ਦਾ ਦਰਜਾ ਦੇਣ ਦਾ ਫ਼ੈਸਲਾ ਕੀਤਾ ਹੈ। ਅਸੀਂ ਇਹ ਫ਼ੈਸਲਾ ਸੰਯੁਕਤ ਰਾਸ਼ਟਰ ਸੁਰੱਖਿਆ ਪਰੀਸ਼ਦ ਦੇ ਮਤੇ 'ਤੇ ਵਿਚਾਰ ਕਰਦਿਆਂ ਲਿਆ ਹੈ।" ਇਮਰਾਨ ਨੇ ਕਿਹਾ ਕਿ ਉਹ ਗਿਲਗਿਤ-ਬਾਲਟੀਸਤਾਨ ਨੂੰ ਦਿੱਤੇ ਜਾਣ ਵਾਲੇ ਪੈਕੇਜ ਦੇ ਬਾਰੇ ਵਿਚ ਚਰਚਾ ਜਾਂ ਐਲਾਨ ਨਹੀਂ ਕਰ ਸਕਦੇ ਕਿਉਂਕਿ ਅਜਿਹਾ ਕਰਨਾ ਚੋਣਾਂ ਦੇ ਕਾਰਨ ਲਾਗੂ ਨਿਯਮਾਂ ਦੀ ਉਲੰਘਣਾ ਹੋਵੇਗੀ।

**ਵਿਰੋਧੀ ਧਿਰ ਵਿਚ ਨਾਰਾਜ਼ਗੀ**

ਇਮਰਾਨ ਸਰਕਾਰ ਨੇ ਜਦੋਂ ਇਸ ਫ਼ੈਸਲੇ ਬਾਰੇ ਐਲਾਨ ਕੀਤਾ ਸੀ, ਉਦੋਂ ਤੋਂ ਵਿਰੋਧੀ ਪਾਰਟੀਆਂ ਨਾਰਾਜ਼ ਹੋ ਗਈਆਂ ਸਨ। ਜਮੀਅਤ-ਉਲ-ਉਲੇਮਾ ਇਸਲਾਮ-6 ਚੀਫ ਮੌਲਾਨਾ ਫਜ਼ਲੁਰ ਰਹਿਮਾਨ ਨੇ ਤਾਂ ਜੀ.ਬੀ. ਨੂੰ ਸੂਬਾ ਬਣਾਉਣ ਦੇ ਖਿਲਾਫ ਹੀ ਰੁੱਖ਼ ਅਪਨਾਇਆ ਹੋਇਆ ਹੈ। ਰਹਿਮਾਨ ਦੇ ਮੁਤਾਬਕ, ਅਜਿਹਾ ਕਰਨ ਨਾਲ ਭਾਰਤ ਦਾ ਜੰਮੂ-ਕਸ਼ਮੀਰ ਅਤੇ ਲੱਦਾਖ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦਾ ਫ਼ੈਸਲਾ ਵੀ ਵੈਧ ਸਾਬਤ ਹੋ ਜਾਵੇਗਾ। ਵਿਰੋਧੀ ਧਿਰ ਨੇ ਫੌਜ ਮੁਖੀ ਕਮਰ ਜਾਵੇਦ ਬਾਜਵਾ ਨੂੰ ਇਕ ਬੈਠਕ ਵਿਚ ਚੋਣਾਂ ਦੇ ਬਾਅਦ ਇਸ ਮੁੱਦੇ 'ਤੇ ਚਰਚਾ ਦਾ ਭਰੋਸਾ ਦਿੱਤਾ ਸੀ ਪਰ ਇਮਰਾਨ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ।

**ਇੰਝ ਗਿਆ ਪਾਕਿਸਤਾਨ ਦੇ ਕਬਜ਼ੇ ਵਿਚ**

ਇੱਥੇ ਦੱਸ ਦਈਏ ਕਿ 1947 ਵਿਚ ਦੇਸ਼ ਦੀ ਵੰਡ ਦੇ ਦੌਰਾਨ ਗਿਲਗਿਤ-ਬਾਲਟੀਸਤਾਨ ਦਾ ਖੇਤਰ ਨਾ ਤਾਂ ਭਾਰਤ ਦਾ ਹਿੱਸਾ ਸੀ ਅਤੇ ਨਾ ਹੀ ਪਾਕਿਸਤਾਨ ਦਾ। 1935 ਵਿਚ ਬ੍ਰਿਟੇਨ ਨੇ ਇਸ ਹਿੱਸੇ ਨੂੰ ਗਿਲਗਿਤ ਏਜੰਸੀ ਨੂੰ 60 ਸਾਲ ਦੇ ਲਈ ਲੀਜ 'ਤੇ ਦਿੱਤਾ ਸੀ ਪਰ ਅੰਗਰੇਜ਼ਾਂ ਨੇ ਇਸ ਲੀਜ ਨੂੰ 1 ਅਗਸਤ, 1947 ਨੂੰ ਰੱਦ ਕਰ ਕੇ ਖੇਤਰ ਨੂੰ ਜੰਮੂ ਅਤੇ ਕਸ਼ਮੀਰ ਦੇ ਮਹਾਰਾਜਾ ਹਰੀ ਸਿੰਘ ਨੂੰ ਵਾਪਸ ਕਰ ਦਿੱਤਾ। ਰਾਜਾ ਹਰੀ ਸਿੰਘ ਨੇ ਪਾਕਿਸਤਾਨੀ ਹਮਲੇ ਦੇ ਬਾਅਦ 31 ਅਕਤੂਬਰ, 1947 ਨੂੰ ਪੂਰੇ ਜੰਮੂ ਅਤੇ ਕਸ਼ਮੀਰ ਨੂੰ ਭਾਰਤ ਵਿਚ ਮਿਲਾ ਦਿੱਤਾ ਸੀ। ਗਿਲਗਿਤ-ਬਾਲਟੀਸਤਾਨ ਦੇ ਸਥਾਨਕ ਕਮਾਂਡਰ ਕਰਨਲ ਮਿਰਜ਼ਾ ਹਸਨ ਖਾਨ ਨੇ ਜੰਮੂ-ਕਸ਼ਮੀਰ ਦੇ ਭਾਰਤ ਵਿਚ ਮਿਲ ਜਾਣ ਦੇ ਕਾਰਨ 2 ਨਵੰਬਰ, 1947 ਨੂੰ ਵਿਦਰੋਹ ਕਰ ਦਿੱਤਾ।

# ਪੁਲਾੜ ਕੇਂਦਰ 'ਚ ਮਨੁੱਖ ਦੇ ਰੁਕਣ ਦੇ 20 ਸਾਲ ਹੋਏ ਪੂਰੇ



ਕੈਪ ਕੈਨੇਵਰਲ : ਅੰਤਰਰਾਸ਼ਟਰੀ ਪੁਲਾੜ ਕੇਂਦਰ (ਆਈਐੱਸਐੱਸ) ਪਿਛਲੇ ਦੋ ਦਹਾਕਿਆਂ ਤੋਂ ਧਰਤੀ ਦੇ ਪੰਧ ਵਿਚ ਚੱਕਰ ਲਗਾ ਰਿਹਾ ਹੈ। ਸੋਮਵਾਰ ਨੂੰ ਇਸ ਵਿਚ ਮਨੁੱਖਾਂ ਦੇ ਠਹਿਰਣ ਦੇ 20 ਸਾਲ ਪੂਰੇ ਹੋ ਜਾਣਗੇ। ਇਸ ਕੇਂਦਰ ਦੀ ਜਦੋਂ ਸਥਾਪਨਾ ਹੋਈ ਅਤੇ ਪਹਿਲੀ ਵਾਰ ਪੁਲਾੜ ਯਾਤਰੀ ਇਸ ਵਿਚ ਰਹਿਣ ਗਏ ਤਦ ਉੱਥੇ ਤੰਗ, ਨਮੀ ਯੁਕਤ ਤਿੰਨ ਛੋਟੇ ਕਮਰੇ ਸਨ। ਪਿਛਲੇ 20 ਸਾਲਾਂ ਵਿਚ ਆਈਐੱਸਐੱਸ ਨੇ ਕਈ ਬਦਲਾਅ ਦੇਖੇ ਹਨ। ਹੁਣ ਇਹ ਟਾਵਰ ਜਿਹਾ ਲੱਗਣ ਵਾਲਾ ਜਟਿਲ ਢਾਂਚਾ ਬਣ ਗਿਆ ਹੈ ਜਿਸ ਵਿਚ ਤਿੰਨ ਪਖਾਨੇ, ਸੌਣ ਦੇ ਛੇ ਕੰਪਾਰਟਮੈਂਟ ਅਤੇ 12 ਕਮਰੇ ਹਨ। ਅੰਤਰਰਾਸ਼ਟਰੀ ਪੁਲਾੜ ਕੇਂਦਰ ਵਿਚ ਹੁਣ ਤਕ 19 ਦੇਸ਼ਾਂ ਦੇ ਪੁਲਾੜ ਯਾਤਰੀਆਂ ਨੂੰ ਰਹਿਣ ਦਾ ਮੌਕਾ ਮਿਲਿਆ ਹੈ। ਇਨ੍ਹਾਂ ਵਿਚ ਮੁਰੰਮਤ ਦੇ ਕੰਮਾਂ ਖਾਤਿਰ ਕਈ ਵਾਰ ਜਾਣ ਵਾਲੇ ਪੁਲਾੜ ਯਾਤਰੀ ਅਤੇ ਆਪਣੇ ਖ਼ਰਚ 'ਤੇ ਪੁੱਜਣ ਵਾਲੇ ਸੈਲਾਨੀ ਸ਼ਾਮਲ ਹਨ। ਆਈਐੱਸਐੱਸ 'ਤੇ ਸਭ ਤੋਂ ਪਹਿਲੇ ਪੁੱਜਣ ਵਾਲਿਆਂ ਵਿਚ ਅਮਰੀਕਾ ਦੇ ਬਿਲ ਸ਼ੇਫਰਡ ਅਤੇ ਰੂਸ ਦੇ ਸਰਜੇਈ ਕ੍ਰਿਲੇਵ ਅਤੇ ਯੂਰੀ ਗਿਡਜੇਂਕੋ ਸਨ। ਉਨ੍ਹਾਂ ਨੇ ਕਜ਼ਕਿਸਤਾਨ ਤੋਂ 31 ਅਕਤੂਬਰ, 2000 ਨੂੰ ਯਾਤਰਾ ਸ਼ੁਰੂ ਕੀਤੀ ਸੀ ਅਤੇ ਦੋ ਦਿਨ ਪਿੱਛੋਂ ਯਾਨੀ ਦੋ ਨਵੰਬਰ, 2000 ਨੂੰ ਅੰਤਰਰਾਸ਼ਟਰੀ ਪੁਲਾੜ ਕੇਂਦਰ ਦਾ ਦਰਵਾਜ਼ਾ ਖੋਲ੍ਹਿਆ ਸੀ। ਉਹ ਆਈਐੱਸਐੱਸ ਦੇ ਰੂਪ ਵਿਚ ਵਿਗਿਆਨ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰ ਰਹੇ ਸਨ। ਇਕਜੁੱਟਤਾ ਪ੍ਰਗਟ ਕਰਨ ਲਈ ਉਹ ਇਕ-ਦੂਜੇ ਦਾ ਹੱਥ ਫੜੇ ਹੋਏ ਸਨ। ਸ਼ੇਫਰਡ ਅਮਰੀਕੀ ਜਲ ਸੈਨਾ ਦੇ ਸੀਲ ਕਮਾਂਡਰ ਸਨ ਜਿਨ੍ਹਾਂ ਨੇ ਸਟੇਸ਼ਨ ਕਮਾਂਡਰ ਦੀ ਭੂਮਿਕਾ ਨਿਭਾਈ। ਤਿੰਨੋਂ ਸ਼ੁਰੂਆਤੀ ਪੁਲਾੜ ਯਾਤਰੀਆਂ ਨੇ ਆਪਣਾ ਜ਼ਿਆਦਾਤਰ ਸਮਾਂ ਅੱਜ ਦੇ ਮੁਕਾਬਲੇ ਕਿਤੇ ਕਠਿਨ ਪ੍ਰਸਥਿਤੀਆਂ ਵਿਚ ਉਪਕਰਨਾਂ ਨੂੰ ਠੀਕ ਕਰਨ ਅਤੇ ਉਨ੍ਹਾਂ ਨੂੰ ਲਗਾਉਣ ਵਿਚ ਖ਼ਰਚ ਕੀਤਾ ਸੀ।

# ਟਰੰਪ ਨੂੰ ਵੱਡਾ ਝਟਕਾ, ਅਮਰੀਕੀ ਅਦਾਲਤ ਨੇ ਟਿਕਟੌਕ ਦੇ ਬੈਨ 'ਤੇ ਲਗਾਈ ਰੋਕ




ਵਾਸ਼ਿੰਗਟਨ, : ਇਕ ਅਮਰੀਕੀ ਅਦਾਲਤ ਨੇ ਲੋਕਪ੍ਰਸਿੱਧ ਚੀਨੀ ਐਪ ਟਿਕਟੌਕ ਨੂੰ ਬੈਨ ਕਰਨ ਦੇ ਟਰੰਪ ਸਰਕਾਰ ਦੇ ਫੈਸਲੇ 'ਤੇ ਰੋਕ ਲਗਾ ਦਿੱਤੀ ਹੈ। ਕੋਰਟ ਨੇ ਇਹ ਰੋਕ ਪੈਂਸਲਵੇਨੀਆ ਕਾਮੇਡੀਅਨ ਅਤੇ ਹੋਰ ਦੋ ਟਿਕਟੌਕ ਯੂਜ਼ਰਸ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਲਗਾਈ ਹੈ। ਪੈਂਸਲਵੇਨੀਆ ਕਾਮੇਡੀਅਨ ਅਤੇ ਹੋਰ ਦੋ ਨੇ ਟਰੰਪ ਦੇ ਫੈਸਲੇ ਨੂੰ ਅਦਾਲਤ 'ਚ ਚੁਣੌਤੀ ਦਿੱਤੀ ਸੀ ਅਤੇ ਕਿਹਾ ਸੀ ਕਿ ਟਿਕਟੌਕ ਨੂੰ ਬੈਨ ਕਰਨਾ ਉਨ੍ਹਾਂ ਦੇ ਮੁਕਤ ਹੋ ਕੇ ਬੋਲਣ ਦੀ ਆਜ਼ਾਦੀ ਦੇ ਖਿਲਾਫ ਅਮਰੀਕੀ ਸੰਘੀ ਜੱਜ ਵੈਂਡੀ ਵੀਟਲਸਟੋਨ ਨੇ ਅਗਲੇ ਹੁਕਮ ਤਕ ਵਾਣਜਿਕ ਵਿਭਾਗ ਵਲੋਂ ਕੀਤੀ ਜਾਣ ਵਾਲੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ। ਵਾਣਜਿਕ ਵਿਭਾਗ ਅਗਲੇ ਕੁਝ ਦਿਨਾਂ 'ਚ ਟਿਕਟੌਕ 'ਤੇ ਰੋਕ ਲਗਾਉਣ ਦੇ ਸਬੰਧ 'ਚ ਮਹੱਤਵਪੂਰਨ ਕਦਮ ਚੁੱਕਣ ਵਾਲੀ ਸੀ। ਦੱਸ ਦੇਈਏ ਕਿ ਟਰੰਪ ਸਰਕਾਰ ਨੇ ਚੀਨੀ ਕੰਪਨੀ ਬਾਈਟਡਾਂਸ ਦੀ ਡਾਊਟਰ ਕੰਪਨੀ ਟਿਕਟੌਕ ਨੂੰ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਦੱਸਿਆ ਸੀ। ਟਰੰਪ ਸਰਕਾਰ ਦਾ ਕਹਿਣਾ ਹੈ ਕਿ ਟਿਕਟੌਕ ਦੁਆਰਾ ਯੂਜ਼ਰਸ ਦੇ ਡਾਟਾ ਨੂੰ ਚੋਰੀ ਅਤੇ ਜਾਸੂਸੀ ਕਰਨ ਦੀ ਪੂਰੀ ਸੰਭਾਵਨਾ ਹੈ। ਇਸੇ ਦੇ ਮੱਦੇਨਜ਼ਰ ਟਰੰਪ ਪ੍ਰਸ਼ਾਸਨ ਵਲੋਂ ਟਿਕਟੌਕ ਨੂੰ ਬੈਨ ਕਰਨ ਨੂੰ ਲੈ ਕੇ ਜਾਰੀ ਕੀਤੇ ਗਏ ਕਾਰਜਕਾਰੀ ਆਦੇਸ਼ ਨੂੰ 12 ਨਵੰਬਰ ਨੂੰ ਲਾਗੂ ਕਰਨ ਲਈ ਤੈਅ ਕੀਤਾ ਗਿਆ ਸੀ ਪਰ ਹੁਣ ਅਦਾਲਤ ਦੇ ਫੈਸਲੇ ਤੋਂ ਬਾਅਦ 12 ਨਵੰਬਰ ਨੂੰ ਟਿਕਟੌਕ 'ਤੇ ਬੈਨ ਨਹੀਂ ਲੱਗ ਸਕੇਗਾ।

# ਲਾਹੌਰ ਦੀਆਂ ਸੜਕਾਂ ਤੇ ਇਸ ਕਾਰਨ ਲੱਗੇ ਵਿੰਗ ਕਮਾਂਡਰ ਅਭਿਨੰਦਨ ਤੇ ਮੋਦੀ ਦੇ ਪੋਸਟਰ

ਲਾਹੌਰ : ਪਾਕਿਸਤਾਨ ਵਿਚ ਫਿਰ ਇਕ ਵਾਰ ਭਾਰਤੀ ਹਵਾਈ ਫੌਜ ਦੇ ਵਿੰਗ ਕਮਾਂਡਰ ਅਭਿਨੰਦਨ ਵਰਤਮਾਨ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਉਨ੍ਹਾਂ ਦੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਈ ਪੋਸਟਰ ਲਾਹੌਰ ਦੀਆਂ ਸੜਕਾਂ 'ਤੇ ਲੱਗੇ ਦਿਖੇ ਹਨ। ਇਨ੍ਹਾਂ ਪੋਸਟਰਾਂ ਦੇ ਜ਼ਰੀਏ ਨਵਾਜ਼ ਸ਼ਰੀਫ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ ਦੇ ਨੇਤਾ ਅਯਾਜ਼ ਸਾਦਿਕ 'ਤੇ ਨਿਸ਼ਾਨਾ ਵਿੰਨ੍ਹਿਆ ਗਿਆ ਹੈ। ਕਈ ਪੋਸਟਰਾਂ ਵਿਚ ਅਯਾਜ਼ ਸਾਦਿਕ ਨੂੰ ਕੌਮ ਦਾ ਗੱਦਾਰ ਦੱਸਦੇ ਹੋਏ ਮੀਰ ਜ਼ਾਫਰ ਨਾਲ ਤੁਲਨਾ ਕੀਤੀ ਗਈ ਹੈ। ਅਯਾਜ਼ ਸਾਦਿਕ ਨੇ ਹੀ ਪਾਕਿਸਤਾਨੀ ਸੰਸਦ ਵਿਚ ਅਭਿਨੰਦਨ ਦੀ ਰਿਹਾਈ ਨੂੰ ਲੈ ਕੇ ਇਮਰਾਨ ਖਾਨ ਸਰਕਾਰ ਦੀ ਪੋਲ ਖੋਲ੍ਹੀ ਸੀ।




**ਅਯਾਜ਼ ਸਾਦਿਕ ਦੇ ਹਲਕੇ 'ਚ ਲੱਗੇ ਪੋਸਟਰ**

ਅਯਾਜ਼ ਸਾਦਿਕ ਦੇ ਚੋਣ ਹਲਕੇ ਲਾਹੌਰ ਦੀਆਂ ਸੜਕਾਂ ਦੇ ਕੰਢੇ ਲੱਗੇ ਇਨ੍ਹਾਂ ਪੋਸਟਰਾਂ ਵਿਚ ਵਿੰਗ ਕਮਾਂਡਰ ਅਭਿਨੰਦਨ ਵਰਧਮਾਨ ਅਤੇ ਪੀ. ਐੱਮ. ਮੋਦੀ ਦੀਆਂ ਤਸਵੀਰਾਂ ਜਾਣ ਬੁੱਝ ਕੇ ਲਗਾਈਆਂ ਗਈਆਂ ਹਨ। ਇਸ ਵਿਚ ਉਰਦੂ ਵਿਚ ਪੀ. ਐੱਮ. ਐੱਲ-ਐੱਨ ਪਾਰਟੀ ਦੇ ਨੇਤਾ ਅਯਾਜ਼ ਸਾਦਿਕ ਨੂੰ ਦੇਸ਼ਧ੍ਰੋਹੀ ਕਰਾਰ ਦਿੱਤਾ ਗਿਆ ਹੈ। ਕੁਝ ਪੋਸਟਰਾਂ ਵਿਚ ਸਾਦਿਕ ਨੂੰ ਵਰਧਮਾਨ ਦੇ ਰੂਪ ਵਿਚ ਦਿਖਾਇਆ ਗਿਆ ਹੈ। ਕਈ ਪੋਸਟਰਾਂ ਵਿਚ ਉਨ੍ਹਾਂ ਨੂੰ ਭਾਰਤ ਦਾ ਸਮਰਥਕ ਵੀ ਕਰਾਰ ਦਿੱਤਾ ਗਿਆ ਹੈ।

# ਹਰਪ੍ਰੀਤ ਸਿੰਘ ਨੇ ਰਚਿਆ ਇਤਿਹਾਸ, ਬਣੀ ਇੰਡੀਅਨ ਏਅਰਲਾਇੰਸ ਵਿਚ ਪਹਿਲੀ ਮਹਿਲਾ ਸੀ.ਈ.ਓ.



ਨਵੀਂ ਦਿੱਲੀ : ਭਾਰਤੀ ਹਵਾਬਾਜ਼ੀ ਖੇਤਰ ਵਿਚ ਇਤਿਹਾਸ ਰਚਦੇ ਹੋਏ ਹਰਪ੍ਰੀਤ ਏ ਡੀ ਸਿੰਘ ਅਲਾਇੰਸ ਏਅਰ ਦੀ ਪਹਿਲੀ ਮਹਿਲਾ ਸੀਈਓ ਨਿਯੁਕਤ ਹੋਈ ਹੈ। ਸਰਕਾਰ ਨੇ ਹਰਪ੍ਰੀਤ ਏ ਡੀ ਸਿੰਘ ਨੂੰ ਏਅਰ ਇੰਡੀਆ ਦੀ ਸਹਾਇਕ ਅਲਾਇੰਸ ਏਅਰ ਦਾ ਸੀਈਓ ਨਿਯੁਕਤ ਕੀਤਾ ਹੈ। ਸਿੰਘ ਇਸ ਸਮੇਂ ਏਅਰ ਇੰਡੀਆ ਦੇ ਕਾਰਜਕਾਰੀ ਨਿਰਦੇਸ਼ਕ (ਫਲਾਈਟ ਸੇਫਟੀ) ਹਨ। ਏਆਈ ਦੇ ਸਭ ਤੋਂ ਸੀਨੀਅਰ ਕਮਾਂਡਰਾਂ ਵਿਚੋਂ ਇਕ, ਕਪਤਾਨ ਨਿਵੇਦਿਤਾ ਭਸੀਨ ਜੋ ਇਸ ਸਮੇਂ ਡ੍ਰੀਮਲਾਈਨਰ ਬੋਇੰਗ 787 ਚਲਾ ਰਹੀ ਹੈ, ਸਿੰਘ ਦੀ ਜਗ੍ਹਾ ਉਤੇ ਏਅਰ ਇੰਡੀਆ ਦੇ ਨਵੀਂ ਕਾਰਜਕਾਰੀ ਨਿਰਦੇਸ਼ਕ ਹੋਵੇਗੀ।

# ਤਿੱਬਤ 'ਚ ਪੈਸਿਆਂ ਦਾ ਲਾਲਚ ਦੇ ਕੇ ਚੀਨ ਵਧਾ ਰਿਹੈ ਆਪਣਾ ਦਬਦਬਾ, ਖ਼ਤਰੇ 'ਚ ਸਥਾਨਕ ਸੱਭਿਆਚਾਰ

ਤਿੱਬਤ : ਇਕ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਚੀਨ ਤਿੱਬਤ ਵਿਚ ਆਪਣੀ ਦਖ਼ਅੰਦਾਜ਼ੀ ਅਤੇ ਦਬਦਬਾ ਵਧਾ ਰਿਹਾ ਹੈ। ਰਿਪੋਰਟ ਮੁਤਾਬਕ ਚੀਨ ਤਿੱਬਤ ਦੇ ਲੋਕਾਂ ਨੂੰ ਵਿਕਾਸ ਅਤੇ ਸੰਪੂਰਨਤਾ ਦਾ ਲਾਲਚ ਦੇ ਕੇ ਬੋਧ ਧਰਮ ਦਾ ਪ੍ਰਭਾਵ ਘਟਾ ਰਿਹਾ ਹੈ। ਇਸ ਦੀ ਇਕ ਉਦਾਹਰਨ ਹੈ ਕਿ ਤਿੱਬਤ ਦੀ ਰਾਜਧਾਨੀ ਅਤੇ ਦੁਨੀਆ ਦੇ ਸਭ ਤੋਂ ਉੱਚੇ ਸ਼ਹਿਰਾਂ ਵਿਚੋਂ ਲਹਾਸਾ 'ਚ ਚੀਨੀ ਅਧਿਕਾਰੀਆਂ ਵਲੋਂ ਬਣਾਏ ਘਰ ਵਿਚ ਰਹਿ ਰਹੇ ਸੁੰਨਮਦਨ ਜਿਸਨੇ ਸਰਕਾਰੀ ਦੌਰੇ 'ਤੇ ਆਏ ਵਿਦੇਸ਼ੀ ਪੱਤਰਕਾਰਾਂ ਨੂੰ ਦੱਸਿਆ ਕਿ ਚੀਨ ਦੀ ਕਮਿਊਨਿਸਟ ਪਾਰਟੀ ਨੇ ਉਸਦੇ ਜੀਵਨ ਵਿਚ ਕਿੰਨਾ ਸੁਧਾਰ ਕੀਤਾ ਹੈ। ਦੋ ਬੱਚਿਆਂ ਦੇ ਪਿਤਾ 42 ਸਾਲ ਦੇ ਸੁੰਨਮਦਨ ਨੇ ਕਿਹਾ, 'ਮੈਂ ਕਦੇ ਸਪਨੇ ਵਿਚ ਵੀ ਨਹੀਂ ਸੋਚ ਸਕਦਾ ਸੀ ਕਿ ਚੀਨ ਸਰਕਾਰ ਦੀ ਸਹਾਇਤਾ ਨਾਲ ਮੇਰਾ ਜੀਵਨ ਵਧੀਆ ਹੋਵੇਗਾ।' ਤਿੱਬਤ ਦੇ 85 ਸਾਲ ਅਧਿਆਤਮਕ ਨੇਤਾ ਦਲਾਈ ਲਾਮਾ ਬਾਰੇ ਪੁੱਛੇ ਜਾਣ 'ਤੇ ਸੁੰਨਮਦਨ ਨੇ ਕਿਹਾ, 'ਮੈਂ ਉਨ੍ਹਾਂ ਨੂੰ ਕਦੀ ਨਹੀਂ ਮਿਲਿਆ ਅਤੇ ਉਨ੍ਹਾਂ ਬਾਰੇ ਕੁਝ ਨਹੀਂ ਜਾਣਦਾ।' ਉਸ ਨੂੰ ਪੁੱਛਿਆ ਕਿ ਤਿੱਬਤ ਵਿਚ ਬੋਧ ਧਰਮ ਤਿੱਬਤੀ ਸੱਭਿਆਚਾਰ ਦੀ ਨੀਂਹ ਰਿਹਾ ਹੈ, ਪਰ ਉਸਨੇ ਕਿਹਾ ਕਿ ਮੈਂ ਆਪਣਾ ਜ਼ਿਆਦਾਤਰ ਸਮਾਂ ਕੰਮ 'ਤੇ ਅਤੇ ਜੀਵਨ ਦਾ ਗੁਜ਼ਾਰਾ ਕਰਨ ਵਿਚ ਲਗਾਉਂਦਾ ਹਾਂ। ਮੇਰੇ ਕੋਲ ਧਰਮ 'ਤੇ ਖਰਚ ਕਰਨ ਲਈ ਸਮਾਂ ਨਹੀਂ ਹੈ।'ਸਭ ਤੋਂ ਵੱਡੀ ਗੱਲ ਇਹ ਸੀ ਕਿ ਸੁੰਨਮਦਨ ਨੇ ਆਪਣੇ ਲਿਵਿੰਗ ਰੂਮ ਵਿਚ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਫੋਟੋ ਲਗਾਈ ਹੋਈ ਹੈ। ਇਸ ਬਾਰੇ ਪੁੱਛਣ 'ਤੇ ਕਿ ਉਸਨੂੰ ਪੁੱਛਣ 'ਤੇ ਕਿ ਉਸਨੇ ਆਪਣੇ ਲਿਵਿੰਗ ਰੂਮ ਵਿਚ ਇਹ ਫੋਟੋ ਕਿਉਂ ਲਗਾਈ ਹੈ ਤਾਂ ਉਸਨੇ ਕਿਹਾ ਕਿ ਇਸ ਵਿਚ ਕਿਹੜੀ ਵੱਡੀ ਗੱਲ ਹੈ।' ਇਸ ਰਿਪੋਰਟ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਤਿੱਬਤ ਵਿਚ ਚੀਨੀ ਦਾ ਦਬਦਬਾ ਕਿਸ ਹੱਦ ਤੱਕ ਪੈਰ ਪਸਾਰ ਚੁੱਕਾ ਹੈ ਅਤੇ ਤਿੱਬਤ ਦੀ ਭਾਸ਼ਾ, ਸੱਭਿਆਚਾਰ, ਧਰਮ ਅਤੇ ਪਰੰਪਰਾ ਸਭ ਚੀਨ ਦੇ ਨਿਸ਼ਾਨੇ 'ਤੇ ਹੈ। ਜ਼ਿਆਦਾ ਤੋਂ ਜ਼ਿਆਦਾ ਚੀਨੀਆਂ ਨੂੰ ਉਥੇ ਵਸਾ ਕੇ ਉਥੋਂ ਦੀ ਡੈਮੋਗ੍ਰਾਫੀ ਨੂੰ ਬਦਲ ਦਿੱਤਾ ਗਿਆ ਹੈ।



# ਬਰੈਂਪਟਨ ਵਿਖੇ ਕੋਰੋਨਾ ਰਿਜਲਟਾ ਦੇ ਪੋਜ਼ੀਟਿਵ ਆਉਣ ਦੀ ਦਰ 10 ਪ੍ਰਤੀਸ਼ਤ ਤੱਕ ਪਹੁੰਚੀ

ਨਿਊਯਾਰਕ/ ਬਰਪੈਂਟਨ (ਰਾਜ ਗੋਗਨਾ/ ਕੁਲਤਰਨ ਪਧਿਆਣਾ )—ਕੈਨੇਡਾ ਬਰੈਂਪਟਨ ਵਿਚ ਅਕਤੂਬਰ ਦੇ ਅਖੀਰ ਵਿਚ ਕੋਵੀਡ -19 ਟੈਸਟਾ ਦੇ ਨਤੀਜੇ ਪੋਜ਼ੀਟਿਵ ਆਉਣ ਦੀ ਦਰ 10 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ, ਜੋਕਿ ਗਵਾਂਢੀ ਸਹਿਰ ਮਿਸੀਸਾਗਾ ਨਾਲੋਂ ਦੁੱਗਣੀ ਹੈ, ਇਹ ਰੁਝਾਨ ਸੰਕੇਤ ਕਰ ਰਿਹਾਂ ਹੈ ਕਿ ਬਰੈਂਪਟਨ ਵਿਖੇ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਵਧੇਰੇ ਟੈਸਟਾਂ ਦੀ ਜ਼ਰੂਰਤ ਹੈ।18 ਅਕਤੂਬਰ ਤੋਂ 24 ਅਕਤੂਬਰ ਦੇ ਹਫ਼ਤੇ ਦੌਰਾਨ, ਬਰੈਂਪਟਨ ਵਿੱਚ ਟੈਸਟ ਪਾਜ਼ੀਟਿਵਟੀ ਦਰ 9.6 ਫੀਸਦੀ ਦਰਜ ਕੀਤੀ ਗਈ ਹੈ, ਜਦੋਂ ਕਿ ਮਿਸੀਸਾਗਾ ਵਿੱਚ 4.4 ਫੀਸਦੀ ਅਤੇ ਕੈਲੇਡਨ ਵਿੱਚ 6.6 ਫੀਸਦੀ ਦਰਜ ਕੀਤੀ ਗਈ ਸੀ। ਲੰਘੇ ਸ਼ਨੀਵਾਰ ਪੀਲ ਰੀਜਨ ਵਿੱਚ 3OV94-19 ਦੇ 258 ਨਵੇਂ ਕੇਸ ਦਰਜ ਕੀਤੇ ਗਏ ਸਨ ਉਨ੍ਹਾਂ ਵਿਚੋਂ 199 ਕੇਵਲ ਬਰੈਂਪਟਨ ਤੋਂ ਸਨ।

**ਨਵੰਬਰ 84 ਤੇ ਵਿਸ਼ੇਸ਼**

# ਕਦੋਂ ਬਣੇਗੀ ਹੋਂਦ ਚਿੱਲੜ 'ਚ ਸਿੱਖ ਜੈਨੋਸਾਈਟ ਨਾਮ ਦੀ ਸ਼ਹੀਦੀ ਯਾਦਗਾਰ ?

## ਆਗੂਆਂ ਦੀਆਂ ਆਪਸੀ ਖੁਦਗਰਜ਼ੀਆ ਸਦਕਾ ਸ਼ਹੀਦੀ ਯਾਦਗਾਰ ਬਣਾਉਣ ਦਾ ਕਾਰਜ ਸੰਪੂਰਨ ਨਾ ਹੋ ਸਕਿਆ





ਫਾਈਲ ਤਸਵੀਰਾਂ - ਸਿੱਖ ਨਸਲਕੁਸ਼ੀ ਦੇ ਜਿਊਂਦੇ ਜਾਗਦੇ ਸਬੂਤ ਪਿੰਡ ਹੋਂਦ ਚਿੱਲੜ ਜਿਲਾ ਰਵਾੜੀ (ਹਰਿਆਣਾ) ਦੀ ਖੰਡਰਨੁਮਾ ਇਮਾਰਤ ਦੀ ਤਸਵੀਰ ਅਤੇ ਉਕਤ ਸਥਾਨ ਤੇ ਉਸਾਰੀ ਜਾਣ ਵਾਲੀ ਸਿੱਖ ਜੈਨੋਸਾਈਟ ਨਾਮ ਦੀ ਸ਼ਹੀਦੀ ਯਾਦਗਾਰ ਬਣਾਉਣ ਦਾ ਪੱਥਰ ਲਗਾ ਕੇ ਐਲਾਨ ਕਰਦੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ ਗਿਆਨੀ ਗੁਰਬਚਨ ਸਿੰਘ

ਲੁਧਿਆਣਾ (ਆਰ.ਐਸ.ਖਾਲਸਾ) ਸਿੱਖ ਨਸਲਕੁਸ਼ੀ ਦਾ ਜਿਊਂਦੇ ਜਾਗਦੇ ਸਬੂਤ ਵੱਜੋਂ ਜਾਣੇ ਜਾਂਦੇ ਪਿੰਡ ਹੋਂਦ ਚਿੱਲੜ ਜਿਲਾ ਰਿਵਾੜੀ (ਹਰਿਆਣਾ) ਦਾ ਖੌਫਨਾਕ ਕਾਂਡ ਜਿੱਥੇ ਦੇਸ਼ ਦੀ ਕਾਨੂੰਨੀ ਨਿਆਂ ਪ੍ਰਣਾਲੀ, ਲੋਕਤਾਂਤਰਿਕ ਢਾਂਚੇ ਤੇ ਸਿਆਸੀ ਆਗੂਆਂ ਦੇ ਕਿਰਦਾਰ ਉਪਰ ਸਵਾਲੀਆ ਨਿਸ਼ਾਨ ਲਗਾਉਂਦਾ ਹੋਇਆ ਨਜ਼ਰ ਆਉਂਦਾ ਹੈ, ਉਥੇ ਨਾਲ ਹੀ ਭਿਆਨਕ ਕਾਂਡ ਦੇ ਦਰਦ ਨੂੰ ਸਦੀਵੀ ਤੌਰ ਤੇ ਬਰਕਾਰ ਰੱਖਣ ਦੇ ਮਨੋਰਥ ਨਾਲ 37 ਸਾਲਾਂ ਬਾਅਦ ਵੀ ਉਸਾਰੀ ਜਾਣ ਵਾਲੀ ਸਿੱਖ ਜੈਨੋਸਾਈਟ ਨਾਮ ਦੀ ਸ਼ਹੀਦੀ ਯਾਦਗਾਰ ਦਾ ਨਾ ਬਣਨਾ ਵੀ ਸਮੁੱਚੀ ਸਿੱਖ ਕੌਮ ਲਈ ਇੱਕ ਵੱਡੀ ਮਾਯੂਸੀ ਦਾ ਕਾਰਨ ਬਣ ਚੁੱਕਾ ਹੈ। ਜ਼ਿਕਰਯੋਗ ਹੈ ਕਿ 2 ਨਵੰਬਰ 1984 ਨੂੰ ਪਿੰਡ ਹੋਂਦ ਚਿੱਲੜ (ਹਰਿਆਣਾ) ਵਿਖੇ ਵਾਪਰੇ ਸਿੱਖ ਨਸਲਕੁਸ਼ੀ ਦੇ ਕਾਂਡ ਦੌਰਾਨ ਮਾਰੇ ਗਏ ਬੇਕਸੂਰ ਵਿਅਕਤੀਆਂ ਦੀ ਯਾਦ ਨੂੰ ਸਦੀਵੀਂ ਤੌਰ ਤੇ ਕਾਇਮ ਰੱਖਣ ਅਤੇ ਸਮੁੱਚੀ ਮਨੁੱਖਤਾ ਨੂੰ ਆਪਸੀ ਵੈਰ ਵਿਰੋਧ ਤੇ ਨਫਰਤ ਦੀ ਰਾਜਨੀਤੀ ਤੋਂ ਉਪਰ ਉਠ ਕੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਰਬ ਸਾਂਝੀ ਵਾਲਤਾ ਦਾ ਸੰਦੇਸ਼ ਦੇਣ ਦੇ ਮਨੋਰਥ ਨਾਲ ਉਕਤ ਸਥਾਨ (ਪਿੰਡ ਹੋਂਦ ਚਿੱਲੜ) ਵਿਖੇ 6 ਮਾਰਚ 2011 ਨੂੰ ਆਯੋਜਿਤ ਕੀਤੇ ਗਏ ਇੱਕ ਅਰਦਾਸ ਸਮਾਗਮ ਦੌਰਾਨ ਸਿੱਖਸ ਫਾਰ ਜਸਟਿਸ ਜੱਥੇਬੰਦੀ ਦੇ ਵੱਲੋਂ ਸਿੱਖ ਜੈਨੋਸਾਈਟ ਨਾਮ ਦੀ ਸ਼ਹੀਦੀ ਯਾਦਗਾਰ ਬਣਾਉਣ ਦਾ ਰਸਮੀ ਤੌਰ ਤੇ ਐਲਾਨ ਕੀਤਾ ਗਿਆ ਸੀ ਅਤੇ ਜਿਸ ਦਾ ਪੱਥਰ ਉਸ ਵੇਲੇ ਦੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਮੁੱਖ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਲਾਇਆ ਗਿਆ ਸੀ । ਇਸ ਦੌਰਾਨ ਵੱਖ-ਵੱਖ ਸਿੱਖ ਜੱਥੇਬੰਦੀਆਂ ਦੇ ਆਗੂਆਂ ਵੱਲੋਂ ਸ਼ਹੀਦੀ ਯਾਦਗਾਰ ਨੂੰ ਬਣਾਉਣ ਦੇ ਲਈ ਆਪਣੇ ਤੌਰ ਤੇ ਆਰਥਿਕ ਸਹਾਇਤਾ ਦੇਣ ਦਾ ਐਲਾਨ ਬੜੇ ਗੱਜ ਵੱਜ ਕੇ ਕੀਤਾ ਗਿਆ ਸੀ । ਪਰ ਸਮੇਂ ਦੇ ਚੱਲਦੇ ਚੱਕਰ ਅਨੁਸਾਰ ਸਿੱਖ ਜੈਨੋਸਾਈਟ ਨਾਮ ਦੀ ਸ਼ਹੀਦੀ ਯਾਦਗਾਰ ਕੇਵਲ ਪੱਥਰ ਲਗਾਉਣ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਤੇ ਦੂਜੇ ਪਾਸੇ ਇਲਾਕੇ ਅੰਦਰ ਸਿੱਖ ਵਸੋਂ ਨਾ ਹੋਣ ਸਦਕਾ ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਉਕਤ ਯਾਦਗਾਰ ਦੇ ਪੱਥਰ ਨੂੰ ਵੀ ਤੋੜ ਦਿੱਤਾ ਗਿਆ । ਇਸ ਦੌਰਾਨ ਨਵੰਬਰ 2012 ਵਿੱਚ ਮੁੜ ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਪ੍ਰਮੁੱਖ ਆਗੂ ਇੰਜੀ: ਮਨਵਿੰਦਰ ਸਿੰਘ ਗਿਆਸਪੁਰਾ ਤੇ ਕਰਨੈਲ ਸਿੰਘ ਪੀਰ ਮੁਹੰਮਦ ਵੱਲੋਂ ਆਪਣੇ ਤੌਰ ਤੇ ਯਾਦਗਾਰ ਕਾਇਮ ਕਰਨ ਦਾ ਬੀੜਾ ਚੁੱਕਿਆ ਗਿਆ ਅਤੇ ਸ਼ਹੀਦੀ ਯਾਦਗਾਰ (ਜਿਸ ਵਿੱਚ ਸ਼ਰਾਰਤੀ ਅਨਸਰਾਂ ਵੱਲੋਂ ਸਾੜੇ ਗਏ ਖੰਡਰ ਰੂਪੀ ਘਰਾਂ ਨੂੰ ਉਸੇ ਹਾਲਤ ਵਿੱਚ ਕਾਇਮ ਰੱਖ ਕੇ ਵਿਰਾਸਤੀ ਰੂਪ ਦੇਣ ਤੇ ਇੱਕ ਮਨੁੱਖਤਾ ਦੇ ਭਲੇ ਲਈ ਹਸਪਤਾਲ ਦਾ ਨਿਰਮਾਣ ਕਰਨਾ ਸ਼ਾਮਲ ਸੀ) ਦਾ ਨੀਂਹ ਪੱਥਰ ਆਪਣੇ ਤੌਰ ਤੇ ਰੱਖਿਆ ਗਿਆ ਸੀ । ਪਰ ਇਹ ਯਤਨ ਵੀ ਆਪਸੀ ਖੁਦਗਰਜ਼ੀਆਂ ਤੇ ਚੌਧਰਾਂ ਦੀ ਦੋੜ ਸਦਕਾ ਸਿਰੇ ਨਾ ਲੱਗ ਸਕਿਆ ਤੇ ਸ਼ਹੀਦੀ ਯਾਦਗਾਰ ਬਣਾਉਣ ਦਾ ਸੁਪਨਾ ਕੇਵਲ ਇੱਕ ਸੁਪਨਾ ਬਣ ਕੇ ਹੀ ਰਹਿ ਗਿਆ । ਜਿਸਦਾ ਦਰਦ ਉਕਤ ਭਿਆਨਕ ਕਾਂਡ ਨਾਲ ਪੀੜਤ ਪਰਿਵਾਰਾਂ ਦੇ ਬਚੇ ਹੋਏ ਮੈਂਬਰਾਂ ਅਤੇ ਕੌਮ ਦੇ ਵਾਰਸਾਂ ਨੂੰ ਲਗਾਤਾਰ ਸਤਾ ਰਿਹਾ ਹੈ । ਗੌਰਤਲਬ ਹੈ ਕਿ ਉਕਤ ਸ਼ਹੀਦੀ ਯਾਦਗਾਰ ਨੂੰ ਬਣਾਉਣ ਦੇ ਲਈ ਪਿਛਲੇ ਸਮੇਂ ਦੌਰਾਨ ਵੱਖ ਵੱਖ ਸਿੱਖ ਜੱਥੇਬੰਦੀਆਂ ਅਤੇ ਕੌਮ ਦੇ ਵਾਰਸਾਂ ਨੇ ਉਸ ਵੇਲੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਅਵਤਾਰ ਸਿੰਘ ਮੱਕੜ ਨੂੰ ਕਈ ਲਿਖਤੀ ਮੰਗ ਪੱਤਰ ਸੌਂਪ ਕੇ ਜ਼ੋਰਦਾਰ ਬੇਨਤੀ ਕੀਤੀ ਕਿ ਸਿੱਖ ਜੈਨੋਸਾਈਟ ਨਾਮ ਦੇ ਸ਼ਹੀਦੀ ਸਮਾਰਕ ਨੂੰ ਸ਼੍ਰੋਮਣੀ ਕਮੇਟੀ ਆਪਣੇ ਤੌਰ ਤੇ ਮੁਕੰਮਲ ਕਰਵਾਵੇ ਤਾਂ ਕਿ ਆਉਣ ਵਾਲੀਆਂ ਨਸਲਾਂ ਸਿੱਖ ਨਸਲਕੁਸ਼ੀ ਦੇ ਜਿਉਂਦੇ ਜਾਗਦੇ ਸਬੂਤ ਨੂੰ ਨੇੜਿਓਂ ਹੋ ਕੇ ਦੇਖ ਸਕਣ। ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਇੰਨੇ ਸਾਲ ਬੀਤ ਜਾਣ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਿਛਲੇ ਅਤੇ ਮੌਜੂਦਾ ਪ੍ਰਧਾਨ ਨੇ ਉਕਤ ਯਾਦਗਾਰ ਨੂੰ ਮੁੰਕਮਲ ਕਰਵਾਉਣ ਦੇ ਵਿੱਚ ਆਪਣੀ ਕੋਈ ਵਿਸ਼ੇਸ਼ ਦਿਲਚਸਪੀ ਨਹੀਂ ਦਿਖਾਈ। ਜਿਸ ਦੀ ਬਦੌਲਤ ਅੱਜ ਨਵੰਬਰ 84 ਵਿੱਚ ਹੋਏ ਸਿੱਖ ਨਸਲਕੁਸ਼ੀ ਦੇ ਜਿਉਂਦੇ ਜਾਗਦੇ ਸਬੂਤ ਪਿੰਡ ਹੋਂਦ ਚਿੱਲੜ ਦੀ ਖੰਡਰਨੁਮਾ ਇਮਾਰਤ ਲਗਾਤਾਰ ਹੋਰ ਖੇਰੂ ਖੇਰੂ ਹੋ ਰਹੀ ਹੈ । ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਪੰਥ ਦੀ ਸਿਰਮੌਰ ਜੱਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਆਪਣੀਆਂ ਨਿੱਜੀ ਖੁਦਗਰਜ਼ੀਆ ਵਿੱਚ ਉਲਝੇ ਹੋਏ ਕੌਮ ਦੇ ਆਗੂ ਸ਼ਹੀਦੀ ਯਾਦਗਾਰ ਨੂੰ ਬਣਾਉਣ ਦਾ ਸੁਪਨਾ ਸਾਕਾਰ ਕਰਦੇ ਹਨ ਜਾਂ ਬਿਆਨ ਬਾਜ਼ੀਆ ਤੱਕ ਹੀ ਸੀਮਿਤ ਰਹਿਣਗੇ ?

## ਅਮਰੀਕਾ ਦੇ ਸੂਬੇ ਜੌਰਜੀਆ ਚ' ਇਕ ਭਾਰਤੀ ਮੂਲ ਦੇ ਸਟੋਰ ਮਾਲਿਕ ਦੀ ਚਾਕੂ ਮਾਰ ਕੇ ਕਤਲ



ਨਿਊਯਾਰਕ/ ਜੋਰਜੀਆ ( ਰਾਜ ਗੋਗਨਾ )—ਬੀਤੀ ਰਾਤ ਅਮਰੀਕਾ ਦੇ ਸੂਬੇ ਜਾਰਜੀਆ 'ਚ ਰਹਿ ਰਹੇ ਇਕ 37 ਸਾਲਾ ਭਾਰਤੀ ਮੂਲ ਦੇ ਵਿਅਕਤੀ ਦਾ ਚਾਕੂ ਮਾਰ ਕੇ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਭਾਰਤੀ ਦਾ ਨਾਂ ਮੁਹੰਮਦ ਆਰਿਫ ਮੋਹੀਊਦੀਨ ਹੈ।ਜਿਸ ਦਾ ਭਾਰਤ ਤੋ ਪਿਛੋਕੜ ਸੂਬੇ ਆਧਰਾ ਪ੍ਰਦੇਸ਼ ਦੇ ਇਲਾਕੇ ਚੰਚਲਗੁਡਾ ਹੈਦਾਰਾਬਦ ਸੀ। ਜਾਣਕਾਰੀ ਅਨੁਸਾਰ ਮੁਹੰਮਦ ਆਰਿਫ ਦੇ ਸਰੀਰ 'ਤੇ ਹਮਲਾਵਰਾਂ ਵਲੋਂ ਚਾਕੂ ਨਾਲ ਕਈ ਵਾਰ ਕੀਤੇ ਗਏ ਸਨ।ਅਤੇ ਉਸ ਦੀ ਲਾਸ਼ ਉਸ ਦੇ ਘਰ ਦੇ ਬਾਹਰ ਪਈ ਮਿਲੀ ਸੀ। ਹਮਲਾਵਰਾਂ ਵਲੋਂ ਇਸ ਘਟਨਾ ਨੂੰ ਅੰਜ਼ਾਮ ਲੰਘੇ ਐਤਵਾਰ ਰਾਤ ਨੂੰ ਦਿੱਤਾ ਗਿਆ। ਮ੍ਰਿਤਕ ਮੁਹੰਮਦ ਪਿਛਲੇ 10 ਸਾਲਾਂ ਤੋਂ ਇਕ ਸਪੈਨਿਸ ਮੂਲ ਦੇ ਸਟੋਰ ਪਾਰਟਨਰ ਨਾਲ ਜਾਰਜੀਆ 'ਚ ਗਰੋਸਰੀ ਦਾ ਸਟੋਰ ਚੱਲਾ ਰਿਹਾ ਸੀ।ਕਾਤਲਾਂ ਦੀ ਅਜੇ ਪਹਿਚਾਣ ਨਹੀਂ ਹੋ ਸਕੀ ਪਰ ਪੁਲਿਸ ਨੇ ਇਸ ਘਟਨਾ ਦੀ ਸੀ.ਸੀ.ਟੀ.ਵੀ.ਫੁਟੇਜ 'ਚ ਗਰੋਸਰੀ ਸਟੋਰ ਵਿੱਚ ਹਮਲਾਵਰਾਂ ਨਾਲ ਇਕ ਸਟੋਰ ਦਾ ਮੁਲਾਜਮ ਵੀ ਨਜ਼ਰ ਆ ਰਿਹਾ ਹੈ।

## ਆਸਟ੍ਰੇਲੀਆ ਦੇ ਰੋਸ ਜਤਾਉਣ ਮਗਰੋਂ ਕਤਰ ਨੇ ਯਾਤਰੀ ਬੀਬੀਆਂ ਦੇ ਕੱਪੜੇ ਲੁਹਾ ਕੇ ਜਾਂਚ 'ਤੇ ਮੰਗੀ ਮੁਆਫੀ




ਦੋਹਾ/ਸਿਡਨੀ : ਕਤਰ ਨੇ ਆਪਣੇ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਯਾਤਰੀ ਬੀਬੀਆਂ ਦੀ ਇਤਰਾਜ਼ਯੋਗ ਤਰੀਕੇ ਨਾਲ ਕੀਤੀ ਗਈ ਜਾਂਚ ਮਾਮਲੇ ਵਿਚ ਮੁਆਫੀ ਮੰਗੀ ਹੈ। ਮਾਮਲਾ 2 ਅਕਤੂਬਰ ਦਾ ਹੈ। ਦੋਹਾ ਸਥਿਤ ਇਕ ਹਵਾਈ ਅੱਡੇ 'ਤੇ ਇਕ ਨਵਜੰਮੀ ਬੱਚੀ ਕੂੜੇ ਦੇ ਡੱਬੇ ਵਿਚ ਮਿਲੀ ਸੀ। ਇਸ ਦੇ ਬਾਅਦ ਹਵਾਈ ਅੱਡੇ 'ਤੇ ਮੌਜੂਦ ਕਈ ਬੀਬੀਆਂ ਦੀ ਇਹ ਦੇਖਣ ਦੇ ਲਈ ਜਾਂਚ ਕੀਤੀ ਗਈ ਕਿ ਕਿਤੇ ਉਹਨਾਂ ਵਿਚੋਂ ਕਿਸੇ ਨੇ ਬੱਚੀ ਨੂੰ ਜਨਮ ਤਾਂ ਨਹੀਂ ਦਿੱਤਾ ਹੈ। ਦੋਸ਼ ਹੈ ਕਿ ਬੀਬੀਆਂ ਦੇ ਕੱਪੜੇ ਲੁਹਾਏ ਗਏ ਅਤੇ 10 ਉਡਾਣਾਂ ਦੀਆਂ ਯਾਤਰੀ ਬੀਬੀਆਂ ਨੂੰ ਇਸ ਜਾਂਚ ਪ੍ਰਕਿਰਿਆ ਵਿਚੋਂ ਲੰਘਣਾ ਪਿਆ। ਆਸਟ੍ਰੇਲੀਆਈ ਸਰਕਾਰ ਦਾ ਕਹਿਣਾ ਹੈ ਕਿ ਇਹਨਾਂ ਵਿਦੇਸ਼ੀ ਬੀਬੀਆਂ ਵਿਚ ਘੱਟੋ-ਘੱਟ 18 ਆਸਟ੍ਰੇਲੀਆ ਦੀ ਨਾਗਰਿਕ ਸਨ। ਆਸਟ੍ਰੇਲੀਆਈ ਮੀਡੀਆ ਨੇ ਇਸ ਤੋਂ ਪਹਿਲਾਂ ਆਪਣੀ ਰਿਪੋਰਟ ਕੀਤੀ ਸੀ ਕਿ ਦੋਹਾ ਤੋਂ ਸਿਡਨੀ ਜਾ ਰਹੀ ਇਕ ਫਲਾਈਟ ਵਿਚ ਸਵਾਰ ਸਾਰੀਆਂ ਬਾਲਗ ਯਾਤਰੀ ਬੀਬੀਆਂ ਨੂੰ ਫਲਾਈਟ ਤੋਂ ਉਤਰਨ ਦਾ ਆਦੇਸ਼ ਦਿੱਤਾ ਗਿਆ ਸੀ। ਉਹਨਾਂ ਨੂੰ ਇਕ ਐਂਬੁਲੈਂਸ ਵਿਚ ਲਿਜਾਇਆ ਗਿਆ ਅਤੇ ਜਾਂਚ ਤੋਂ ਪਹਿਲਾਂ ਸਾਰੇ ਕੱਪੜੇ ਉਤਾਰਨ ਲਈ ਕਿਹਾ ਗਿਆ। ਇੱਥੋਂ ਤੱਕ ਕਿ ਅੰਡਰਗਾਰਮੈਂਟਸ ਵੀ। ਚਸ਼ਮਦੀਦਾਂ ਦੇ ਮੁਤਾਬਕ, ਬਾਅਦ ਵਿਚ ਕਈ ਬੀਬੀਆਂ ਦੁਖੀ ਦਿਸੀਆਂ ਅਤੇ ਆਸਟ੍ਰੇਲੀਆ ਸਰਕਾਰ ਨੇ ਉਹਨਾਂ ਨੂੰ ਹੈਲਥ ਸਪੋਰਟ ਦਿੱਤਾ।\ ਕਤਰ ਸਰਕਾਰ ਦੀ ਵੈਬਸਾਈਟ 'ਤੇ ਇਕ ਬਿਆਨ ਜਾਰੀ ਕਰ ਕੇ ਇਹਨਾਂ ਯਾਤਰੀ ਬੀਬੀਆਂ ਨੂੰ ਹੋਈ ਪਰੇਸ਼ਾਨੀ ਦੇ ਲਈ ਅਫਸੋਸ ਜ਼ਾਹਰ ਕੀਤਾ ਗਿਆ ਹੈ। ਸਰਕਾਰ ਨੇ ਦੱਸਿਆ,''ਬੱਚੀ ਇਕ ਪਲਾਸਟਿਕ ਬੈਗ ਵਿਚ ਮਿਲੀ ਸੀ ਅਤੇ ਉਹ ਕੂੜੇ ਦੇ ਹੇਠਾਂ ਦੱਬੀ ਹੋਈ ਸੀ। ਇਸ ਲਈ ਉਸ ਦੇ ਮਾਤਾ-ਪਿਤਾ ਨੂੰ ਤੁਰੰਤ ਲੱਭਣਾ ਸ਼ੁਰੂ ਕਰ ਦਿੱਤਾ ਗਿਆ। ਨਵਜੰਮੀ ਬੱਚੀ ਜਿੱਥੋਂ ਮਿਲੀ ਸੀ ਉਸ ਦੇ ਆਲੇ-ਦੁਆਲੇ ਦੀਆਂ ਉਡਾਣਾਂ ਵਿਚ ਵੀ ਤਲਾਸ਼ੀ ਲਈ ਗਈ।'' ਬਿਆਨ ਵਿਚ ਕਿਹਾ ਗਿਆ,''ਤੁਰੰਤ ਤਲਾਸ਼ੀ ਲੈਣ ਦਾ ਫ਼ੈਸਲਾ ਇਸ ਲਈ ਲਿਆ ਗਿਆ ਤਾਂ ਜੋ ਇਸ ਭਿਆਨਕ ਅਪਰਾਧ ਦੇ ਦੋਸ਼ੀਆਂ ਨੂੰ ਭੱਜਣ ਤੋਂ ਰੋਕਿਆ ਜਾ ਸਕੇ। ਕਤਰ ਇਸ ਕਾਰਵਾਈ ਨਾਲ ਕਿਸੇ ਯਾਤਰੀ ਦੀ ਨਿੱਜੀ ਆਜ਼ਾਦੀ ਦੀ ਉਲੰਘਣਾ 'ਤੇ ਅਫਸੋਸ ਪ੍ਰਗਟ ਕਰਦਾ ਹੈ।'' ਕਤਰ ਸਰਕਾਰ ਨੇ ਦੱਸਿਆ ਕਿ ਬੱਚੀ ਹੁਣ ਸਿਹਤਮੰਦ ਅਤੇ ਸੁਰੱਖਿਅਤ ਹੈ। ਸਰਕਾਰ ਨੇ ਇਸ ਘਟਨਾ ਦੀ ਵਿਆਪਕ ਅਤੇ ਪਾਰਦਰਸ਼ੀ ਜਾਂਚ ਦੇ ਨਿਰਦੇਸ਼ ਦਿੱਤੇ ਹਨ ਅਤੇ ਕਿਹਾ ਹੈ ਕਿ ਜਾਂਚ ਦੇ ਨਤੀਜੇ ਦੂਜੇ ਦੇਸ਼ਾਂ ਦੇ ਨਾਲ ਸਾਂਝੇ ਕੀਤੇ ਜਾਣਗੇ। ਭਾਵੇਂਕਿ ਹਾਲੇ ਇਹ ਪਤਾ ਨਹੀਂ ਚੱਲ ਪਾਇਆ ਹੈ ਕਿ ਜਾਂਚ ਵਿਚੋਂ ਲੰਘਣ ਵਾਲਿਆਂ ਵਿਚ ਆਸਟ੍ਰੇਲੀਆ ਦੇ ਇਲਾਵਾ ਹੋਰ ਕਿਹੜੇ ਦੇਸ਼ਾਂ ਦੀਆਂ ਬੀਬੀਆਂ ਸਨ।

# 'ਨਵਜੋਤ ਸਿੱਧੂ' ਦੀ ਕੈਬਨਿਟ 'ਚ ਹੋਵੇਗੀ ਵਾਪਸੀ !

## ਪੁਰਾਣਾ ਮਹਿਕਮਾ ਮਿਲਣ ਦੀਆਂ ਚਰਚਾਵਾਂ ਨੇ ਫੜ੍ਹਿਆ ਜ਼ੋਰ

ਜ਼ੀਰਕਪੁਰ, : ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਾਂਗਰਸ ਦੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨਾਲ ਅਪਣਾ ਵਤੀਰਾ ਨਰਮ ਕਰਨ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਉੱਥੇ ਹੀ ਕਾਂਗਰਸ ਹਾਈਕਮਾਂਡ ਵੱਲੋਂ ਪੰਜਾਬ ਕਾਂਗਰਸ 'ਚ ਚੱਲ ਰਹੇ ਆਪਸੀ ਖਿੱਚੋਤਾਣ ਦੇ ਰਿਸ਼ਤਿਆਂ 'ਚ ਸਥਿਰਤਾ ਲਿਆਉਣ ਲਈ ਭਰਪੂਰ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ।

ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਮਨਾਉਣ 'ਚ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਸਫ਼ਲ ਹੋ ਰਹੇ ਹਨ। ਆਉਣ ਵਾਲੀਆਂ ਨਗਰ ਕੌਂਸਲ ਅਤੇ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਪੰਜਾਬ ਕਾਂਗਰਸ 'ਚ ਕਾਂਗਰਸੀ ਆਗੂਆਂ ਦੇ ਆਪਸੀ ਕਲੇਸ਼ ਨੂੰ ਖ਼ਤਮ ਕਰਨ ਲਈ ਯਤਨ ਸ਼ੁਰੂ ਹੋ ਗਏ ਹਨ ਅਤੇ ਨਾਲ ਹੀ ਕਾਂਗਰਸ ਦੇ ਸੀਨੀਅਰ ਕਾਂਗਰਸੀ ਆਗੂਆਂ ਵੱਲੋਂ ਸਿੱਧੂ ਦੀ ਨਾਰਾਜ਼ਗੀ ਨੂੰ ਦੂਰ ਕਰਨ ਦੀਆਂ ਕੋਸ਼ਿਸ਼ਾਂ ਵੀ ਸਫਲ ਹੋਣੀਆਂ ਸ਼ੁਰੂ ਹੋ ਗਈਆਂ ਹਨ।



ਸਥਾਨਕ ਸਰਕਾਰਾਂ ਮਹਿਕਮੇ ਦੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਮੰਤਰੀ ਮੰਡਲ ਦੇ ਵਿਸਥਾਰ ਦੌਰਾਨ ਮਹਿਕਮਾ ਬਦਲ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੇ ਬਿਜਲੀ ਮਹਿਕਮੇ ਦੇ ਅਹੁਦੇ ਨੂੰ ਨਾ ਸੰਭਾਲ ਕੇ ਆਪਣੀ ਸਖ਼ਤ ਨਾਰਾਜ਼ਗੀ ਦਰਜ ਕਰਵਾਈ ਸੀ, ਜਿਸ ਕਰਕੇ ਕਾਂਗਰਸ ਸਰਕਾਰ ਦੀਆਂ ਸਮੂਹ ਗਤੀਵਿਧੀਆਂ ਤੋਂ ਉਨ੍ਹਾਂ ਨੇ ਪਾਸਾ ਵੱਟ ਲਿਆ ਸੀ। ਹੁਣ ਉਨ੍ਹਾਂ ਦੀਆਂ ਮੰਗਾਂ ਨੂੰ ਕਬੂਲ ਕਰਨ ਲਈ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਪੁਰਾਣੇ ਸਥਾਨਕ ਸਰਕਾਰਾਂ ਬਾਰੇ ਮਹਿਕਮੇ ਦਾ ਮੁੜ ਮੰਤਰੀ ਬਣਾਏ ਜਾਣ ਦੀਆਂ ਚਰਚਾਵਾਂ ਨੇ ਜ਼ੋਰ ਫੜ੍ਹ ਲਿਆ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੂੰ ਹੋਰ ਮਹਿਕਮੇ ਦਾ ਮੰਤਰੀ ਬਣਾਇਆ ਜਾ ਸਕਦਾ ਹੈ, ਜਿਸ ਨੂੰ ਅਮਲੀ ਜਾਮਾਂ ਪਹਿਨਾਉਣ ਦੀ ਕਾਰਵਾਈ ਆਉਣ ਵਾਲੇ ਹਫ਼ਤੇ ਦੌਰਾਨ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ। ਇੱਥੋਂ ਇਹ ਵੀ ਸਾਬਤ ਹੁੰਦਾ ਹੈ ਆਉਣ ਵਾਲੀਆਂ ਨਗਰ ਕੌਂਸਲ ਅਤੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਆਪਸੀ ਵਿਵਾਦ ਕਾਰਨ ਵਿਗੜੇ ਮਾਹੌਲ ਨੂੰ ਠੀਕ ਕੀਤਾ ਜਾ ਰਿਹਾ ਹੈ। ਇਸੇ ਤਹਿਤ ਹੁਣੇ ਤੋਂ ਹੀ ਸਥਾਨਕ ਸਰਕਾਰਾਂ ਮਹਿਕਮੇ ਨਾਲ ਜੁੜੇ ਕੁਝ ਵੱਡੇ ਅਤੇ ਛੋਟੇ ਬਿਲਡਰਾਂ 'ਚ ਮੁੜ ਨਵਜੋਤ ਸਿੰਘ ਸਿੱਧੂ ਦੇ ਮੰਤਰੀ ਬਣਨ ਦੀ ਖ਼ਬਰ ਨਾਲ ਹੀ ਗੈਰਕਾਨੂੰਨੀ ਉਸਾਰੀਆਂ ਦੇ ਡਰ ਕਾਰਨ ਪਸੀਨੇ ਛੁੱਟਣੇ ਸ਼ੁਰੂ ਹੋ ਗਏ ਹਨ।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਨਵੇਂ ਚੇਅਰਮੈਨ ਦੀ ਚੋਣ ਸਰਬ ਸਮਿਤੀ ਨਾਲ ਹੋਈ

ਨਿਊਯਾਰਕ : ਬੀਤੇ ਸ਼ਨੀਵਾਰ ਨੂੰ ਗੁਰੂ ਘਰ ਦੇ ਬੋਰਡ ਆਫ ਟਰੱਸਟ ਦੀ ਮੀਟਿੰਗ ਪ੍ਰਧਾਨ ਸ੍ਰ. ਦਵਿੰਦਰ ਸਿੰਘ ਬੋਪਰਾਏ ਅਤੇ ਚੇਅਰਮੈਨ ਸ੍ਰ. ਰਾਜਿੰਦਰ ਸਿੰਘ ਲਾਲੀ ਦੀ ਰਹਿਨੁਮਾਈ ਵਿਚ ਹੋਈ। ਜਿਸ ਵਿਚ ਗੁਰੂ ਘਰ ਦੀ ਬਿਲਡਿੰਗ ਅਤੇ ਹੋਰ ਜੋ ਨਾਲ ਦੇ ਘਰ ਲਏ ਗਏ ਹਨ ਉਨ੍ਹਾਂ ਬਾਰੇ ਚਰਚਾ ਹੋਈ। ਉਸ ਤੋਂ ਉਪਰੰਤ ਸ੍ਰ. ਰਜਿੰਦਰ ਸਿੰਘ ਲਾਲੀ ਨੇ ਆਪਣੀ ਇਛਾ ਅਨੁਸਾਰ ਚੇਅਰਮੈਨ ਤੋਂ ਸਟੈਪ ਡਾਊਨ ਦਾ ਫੈਸਲਾ ਕੀਤਾ ਅਤੇ ਸ੍ਰ. ਬੂਟਾ ਸਿੰਘ ਚੀਮਾ ਨਵੇਂ ਚੇਅਰਮੈਨ ਦਾ ਨਾਮ ਐਲਾਨ ਕੀਤਾ ਗਿਆ। ਜਿਸ ਵਿਚ ਸ੍ਰ. ਹਰਮੇਲ ਸਿੰਘ ਮੇਲੀ ਨੂੰ ਚੁਣਿਆ ਗਿਆ ਅਤੇ ਸਾਰੇ ਬੋਰਡ ਆਫ ਟਰੱਸਟ ਨੇ ਉਨ੍ਹਾਂ ਦੇ ਨਾਮ 'ਤੇ ਸਰਬ ਸਮਿਤੀ ਨਾਲ ਮੋਹਰ ਲਗਾ ਦਿੱਤੀ ਅਤੇ ਨਾਲ ਹੀ ਸ੍ਰ. ਦੀਦਾਰ ਸਿੰਘ ਚੀਮਾ ਜੋ ਕਿ ਬਰਡ ਆਫ ਟਰੱਸਟ ਦੇ ਸਕੱਤਰ ਸਨ, ਉਨ੍ਹਾਂ ਵੀ ਸਟੈਪ ਡਾਊਨ ਕੀਤਾ ਅਤੇ ਸ੍ਰ. ਜਸਵਿੰਦਰ ਸਿੰਘ ਖੱਖ ਨੂੰ ਨਵੇਂ ਬੋਰਡ ਆਫ ਟਰੱਸਟ ਦਾ ਸਕੱਤਰ ਚੁਣਿਆ ਗਿਆ। ਇਥੇ ਦੱਸਣਯੋਗ ਹੈ ਕਿ ਸ੍ਰ. ਬੂਟਾ ਸਿੰਘ ਚੀਮਾ ਨੇ ਪਿਛਲੇ ਲੰਬੇ ਸਮੇਂ ਤੋਂ ਸਿੱਖ ਕਲਚਰਲ ਸੁਸਾਇਟੀ ਵਿਖੇ ਬੜਾ ਸ਼ਰਧਾ ਅਤੇ ਇਮਾਨਦਾਰੀ ਨਾਲ ਕੈਸ਼ੀਅਰ ਦੀ ਸੇਵਾ ਨਿਭਾਈ। ਸ੍ਰ. ਬੂਟਾ ਸਿੰਘ ਅਤੇ ਗੁਰੂ ਰਾਮਦਾਸ ਸੁਸਾਇਟੀ ਆਫ ਹਰਿਆਣਾ ਦੇ ਸਾਰੇ ਮੈਂਬਰਾਂ ਵੱਲੋਂ ਗੁਰੂ ਘਰ ਦੀ ਬਿਲਡਿੰਗ ਦਾ ਕੰਮ ਅਤੇ ਹਰ ਸੇਵਾਵਾਂ ਬੜੀ ਸ਼ਰਧਾ ਭਾਵਨਾ ਨਾਲ ਕੀਤੀ ਜਾਂਦੀ ਹੈ। ਪਿਛਲੇ ਦਿਨੀਂ ਗੁਰੂ ਘਰ ਦੀਆਂ ਪੌੜੀਆਂ ਅਤੇ ਕਨੌਪੀ ਦੀ ਸੇਵਾ ਚੱਲ ਰਹੀ ਹੈ। ਮੈਂ ਗੁਰੂ ਘਰ ਦੀ ਸਮੁੱਚੀ ਕਮੇਟੀ, ਬੋਰਫ ਆਫ ਟਰੱਸਟ ਅਤੇ ਪ੍ਰਧਾਨ ਸ੍ਰ. ਦਵਿੰਦਰ ਸਿੰਘ ਬੋਪਰਾਏ ਅਤੇ ਖਾਸ ਕਰਕੇ ਸ੍ਰ. ਗੁਰਦੇਵ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ, ਜੋ ਕਿ ਸਾਰੀ ਕਮੇਟੀ ਨੂੰ ਹਮੇਸ਼ਾਂ ਨਾਲ ਲੈ ਕੇ ਚਲਦੇ ਰਹੇ ਹਨ। ਅੰਤ ਵਿਚ ਉਨ੍ਹਾਂ ਸਮੂਹ ਗੁਰੂ ਘਰ ਦੀਆਂ ਸੰਗਤਾਂ ਦਾ ਤਹਿ ਦਿੱਲੋਂ ਧੰਨਵਾਦ ਕੀਤਾ।















# ਪੰਜਾਬੀ ਸਾਹਿਤ ਦਾ ਵਗਦਾ ਦਰਿਆ ਹੈ ਲੇਖਕ ਸਿੰਦਰ ਸਿੰਘ ਮੀਰਪੁਰੀ



ਪੰਜਾਬੀ ਸਾਹਿਤ ਅੰਦਰ ਆਪਣਾ ਵੱਡਾ ਨਾਮ ਕਮਾਈ ਬੈਠੇ ਦੁਆਬੇ ਦੇ ਸਿਰਕੱਢ ਨੌਜਵਾਨ ਸਿੰਦਰ ਸਿੰਘ ਮੀਰਪੁਰੀ ਨੂੰ ਸਾਹਿਤ ਨਾਲ ਜੁੜਿਆ ਹਰ ਇਨਸਾਨ ਜਾਣਦਾ ਹੈ ਉਸ ਦੇ ਲਿਖੇ ਲੇਖਾਂ ਨੂੰ ਲੱਖਾਂ ਲੋਕ ਪੜ੍ਹਦੇ ਨੇ ਉਸ ਦੇ ਚਾਹੁਣ ਵਾਲੇ ਮੀਰਪੁਰੀ ਨੂੰ ਆਪਣਾ ਸੱਚਾ ਸਾਥੀ ਮੰਨਕੇ ਉਸ ਦੀਆਂ ਲਿਖੀਆਂ ਸਤਰਾਂ ਨੂੰ ਮਾਣ ਦਿੰਦਿਆਂ ਪੜ੍ਹਨ ਵਿੱਚ ਮਾਣ ਮਹਿਸੂਸ ਕਰਦੇ ਹਨ । ਸਵ. ਬਾਪੂ ਜੋਗਿੰਦਰ ਸਿੰਘ ਸਿੰਘ ਤੇ ਮਾਤਾ ਦਲੀਪ ਕੌਰ ਦੀ ਕੁੱਖ ਦੇ ਇਸ ਲਾਡਲੇ ਨੌਜਵਾਨ ਨੇ ਡੇਢ ਦਹਾਕੇ ਤੋਂ ਅਮਰੀਕਾ ਦੇ ਸਹਿਰ ਫਰਿੱਜਨੋ ਦੀ ਧਰਤੀ ਤੇ ਰਹਿੰਦਿਆਂ ਪੰਜਾਬੀ ਸਾਹਿਤ ਦੇ ਨਾਲ ਪਿਆਰ ਪਾ ਕੇ ਲੰਮੀਆਂ ਪੁਲਾਂਘਾ ਪੁੱਟੀਆਂ ਅਤੇ ਆਪਣਾ ਨਾਮ ਪੰਜਾਬੀ ਸਾਹਿਤ ਦੇ ਉਨ੍ਹਾਂ ਲੇਖਕਾਂ ਵਿੱਚ ਦਰਜ ਕਰਵਾ ਲਿਆ ਜੋ ਮਾਂ ਬੋਲੀ ਪੰਜਾਬੀ ਦੇ ਸਰਬਣ ਪੁੱਤ ਅਖਵਾਉਂਦੇ ਹਨ ।

ਪੰਜਾਬ ਦੇ ਦੋਆਬਾ ਖੇਤਰ ਦੇ ਇਲਾਕੇ ਨਵਾਂ ਸ਼ਹਿਰ ਦੇ ਪਿੰਡ ਮੀਰਪੁਰ ਜੱਟਾਂ ਦੇ ਇਸ ਨੌਜਵਾਨ ਨੇ ਇੱਕ ਦਹਾਕਾ ਪਹਿਲਾਂ ਆਪਣੇ ਲੇਖਾਂ ਜ਼ਰੀਏ ਅਖ਼ਬਾਰਾਂ ਵਿੱਚ ਲਿਖਣਾ ਸ਼ੁਰੂ ਕੀਤਾ ਅਤੇ ਛੇਤੀ ਹੀ ਇਸ ਨੇ 5 ਕਿਤਾਬਾਂ ਸਰਦਾਰੀਆਂ , ਆਓ ਪੰਜਾਬ ਬਚਾਈਏ , ਅਤੇ ਕਰੋਨਾ ਆਦਿ ਲਿਖਕੇ ਆਪਣੇ ਆਲੋਚਕਾਂ ਨੂੰ ਹੈਰਾਨ ਕਰ ਦਿੱਤਾ ਕਿ ਇੱਕ ਲੇਖਕ ਵੱਲੋਂ ਇੰਨੀ ਤੇਜ਼ੀ ਨਾਲ ਵੀ ਪੰਜਾਬੀ ਸਾਹਿਤ ਦੀਆਂ ਪੌੜੀਆਂ ਨੂੰ ਚੜ੍ਹਿਆ ਜਾ ਸਕਦਾ ਹੈ । ਉਸ ਨੇ ਮਾਂ ਬੋਲੀ ਨੂੰ ਸਮਰਪਿਤ ਇੱਕ ਦਰਜਨ ਗੀਤਾਂ ਦੀ ਰਚਨਾ ਕੀਤੀ ਅਤੇ ਉਸ ਦੇ ਲਿਖੇ ਗੀਤਾਂ ਨੂੰ ਕਈ ਪੰਜਾਬ ਦੇ ਵੱਡੇ ਕਲਾਕਾਰਾਂ ਨੇ ਗਾਇਆ ਹੈ । ਆਪਣੇ ਵੱਖ-ਵੱਖ ਲੇਖਾਂ ਨੂੰ ਨਵੀਂ ਸ਼ਬਦਾਵਲੀ ਅੰਦਰ ਰੂਪਮਾਨ ਕਰਕੇ ਕਿਤਾਬਾਂ ਦਾ ਰੂਪ ਦਿੰਦਿਆਂ ਸਿੰਦਰ ਸਿੰਘ ਮੀਰਪੁਰੀ ਨੇ ਆਪਣੇ ਪਾਠਕਾਂ ਦੀ ਮੰਗ ਨੂੰ ਪੂਰਾ ਕੀਤਾ ਅਤੇ ਇਹ ਨੌਜਵਾਨ ਬੜੀ ਤੇਜ਼ੀ ਨਾਲ ਪੰਜਾਬੀ ਸਾਹਿਤ ਅੰਦਰ ਆਪਣੀ ਕਲਮ ਸ਼ੈਲੀ ਦੀ ਪਕੜ ਬਣਾ ਕੇ ਚੱਲ ਰਿਹਾ ਹੈ ਉਸ ਦੇ ਲਿਖੇ ਲੇਖ ਪੰਜਾਬੀ ਦੀਆਂ ਇੱਕ ਦਰਜਨ ਅਖ਼ਬਾਰਾਂ ਵਿੱਚ ਕਾਲਮ ਦੇ ਤੌਰ ਤੇ ਛਪਦੇ ਹਨ ।

ਕੈਲੇਫੋਰਨੀਆ ਵਿੱਚ ਰਹਿ ਕੇ ਟਰਾਂਸਪੋਰਟ ਧੰਦੇ ਨਾਲ ਜੁੜਿਆ ਸਿੰਦਰ ਸਿੰਘ ਮੀਰਪੁਰੀ ਜ਼ਮੀਨ ਨਾਲ ਜੁੜਿਆ ਇਨਸਾਨ ਹੈ ਯਾਰਾਂ ਦਾ ਯਾਰ ਹੈ ਅਤੇ ਦਿਲਦਾਰ ਹੈ ਉਸ ਨੇ ਕਦੇ ਵੀ ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਨਿਰਾਸ਼ ਨਹੀਂ ਹੋਣ ਦਿੱਤਾ । ਸਭ ਤੋਂ ਵੱਡੀ ਗੱਲ ਇਹ ਹੈ ਕਿ ਉਸ ਨੇ ਕਦੇ ਵੀ ਆਪਣੇ ਤੇ ਇੱਕ ਨਾਮੀ ਹਸਤੀ ਹੋਣ ਦਾ ਪ੍ਰਭਾਵ ਨਹੀਂ ਪੈਣ ਦਿੱਤਾ ਨਹੀਂ ਤਾਂ ਅਸੀਂ ਉਨ੍ਹਾਂ ਲੇਖਕਾਂ ਨੂੰ ਵੀ ਜਾਣਦੇ ਹਾਂ ਜਿਹੜੇ ਚਾਰ ਲਾਈਨਾਂ ਕਿਸੇ ਅਖ਼ਬਾਰ ਵਿੱਚ ਛਪ ਜਾਣ ਤੋਂ ਬਾਅਦ ਲੋਕਾਂ ਨਾਲ ਸਿੱਧੇ ਮੂੰਹ ਗੱਲ ਨਹੀਂ ਕਰਦੇ । ਅੱਜ ਪੰਜਾਬੀ ਦੇ ਵੱਡੇ ਅਖਬਾਰ ਸਿੰਦਰ ਮੀਰਪੁਰੀ ਦੀਆਂ ਰਚਨਾਵਾਂ ਨੂੰ ਛਾਪ ਕੇ ਮਾਣ ਮਹਿਸੂਸ ਕਰਦੇ ਹਨ । ਆਉਂਦੇ ਦਿਨਾਂ ਨੂੰ ਉਸ ਨੇ ਕਈ ਪੰਜਾਬੀ ਫ਼ਿਲਮਾਂ ਅੰਦਰ ਵੀ ਆਪਣੇ ਗੀਤਾਂ ਦਾ ਡੰਕਾ ਵਜਾਉਣਾ ਹੈ ।

?ਮੀਰਪੁਰੀ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਉਸ ਨੇ ਜਦ ਵੀ ਕਦੇ ਆਪਣੇ ਜੀਵਨ ਅੰਦਰ ਕਿਸੇ ਦੀਨ-ਦੁਖੀ ਦੀ ਮਦਦ ਕੀਤੀ ਤਾਂ ਕਿਸੇ ਨੂੰ ਵੀ ਕੰਨੋ ਕੰਨੀ ਖ਼ਬਰ ਨਹੀਂ ਹੋਣ ਦਿੱਤੀ । ਅਨੇਕਾਂ ਵਿਅਕਤੀਆਂ ਦੀ ਮਦਦ ਕਰ ਚੁੱਕਿਆ ਇਹ ਨੌਜਵਾਨ ਹਰ ਸਮੇਂ ਸਾਰਿਆਂ ਦਾ ਭਲਾ ਸੋਚਦਾ ਹੈ । ਆਪਣੀ ਜ਼ਿੰਦਗੀ ਅੰਦਰ ਲੰਬੇ ਸੰਘਰਸ਼ ਅਤੇ ਮਿਹਨਤ ਦੀ ਭੱਠੀ ਵਿਚ ਤਪ ਕੇ ਕੁੰਦਨ ਬਣਿਆ 42 ਕੁ ਸਾਲਾ ਸਾਡਾ ਇਹ ਵੀਰ ਸਿੰਦਰ ਸਿੰਘ ਮੀਰਪੁਰੀ ਫਰਿਜ਼ਨੋ ਸ਼ਹਿਰ ਅੰਦਰ ਆਪਣੀ ਸਰੀਕ-?-ਹਿਆਤ ਸੁਰਿੰਦਰ ਕੌਰ , ਬੇਟੇ ਮਿਲਨਜੋਤ ਸਿੰਘ ਅਤੇ ਮਾਤਾ ਦਲੀਪ ਕੌਰ ਸਮੇਤ ਜ਼ਿੰਦਗੀ ਦੀਆਂ ਸੱਧਰਾਂ ਨੂੰ ਮਾਣ ਰਿਹਾ ਹੈ । ਰੱਬ ਕਰੇ ਸਾਡਾ ਇਹ ਵੀਰ ਜ਼ਿੰਦਗੀ ਵਿੱਚ ਹੋਰ ਅੱਗੇ ਵਧੇ ਅਤੇ ਮਰਤਬਿਆਂ ਨੂੰ ਮਾਣੇ ਇਹ ਹੀ ਸਾਡੀ ਕਾਮਨਾ ਹੈ ।

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਸਾਬਕਾ ਪ੍ਰਧਾਨ ਸ੍ਰ. ਗੁਰਮੀਤ ਸਿੰਘ ਮਹਿਮਦਪੁਰ ਜੀ ਦੇ ਘਰ ਵਾਹਿਗੁਰੂ ਨੇ ਬਖਸ਼ੀ ਪੋਤਰੀ ਦੀ ਦਾਤ

ਨਿਊਯਾਰਕ : ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਸਾਬਕਾ ਪ੍ਰਧਾਨ ਸ੍ਰ. ਗੁਰਮੀਤ ਸਿੰਘ ਮਹਿਮਦਪੁਰ ਅਤੇ ਸ੍ਰ. ਰਣਜੀਤ ਸਿੰਘ ਮਹਿਮਦਪੁਰ ਜੀ ਦੇ ਘਰ ਵਾਹਿਗੁਰੂ ਜੀ ਨੇ ਪੋਤਰੀ ਦੀ ਦਾਤ ਬਖਸ਼ੀ ਹੈ। ਸ੍ਰ. ਗੁਰਮੀਤ ਸਿੰਘ ਮਹਿਮਦਪੁਰ ਦੇ ਸਪੁੱਤਰ ਸ੍ਰਤ. ਰਵਿੰਦਰ ਸਿੰਘ ਅਤੇ ਉਨ੍ਹਾਂ ਦੀ ਨੂੰਹ ਨਵਜੋਤ ਕੌਰ ਦੇ ਘਰ ਸਪੁੱਤਰੀ ਨੇ ਜਨਮ ਲਿਆ ਹੈ। ਇਸ ਖੁਸ਼ੀ ਦੇ ਮੌਕੇ ਸ੍ਰ. ਮਹਿਮਦਪੁਰ ਨੇ ਆਪਣੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਨਾਲ ਖੁਸ਼ੀਆਂ ਸਾਂਝੀ ਕੀਤੀ। ਇਸ ਖੁਸ਼ੀ ਦੇ ਮੌਕੇ 'ਤੇ ਉਨ੍ਹਾਂ ਦੀਆਂ ਯਾਦਗਾਰੀ ਤਸਵੀਰਾਂ ਨੂੰ ਬੀ. ਜੇ. ਸਟੂਡੀਓ ਵੱਲੋਂ ਆਪਣੇ ਕੈਮਰੇ ਵਿਚ ਵੀ ਕੈਦ ਕੀਤਾ ਗਿਆ। ਅਦਾਰਾ ਪ੍ਰੀਤ ਨਾਮਾ ਵੱਲੋਂ ਸ੍ਰ. ਗੁਰਮੀਤ ਸਿੰਘ ਮਹਿਮਦਪੁਰ, ਉਨ੍ਹਾਂ ਦੇ ਸਪੁੱਤਰ ਗੁਰਮੀਤ ਸਿੰਘ ਅਤੇ ਨੂੰਹ ਨਵਜੋਤ ਕੌਰ ਅਤੇ ਸਮੂਹ ਪਰਿਵਾਰ ਨੂੰ ਘਰ ਵਿਚ ਆਏ ਨਵੇਂ ਮੈਂਬਰ ਦੀਆਂ ਲੱਖ ਲੱਖ ਵਧਾਈਆਂ।







## ਕੈਪਟਨ ਵੱਲੋਂ ਭਾਜਪਾ ਪ੍ਰਧਾਨ ਨੂੰ ਖੁੱਲ੍ਹਾ ਪੱਤਰ ਮਾਲ ਗੱਡੀਆਂ ਬੰਦ ਰਹਿਣਗੀਆਂ ਤਾਂ ਪੰਜਾਬ ਦੇ ਨਾਲ ਲੱਦਾਖ ਅਤੇ ਕਸ਼ਮੀਰ ਵੀ ਪ੍ਰਭਾਵਤ ਹੋਣਗੇ

ਚੰਡੀਗੜ੍ਹ : ਭਾਰਤ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਕਰਦੇ ਕਿਸਾਨਾਂ ਵੱਲੋਂ ਰੇਲ ਪਟੜੀਆਂ ਉੱਤੋਂ ਰੋਕਾਂ ਹਟਾਉਣ ਦੇ ਬਾਵਜੂਦ ਰੇਲਵੇ ਵਿਭਾਗ ਵਲੋਂ ਮਾਲ ਗੱਡੀਆਂ ਦੀ ਆਵਾਜਾਈ ਸਸਪੈਂਡ ਰੱਖਣ ਦੇ ਹਾਲਾਤ ਉਤੇ ਚਿੰਤਾ ਜ਼ਾਹਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਐਤਵਾਰ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਜੇ ਪੀ ਨੱਢਾ ਨੂੰ ਇੱਕ ਖੁੱਲ੍ਹਾ ਪੱਤਰ ਲਿਖਿਆ ਅਤੇ ਇਸ ਪੱਤਰ ਰਾਹੀਂ ਇਸ ਪੇਚੀਦਾ ਮਸਲੇ ਨੂੰ ਸਮੂਹਿਕ ਇੱਛਾ ਅਤੇ



ਸੂਝ-ਬੂਝ ਨਾਲ ਸੁਲਝਾਉਣ ਦੇ ਲਈ ਸੱਦਾ ਦਿੱਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲਿਖਿਆ ਹੈ ਕਿ ਜੇ ਮਸਲਾ ਸੁਲਝਾਇਆ ਨਾ ਗਿਆ ਤਾਂ ਇਹ ਪੰਜਾਬ ਦੇ ਲਈ ਹੀ ਮਾਰੂ ਨਹੀਂ, ਅੱਗੋਂ ਲੱਦਾਖ ਤੇ ਕਸ਼ਮੀਰ ਵਿਚਲੀਆਂ ਹਥਿਆਰਬੰਦ ਫੌਜਾਂ ਤੇ ਬਾਕੀ ਸਾਰੇ ਦੇਸ਼ ਲਈ ਵੀ ਇਸ ਖਤਰਨਾਕ ਸਿੱਟੇ ਨਿਕਲ ਸਕਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਮਾਂ ਨਾ ਸਿਆਸੀ ਟਕਰਾਅ ਵਿੱਚ ਪੈਣ ਦਾ ਤੇ ਨਾ ਦੂਸ਼ਣਬਾਜੀ ਕਰਨ ਦਾ ਹੈ। ਉਨ੍ਹਾਂ ਕਿਹਾ, 'ਇਸ ਨਾਜ਼ੁਕ ਪਲ ਵਿੱਚ ਸਾਨੂੰ ਸਭ ਨੂੰ ਆਪੋ-ਆਪਣੇ ਸਿਆਸੀ ਹਿੱਤਾਂ ਨੂੰ ਅੱਗੇ ਵਧਾਉਣ ਦੀ ਬਜਾਏ ਅਜਿਹੀ ਕਿਸੇ ਵੀ ਲਾਲਸਾ ਨੂੰ ਲਾਂਭੇ ਕਰ ਦੇਣਾ ਚਾਹੀਦਾ ਹੈ।' ਉਨ੍ਹਾਂ ਕਿਹਾ ਕਿ ਇਹ ਵਕਤ ਆਪਣੇ ਸਿਆਸੀ ਵਖਰੇਵਿਆਂ ਤੋਂ ਉਪਰ ਉਠਣ ਅਤੇ ਮੌਜੂਦਾ ਸਥਿਤੀ ਨੂੰ ਸੂਝ ਤੇ ਸਿਆਣਪ ਨਾਲ ਨਜਿੱਠਣ ਦਾ ਹੈ, ਕਿਉਂਕਿ ਜੇ ਤੁਰੰਤ ਕਦਮ ਨਾ ਚੁੱਕੇ ਗਏ ਤਾਂ ਹਾਲਾਤ ਕਾਬੂ ਤੋਂ ਬਾਹਰ ਹੋਣ ਦਾ ਖਤਰਾ ਬਣਿਆ ਹੋਇਆ ਹੈ। ਇਸ ਪੱਤਰ ਵਿੱਚ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਮਾਲ ਗੱਡੀਆਂ ਲਗਾਤਾਰ ਰੁਕੀਆਂ ਰਹਿਣ ਨਾਲ ਇਸ ਦੇਸ਼ ਦੀ ਕੌਮੀ ਸੁਰੱਖਿਆ ਉੱਤੇ ਪੈ ਰਹੇ ਪ੍ਰਭਾਵ ਦੇ ਹਵਾਲੇ ਨਾਲ ਕਿਹਾ ਕਿ ਪੰਜਾਬ ਦੇ ਨਾਲ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਲੱਦਾਖ ਨੂੰ ਵੀ ਸਾਮਾਨ ਦੀ ਵੱਡੀ ਕਮੀ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਠੰਢ ਸ਼ੁਰੂ ਹੋਣ ਨਾਲ ਹਥਿਆਰਬੰਦ ਫੌਜਾਂ ਉੱਤੇ ਬਹੁਤ ਬੁਰਾ ਅਸਰ ਪੈਣਾ ਦੀ ਸੰਭਾਵਨਾ ਹੈ, ਕਿਉਂਕਿ ਲੱਦਾਖ ਤੇ ਕਸ਼ਮੀਰ ਵਾਦੀ ਨੂੰ ਜਾਂਦੇ ਰਸਤਿਆਂ ਉਤੇ ਬਰਫਬਾਰੀ ਹੋਣ ਨਾਲ ਸਪਲਾਈ ਤੇ ਹੋਰ ਵਸਤਾਂ ਦੀ ਕਮੀ ਹੋ ਸਕਦੀ ਹੈ।

## ਪਾਕਿਸਤਾਨ ਨੇ ਗਿਲਗਿਤ-ਬਾਲਟਿਸਤਾਨ ਨੂੰ ਸੂਬੇ ਵਜੋਂ ਅਸਥਾਈ ਦਰਜਾ ਦਿੱਤਾ

ਇਸਲਾਮਾਬਾਦ - ਭਾਰਤ ਸਰਕਾਰ ਦੇ ਵਿਰੋਧ ਦੇ ਬਾਵਜੂਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅੱਜ ਐਤਵਾਰ ਗਿਲਗਿਤ-ਬਾਲਟਿਸਤਾਨ ਨੂੰ ਇੱਕ ਆਰਜ਼ੀ ਪ੍ਰਾਂਤ ਦਾ ਦਰਜਾ ਦੇਣ ਵਾਲਾ ਐਲਾਨ ਕਰ ਦਿੱਤਾ ਹੈ। ਉਸ ਨੇ ਇਹ ਐਲਾਨ ਉਸ ਸਮੇਂ ਕੀਤਾ ਹੈ, ਜਦੋਂ ਗਿਲਗਿਤ-ਬਾਲਟਿਸਤਾਨ ਵਿੱਚ ਲੋਕ ਵੀ ਇਮਰਾਨ ਖਾਨ ਦੀ ਸਰਕਾਰ ਦੇ ਇਸ ਕਦਮ ਦਾ ਜ਼ੋਰਦਾਰ ਵਿਰੋਧ ਕਰ ਰਹੇ ਹਨ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਹ ਐਲਾਨ ਕਰਦਿਆਂ ਕਿਹਾ, 'ਮੇਰੇ ਗਿਲਗਿਤ-ਬਾਲਟਿਸਤਾਨ ਆਉਣ ਪਿੱਛੇ ਇੱਕ ਕਾਰਨ ਇਹ ਐਲਾਨ ਕਰਨਾ ਹੈ ਕਿ ਅਸੀਂ ਗਿਲਗਿਤ-ਬਾਲਟਿਸਤਾਨ ਨੂੰ ਇੱਕ ਅਸਥਾਈ ਪ੍ਰਾਂਤ ਬਣਾਉਣ ਦਾ ਫੈਸਲਾ ਕੀਤਾ ਹੈ।' ਜਾਣਕਾਰ ਸੂਤਰਾਂ ਮੁਤਾਬਕ ਪਾਕਿਸਤਾਨ ਨੇ ਤਾਜ਼ਾ ਫੈਸਲਾ ਦੁਬਈ ਦੇ ਦਬਾਅ ਹੇਠ ਕੀਤਾ ਹੈ। ਸਾਊਦੀ ਅਰਬ ਨੇ ਪਿੱਛੇ ਜਿਹੇ ਪਾਕਿਸਤਾਨੀ ਨਕਸ਼ੇ ਤੋਂ ਗਿਲਗਿਤ-ਬਾਲਟਿਸਤਾਨ ਨੂੰ ਹਟਾ ਦਿੱਤਾ ਸੀ। ਪਿਛਲੇ ਲੰਬੇ ਸਮੇਂ ਤੋਂ ਗਿਲਗਿਤ-ਬਾਲਟਿਸਤਾਨ ਬਾਰੇ ਪਾਕਿਸਤਾਨ ਦੀ ਇਮਰਾਨ ਸਰਕਾਰ ਖਿਲਾਫ ਵਿਰੋਧ ਪ੍ਰਦਰਸ਼ਨ ਚੱਲ ਰਹੇ ਹਨ ਤੇ ਲੋਕ ਇਸ ਫੈਸਲੇ ਦਾ ਸਖ਼ਤ ਵਿਰੋਧ ਕਰਦੇ ਹਨ। ਮਾਹਰਾਂ ਦੀ ਰਾਏ ਹੈ ਕਿ ਪਾਕਿਸਤਾਨ ਦੇ ਇਸ ਫੈਸਲੇ ਨਾਲ ਸਥਾਨਕ ਪੱਧਰ ਉੱਤੇ ਵਿਰੋਧ ਪ੍ਰਦਰਸ਼ਨ ਹੋਰ ਭੜਕ ਸਕਦੇ ਹਨ। ਅੱਜ ਐਤਵਾਰ ਇਮਰਾਨ ਖਾਨ ਨੇ ਐਲਾਨ ਕੀਤਾ ਹੈ ਕਿ ਗਿਲਗਿਤ-ਬਾਲਟਿਸਤਾਨ ਨੂੰ ਸੰਵਿਧਾਨਕ ਅਧਿਕਾਰ ਦਿੱਤੇ ਜਾਣਗੇ ਅਤੇ ਨਵੰਬਰ ਵਿੱਚ ਇੱਥੇ ਚੋਣਾਂ ਕਰਵਾਈਆਂ ਜਾਣਗੀਆਂ।

## ਮੋਦੀ ਸਰਕਾਰ ਦੇ ਖੇਤੀ ਕਾਨੂੰਨਾਂ ਵਿਰੁੱਧ ਰਾਜਸਥਾਨ ਦੀ ਕਾਂਗਰਸ ਸਰਕਾਰ ਨੇ ਵੀ ਤਿੰਨ ਬਿੱਲ ਪਾਸ ਕਰਾਏ

ਜੈਪੁਰ - ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਦੇ ਮੁਕਾਬਲੇ ਵਾਸਤੇਅੱਜ ਰਾਜਸਥਾਨ ਵਿੱਚ ਕਾਂਗਰਸ ਦੀ ਅਸ਼ੋਕ ਗਹਿਲੋਤ ਸਰਕਾਰ ਨੇ ਵਿਧਾਨ ਸਭਾ ਵਿੱਚ ਕੁਲ ਤਿੰਨ ਸੋਧ ਬਿੱਲ ਪਾਸ ਕੀਤੇ ਹਨ, ਜਿਹੜੇ ਗਵਰਨਰ ਕਲਰਾਜ ਮਿਸ਼ਰਾ ਨੂੰ ਮਨਜ਼ੂਰੀ ਦੇਣਲਈ ਭੇਜੇ ਜਾਣਗੇ। ਇਸ ਤੋਂ ਪਹਿਲਾਂ ਕਾਂਗਰਸ ਦੀ ਪੰਜਾਬ ਸਰਕਾਰ ਦੇ ਮੁਖੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਕੇਂਦਰੀ ਖੇਤੀਬਾੜੀ ਕਾਨੂੰਨਾਂ ਨੂੰ ਬਾਈਪਾਸ ਕਰਨ ਦੇ ਲਈ ਤਿੰਨ ਸੋਧ ਬਿੱਲ ਪੰਜਾਬ ਵਿਧਾਨ ਸਭਾ ਤੋਂ ਏਦਾਂ ਹੀ ਪਾਸ ਕਰਵਾਏ ਸਨ। ਰਾਜਸਥਾਨ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਤਿੰਨ ਸੋਧੇ ਹੋਏ ਬਿੱਲਾਂ ਬਾਰੇ ਅਸ਼ੋਕ ਗਹਿਲੋਤ ਸਰਕਾਰ ਨੇ ਕਿਹਾ ਹੈ ਕਿ ਇਸ ਨਾਲ ਕਿਸਾਨਾਂ ਨੂੰ ਰਾਹਤ ਮਿਲੇਗੀ। ਕਰੀਬ 6 ਘੰਟੇ ਲੰਮੀ ਬਹਿਸ ਪਿੱਛੋਂ ਰਾਜਸਥਾਨ ਵਿਧਾਨ ਸਭਾ ਕੋਲੋਂ ਪਾਸ ਕਰਵਾਏ ਤਿੰਨਾਂ ਸੋਧ ਬਿੱਲਾਂਦਾ ਦਿਲਚਸਪ ਪੱਖ ਹੈ ਕਿ ਇਨ੍ਹਾਂ ਤਿੰਨਾਂ ਬਿੱਲਾਂ ਵਿੱਚ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਮਿਲੀ ਰਿਪੋਰਟ ਮੁਤਾਬਕ ਕਾਂਗਰਸ ਨੇ ਐੱਮ ਐੱਸ ਪੀ ਨੂੰ ਕੇਂਦਰੀ ਖੇਤੀ ਕਾਨੂੰਨ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਸੀ, ਪਰ ਪੰਜਾਬ ਅਤੇ ਰਾਜਸਥਾਨ ਦੇ ਬਿੱਲਾਂ ਵਿੱਚ ਇਸ ਦਾ ਜ਼ਿਕਰ ਨਹੀਂ ਹੈ, ਸਿਰਫ ਐਗਰੀਮੈਂਟ ਦੀ ਖੇਤੀ ਵਿੱਚਐੱਮ ਐੱਸ ਪੀ ਦਾ ਪ੍ਰਬੰਧ ਕੀਤਾ ਗਿਆ ਹੈ। ਆਮ ਕਿਸਾਨ ਵੱਲੋਂ ਮੰਡੀ ਵਿੱਚ ਜਾਂ ਹੋਰ ਕਿਸੇ ਵੀ ਜਗ੍ਹਾ ਫਸਲ ਵੇਚਣ ਉੱਤੇਐੱਮ ਐੱਸ ਪੀਦਾ ਪ੍ਰਬੰਧ ਨਹੀਂ ਕੀਤਾ ਗਿਆ। ਖੇਤੀ ਉਪਜ ਵਪਾਰ ਤੇ ਵਣਜ (ਤਰੱਕੀ ਤੇ ਸਰਲਤਾ) ਸੋਧ ਬਿੱਲ ਵਿੱਚਵੀ ਏਸੇ ਤਰ੍ਹਾਂ ਐੱਮ ਐੱਸ ਪੀਦਾ ਕੋਈ ਪ੍ਰਬੰਧ ਨਹੀਂ ਹੈ। ਇਨ੍ਹਾਂ ਬਿੱਲਾਂ ਵਿੱਚ ਕਿਸਾਨ ਦੇ ਨਾਲ ਜ਼ਿਆਦਤੀ ਉੱਤੇ 3 ਤੋਂ 7 ਸਾਲ ਕੈਦ ਦੀ ਸਜ਼ਾ ਅਤੇ ਪੰਜ ਲੱਖ ਰੁਪਏ ਦੇ ਜੁਰਮਾਨੇ ਦਾ ਪ੍ਰਬੰਧ ਜ਼ਰੂਰ ਹੈ। ਓਧਰ ਕੇਂਦਰ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਵਿਰੁੱਧ ਪੰਜਾਬ, ਛੱਤੀਸਗੜ੍ਹ ਤੇ ਰਾਜਸਥਾਨ ਦੀਆਂ ਕਾਂਗਰਸ ਸਰਕਾਰਾਂ ਦੇ ਪਾਸਕੀਤੇ ਬਿੱਲਾਂ ਦਾ ਕੇਂਦਰ ਸਰਕਾਰ ਵੱਲੋਂ ਨਿਰੀਖਣ ਕਰਨ ਮਗਰੋਂ ਸਰਕਾਰ ਫੈਸਲਾ ਲਵੇਗੀ। ਉਨ੍ਹਾਂ ਨੇ ਖਬਰ ਏਜੰਸੀ ਨੂੰ ਦੱਸਿਆ ਕਿ ਕੇਂਦਰ ਸਰਕਾਰ ਉਨ੍ਹਾਂ ਖੇਤੀ ਬਿੱਲਾਂ ਦਾ ਨਿਰੀਖਣ ਕਰੇਗੀ, ਜਿਹੜੇ ਪੰਜਾਬ, ਛੱਤੀਸਗੜ੍ਹ ਤੇ ਰਾਜਸਥਾਨ ਦੀਆਂ ਸਰਕਾਰਾਂ ਨੇ ਪਾਸ ਕੀਤੇ ਹਨ। ਕੇਂਦਰੀ ਖੇਤੀਬਾੜੀ ਮੰਤਰਾਲੇ ਦੇ ਅਫਸਰ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਖੇਤੀ ਬਿੱਲਾਂ ਦਾ ਖਰੜਾ ਬਣਾਉਣ ਵਿੱਚ ਉਹ ਵੀ ਸਿੱਧੇ ਤੌਰ ਉੱਤੇ ਸ਼ਾਮਲ ਸੀ।

## ਸ੍ਰੀ ਦਰਬਾਰ ਸਾਹਿਬ 'ਚ ਬੇਰਾਂ ਨਾਲ ਲੱਦੀਆਂ 5 ਸਦੀਆਂ ਪੁਰਾਣੀਆਂ ਇਤਿਹਾਸਿਕ ਬੇਰੀਆਂ..

ਅੰਮ੍ਰਿਤਸਰ : ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਚ ਮੌਜੂਦ 5 ਸਦੀਆਂ ਪੁਰਾਣੀਆਂ ਇਤਿਹਾਸਿਕ ਬੇਰੀਆਂ ਲਈ ਸੰਗਤਾਂ ਚ ਅਥਾਹ ਸ਼ਰਧਾ ਹੈ ਅਤੇ ਇਹ ਗੁਰੂ ਘਰ ਦਾ ਕ੍ਰਿਸ਼ਮਾ ਹੀ ਹੈ ਕਿ ਇਹ ਬੇਰੀਆਂ ਜੋ ਲਗਭਗ ਸੁਕ ਚੁਕੀਆਂ ਸਨ ਪਰ ਪਿਛਲੇ ਕੁਛ ਸਾਲਾਂ ਦੀ ਦੇਖ ਰੇਖ ਤੋਂ ਬਾਦ ਹੁਣ ਮੁੜ ਤੋਂ ਇਹ ਬੇਰੀਆਂ ਹਰੀਆਂ ਹੋ ਗਈਆਂ ਹਨ ਤੇ ਬੇਰਾਂ ਨਾਲ ਲੱਦੀਆਂ ਹੋਈਆਂ ਦਿਖਾਈ ਦੇ ਰਹਿਣ ਹਨ । ਦੁਖਭੰਜਨੀ ਬੇਰੀ, ਲਾਚੀ ਬੇਰ ਅਤੇ ਬੇਰ ਬਾਬਾ ਬੁੱਢਾ ਸਾਹਿਬ ਦੀ ਧਾਰਮਿਕ ਤੇ ਇਤਿਹਾਸਿਕ ਮਹੱਤਤਾ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਨ੍ਹਾਂ ਸੁੱਕ ਰਹੀਆਂ ਇਨ੍ਹਾਂ ਬੇਰੀਆਂ ਦੀ ਸਾਂਭ ਸੰਭਾਲ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਦੀ ਮਦਦ ਲਈ ਗਈ ਸੀ ਜਿਸ ਦੇ ਨਤੀਜੇ ਵਜੋਂ ਇਹ 500 ਸਾਲ ਦੇ ਕਰੀਬ ਪੁਰਾਣੀਆਂ ਬੇਰੀਆਂ ਅੱਜ ਹਰੀਆਂ ਭਰੀਆਂ ਹਨ ਤੇ ਇਨ੍ਹਾਂ ਦੇ ਬੇਰ ਵੀ ਲੱਗੇ ਹੋਏ ਹਨ, ਜਿਨ੍ਹਾਂ ਲਈ ਸੰਗਤਾਂ 'ਚ ਬੇਅੰਤ ਸ਼ਰਧਾ ਪਾਈ ਜਾਂਦੀ ਹੈ। ਯੂਨੀਵਰਸਿਟੀ ਦੇ ਮਾਹਿਰਾਂ ਦੀ ਰਾਏ ਅਨੁਸਾਰ ਇਨ੍ਹਾਂ ਬੇਰੀਆਂ ਨੂੰ ਕੀਟਨਾਸ਼ਕ ਦਵਾਈਆਂ ਪਾਉਣ ਦੇ ਨਾਲ ਨਾਲ ਇਨ੍ਹਾਂ ਦੇ ਆਲੇ ਦੁਆਲੇ ਬਣੇ ਪੱਥਰ ਦੇ ਥੜੇ ਵੀ ਹਟਾਏ ਗੁਏ ਤਾਂ ਜੋ ਜੜ੍ਹਾਂ ਤਕ ਹਵਾ ਜਾ ਸਕੇ। ਇਨ੍ਹਾਂ ਬੇਰੀਆਂ ਦੇ ਆਲੇ ਦੁਆਲੇ ਜੰਗਲੇ ਲਗਾਏ ਗਏ ਤਾਂ ਜੋ ਸੰਗਤਾਂ ਪ੍ਰਸ਼ਾਦ ਵਾਲੇ ਥਦੇ ਹੱਥ ਨਾ ਲੱਗਾ ਸਕਣ। ਇਨ੍ਹਾਂ ਉਪਰਾਲਿਆਂ ਦੇ ਨਤੀਜੇ ਵਜੋਂ ਇਹ ਬੇਰੀਆਂ ਹਰੀਆਂ ਭਰੀਆਂ ਹਨ ਅਤੇ ਬੇਰ ਰੂਪੀ ਫਲਾਂ ਨਾਲ ਲੱਦੀਆਂ ਦਿਖਾਈ ਦੇ ਰਹੀਆਂ ਹਨ। ਸ਼੍ਰੋਮਣੀ ਕਮੇਟੀ ਵਲੋਂ ਦੁਖ ਭੰਜਨੀ ਬੇਰੀ ਦੀ ਸਾਂਭ ਸੰਭਾਲ ਦੇ ਮੱਦੇਨਜ਼ਰ ਬੇਰੀ ਦੇ ਆਲੇ ਦੁਆਲੇ 2-2 ਫੁਟ ਥਾਂ ਖੁੱਲੀ ਛੱਡੀ ਗਈ ਹੈ ਤਾਂ ਜੋ ਬੇਰੀ ਦੀਆਂ ਜੜ੍ਹਾਂ ਤਕ ਹਵਾ ਪੁੱਜ ਸ਼ਕੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾਕਟਰ ਮਹਿੰਦਰ ਸਿੰਘ ਆਹਲੀ ਦਾ ਕਹਿਣਾ ਹੈ ਕਿ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਦੁਨੀਆ ਭਰ ਤੋਂ ਰੋਜ਼ਾਨਾ ਲੱਖਾਂ ਦੀ ਗਿਣਤੀ ਚ ਆਉਣ ਵਾਲੇ ਸ਼ਰਧਾਲੂਆਂ ਦੀ ਭਾਵਨਾ ਹੁੰਦੀ ਹੈ ਕਿ ਗੁਰੂ ਘਰ ਦੀ ਬਖਸ਼ਿਸ਼ ਵਜੋਂ ਇਨ੍ਹਾਂ ਬੇਰੀਆਂ ਦੇ ਬੇਰ ਪ੍ਰਾਪਤ ਹੋਣ ਤੇ ਇਸ ਲਈ ਸੰਗਤਾਂ ਘੰਟਿਆਂ ਬੱਧੀ ਬੇਰੀਆਂ ਹੇਠ ਬੈਠ ਕੇ ਇੰਤਜਾਰ ਕਰਦੀਆਂ ਹਨ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਇਤਿਹਾਸਿਕ ਬੇਰੀਆਂ ਦੀ ਸਾਂਭ ਸੰਭਾਲ ਲਈ ਸਹਿਯੋਗ ਕਰਨ ਤਾਂ ਜੋ ਲੰਬੇ ਸਮੇਂ ਤਕ ਇਹ ਬੇਰੀਆਂ ਹਰੀਆਂ ਭਰੀਆਂ ਰਹਿਣ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਬਾਗਬਾਨੀ ਮਾਹਿਰਾਂ ਦੀ ਟੀਮ ਵਲੋਂ ਲਗਾਤਾਰ ਸਮੇ ਸਮੇ ਸਿਰ ਆ ਕੇ ਬੇਰੀਆਂ ਦੀ ਸਾਂਭ



ਸੰਭਾਲ ਕੀਤੀ ਜਾਂਦੀ ਹੈ। ਮਾਹਿਰਾਂ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਦੇ ਅਸ਼ੀਰਵਾਦ ਸਦਕਾ ਇਨ੍ਹਾਂ ਇਤਿਹਾਸਿਕ ਬੇਰੀਆਂ ਦੀ ਸੰਭਾਲ ਦੀ ਸੇਵਾ 5-6 ਸਾਲ ਪਹਿਲਾਂ ਮਿਲੀ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਬੇਰੀਆਂ ਤੇ ਅਕਸਰ ਹੀ ਲਾਖ ਦੇ ਕੀੜੇ ਹਮਲਾ ਕਰਦੇ ਹਨ ਜਿਨ੍ਹਾਂ ਦੀ ਰੋਕਥਾਮ ਲਈ ਬਹੁਤ ਜਰੂਰੀ ਹੋਣ ਤੇ ਆਰਗੈਨਿਕ ਸਪਰੇਅ ਕੀਤੀ ਜਾਂਦੀ ਹੈ ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆਏ ਹਨ ਅਤੇ ਹੁਣ ਇਹ ਬੇਰੀਆਂ ਪੂਰੀਆਂ ਹਰੀਆਂ ਭਰੀਆਂ ਹਨ ਤੇ ਇਨ੍ਹਾਂ ਨੂੰ ਭਰਪੂਰ ਫ਼ਲ ਲੱਗ ਰਹੇ ਹਨ। ਜ਼ਿਕਰਯੋਗ ਹੈ ਕਿ ਦੁਖ ਭੰਜਨੀ ਬੇਰ ਨਾਲ ਬੀਬੀ ਰਜਨੀ ਤੇ ਪਿੰਗਲੇ ਦਾ ਇਤਿਹਾਸ 'ਚ ਜ਼ਿਕਰ ਆਉਂਦਾ ਹੈ ਅਤੇ ਦੱਸਿਆ ਜਾਂਦਾ ਹੈ ਕਿ ਲਾਚੀ ਬੇਰ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸੇ ਰੰਗੜ ਦਾ ਸਿਰ ਕਲਮ ਕਰਨ ਆਏ ਸਿੱਖ ਯੋਧਿਆਂ ਨੇ ਆਪਣੇ ਘੋੜੇ ਬੰਨੇ ਸਨ। ਇਸੇ ਤਰਾਂ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਦੀ ਸੇਵਾ ਜਰਵਾਉਣ ਸਮੇ ਬੇਰ ਬਾਬਾ ਬੁੱਢਾ ਜੀ ਹੇਠ ਹੀ ਬੈਠਿਆ ਕਰਦੇ ਸਨ। ਇਸੇ ਦੇ ਚਲਦਿਆਂ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਚ ਮੌਜੂਦ ਇਨ੍ਹਾਂ ਬੇਰੀਆਂ ਨਾਲ ਸੰਗਤਾਂ ਦੀ ਅਥਾਹ ਸ਼ਰਧਾ ਜੁੜੀ ਹੈ।




# ਸਰੀਰਕ ਸੈੱਲ ਘੱਟਣਾ ਚਿੰਤਾਜਨਕ

ਸਰੀਰਕ ਸੈੱਲ ਘੱਟਣਾ ਅਤੇ ਡੇਂਗੂ ਜਹੀਆਂ ਕਈ ਬਿਮਾਰੀਆਂ ਨਾਲ ਲੜ ਰਹੀ ਹੈ ਦੇਸ ਦੀ ਜਨਤਾ। ਹਸਪਤਾਲਾਂ ਵਿਚ ਬੇਹਿਸਾਬ ਭੀੜ ਕਾਰਨ ਮਰੀਜ ਪ੍ਰੇਸ਼ਾਨ ਹੋ ਰਹੇ ਹਨ। ਇਲਾਜ ਦਰ ਇਲਾਜ ਚੱਲ ਰਹੇ ਹਨ ਪਰ ਬਹੁਤ ਲੋਕ ਅਜਿਹੇ ਵੀ ਹਨ ਜੋ ਮਹਿੰਗਿਆਂ ਦਵਾਈਆਂ ਨਹੀਂ ਖਰੀਦ ਸਕਦੇ ਤੇ ਬਿਮਾਰੀਆਂ ਨਾਲ ਜੱਦੋ ਜਹਿਦ ਕਰ ਰਹੇ ਹਨ। ਸਰਕਾਰੀ ਹਸਪਤਾਲਾਂ ਉਸ ਤੋਂ ਵੀ ਬੁਰਾ ਹਾਲ ਹੈਪਰ ਕੋਈ ਨਹੀਂ ਸੁਣਦਾ।



ਪ੍ਰਦੂਸ਼ਣ ਅਤੇ ਗੰਦੇ ਪਾਣੀਆਂ ਕਾਰਨ ਅੱਜਕਲ ਇਹ ਬਹੁਤ ਬੜੀ ਚਿੰਤਾਂ ਦਾ ਵਿਸ਼ਾ ਬਣ ਗਿਆ ਹੈ। ਸਰਕਾਰ ਨੂੰ ਮੌਜੂਦਾ ਹਾਲਾਤ ਤੇ ਗੌਰ ਕਰਨੀ ਚਾਹੀਦੀ ਹੈ ਤਾਂ ਜੋ ਬਿਮਾਰੀਆਂ ਨਾਲ ਪੀੜਤ ਜਨਤਾ ਨੂੰ ਮੱਦਦ ਮਿਲ ਸਕੇ। ਦੇਸ ਵਾਸੀ ਬਹੁਤ ਬੁਰੇ ਦੌਰ ਵਿਚੋਂ ਲੰਘ ਰਹੇ ਹਨ। ਨਾ ਪਾਣੀ ਸਾਫ ਹੈ ਨਾ ਹਵਾ। ਸੁੱਧਤਾ ਲਈ ਉਪਰਾਲੇ ਕੀਤੇ ਜਾਣੇ ਬਹੁਤ ਜਰੂਰੀ ਹਨ। ਸਰੀਰਕ ਸੈੱਲ ਜੋ ਅਚਾਨਕ ਹੀ ਬਹੁਤ ਬੜੀ ਸਮੱਸਿਆ ਬਣ ਕੇ ਸਾਹਮਣੇ ਆਈ ਹੈ।

ਇਹਨਾਂ ਦਾ ਘੱਟਣਾ ਕਮਜੋਰੀ ਐਨੀ ਪਾਉਦਾ ਹੈ ਕਿ ਲੋਕ ਕੰਮਾਂ-ਕਾਰਾਂ ਤੇ ਨਾ ਜਾ ਸਕਣ ਕਰਕੇ ਘਰਾਂ ਅਤੇ ਹਸਪਤਾਲਾਂ ਵਿਚ ਪ੍ਰੇਸ਼ਾਨੀਆਂ ਝੱਲ ਰਹੇ ਹਨ। ਮਹਿੰਗੀਆਂ ਦਵਾਈਆਂ ਜਿੱਥੇ ਲੱਕ ਤੋੜ ਰਹੀਆਂ ਹਨ, ਉੱਥੇ ਮਰੀਜ ਬੇਵੱਸ ਅਤੇ ਲਾਚਾਰ ਹਨ ਇਲਾਜ ਕਰਵਾਉਣ ਲਈ। ਬੱਚਿਆਂ ਤੋਂ ਲੈ ਕੇ ਹਰ ਵਰਗ ਦੇ ਲੋਕ ਮੁਸੀਬਤਾਂ ਵਿਚ ਫਸੇ ਨਜਰ ਆਉਦੇਂ ਹਨ। ਕਈ-ਕਈ ਦਿਨ ਹਸਪਤਾਲਾਂ ਵਿਚ ਦਾਖਲ ਲੋਕਾਂ ਦੇ ਪਰਿਵਾਰਿਕ ਮੈਂਬਰ ਖਰਚਿਆਂ ਕਾਰਨ ਬਹੁਤ ਮਜਬੂਰ ਹਨ।

ਕਿਉਂਕਿ ਅਪਣਿਆਂ ਨੂੰ ਬਿਮਾਰ ਦੇਖ ਕੇ ਬੈਠਿਆ ਨਹੀਂ ਜਾ ਸਕਦਾ, ਇਲਾਜ ਜਰੂਰੀ ਹੈ। ਸੈੱਲ ਘੱਟਣੇ ਅਤੇ ਡੇਂਗੂ ਨੇ ਮਰੀਜਾਂ ਦੀ ਗਿਣਤੀ ਵਿਚ ਬੇ-ਹਿਸਾਬ ਵਾਧਾ ਕੀਤਾ ਹੈ। ਲੋਕ ਲੱਤਾਂ ਵਿਚ ਦਰਦ, ਸਿਰ ਦਰਦ ਅਤੇ ਹੋਰ ਕਈ ਤਰਾ ਦੀਆਂ ਕਮਜੋਰੀਆਂ ਮਹਿਸੂਸ ਕਰ ਰਹੇ ਹਨ। ਬੇਰੁਜਗਾਰੀ ਪਹਿਲਾਂ ਹੀ ਬਹੁਤ ਹੈ ਅਤੇ ਅੱਜਕਲ ਜਨਤਾ ਕੰਮ-ਧੰਦਿਆਂ ਤੋਂ ਹਟ ਕੇ ਘਰ ਬੈਠਣ ਲਈ ਮਜਬੂਰ ਹੈ। ਮਹਿਗਾਈ ਨੇ ਅਲੱਗ ਦੁਖੀ ਕੀਤਾ ਸਭ ਨੂੰ। ਕਾਸ਼ ਸਾਨੂੰ ਦੇਸ਼ ਵਾਸ਼ੀਆਂ ਨੂੰ ਸੁੱਧ ਹਵਾ-ਪਾਣੀ ਮਿਲ ਸਕੇ ਤਾਂ ਬਹੁਤ ਫਾਈਦਾ ਹੋਵੇਗਾ.....।

**ਜਸਪ੍ਰੀਤ ਕੌਰ ਮਾਂਗਟ**
**ਬੇਗੋਵਾਲ, ਦੋਰਾਹਾ ਲੁਧਿਆਣਾ**
+9199143-48246

# ਹੈਰਾਨੀਜਨਕ...! ਸੈਕਸ ਹਾਰਮੋਨ ਤੋਂ ਲੈ ਕੇ ਇੰਸੂਲਿਨ ਤਕ ਵਧਾ ਸਕਦਾ ਵਧੇਰਾ ਵਜ਼ਨ

ਕੀ ਤੁਸੀਂ ਜਾਣਦੇ ਹੋ ਕਿ ਸਰੀਰ ਵਿੱਚ ਹਾਰਮੋਨਜ਼ ਦੇ ਅਸੰਤੁਲਨ ਨਾਲ ਸਰੀਰ ਬਹੁਤ ਪ੍ਰਭਾਵਿਤ ਹੁੰਦਾ ਹੈ। ਇਸ ਨਾਲ ਸਿਰਫ਼ ਗਰਭ ਅਵਸਥਾ ਬਲਕਿ ਮਾਨਸਿਕ ਤੇ ਸਰੀਰਕ ਟੁੱਟ ਭੱਜ ਹੁੰਦੀ ਹੈ। ਇੰਨਾ ਹੀ ਨਹੀਂ, ਹਾਰਮੋਨਜ਼ ਦਾ ਪੱਧਰ ਵਧਣ ਕਾਰਨ ਵਜ਼ਨ ਵੀ ਵਧ ਜਾਂਦਾ ਹੈ। ਆਓ ਤੁਹਾਨੂੰ ਦੱਸਦੇ ਹਾਂ ਕਿਹੜਾ ਹਾਰਮੋਨ ਤੁਹਾਡਾ ਵਜ਼ਨ ਵਧਾਉਂਦਾ ਹੈ।

**ਐਸਟ੍ਰੋਜਨ-** ਇਹ ਨੋਟ ਕੀਤਾ ਗਿਆ ਹੈ ਕਿ ਐਸਟ੍ਰੋਜਨ ਦਾ ਘੱਟ ਤੇ ਜ਼ਿਆਦਾ ਪੱਧਰ ਵਜ਼ਨ ਵਧਾ ਸਕਦਾ ਹੈ। ਐਸਟ੍ਰੋਜਨ ਦੇ ਸਰੀਰ ਵਿੱਚ ਵਾਧੂ ਮਾਤਰਾ ਵਿੱਚ ਪੈਦਾ ਹੋਣ ਪਿੱਛੇ ਜ਼ਿਆਦਾ ਖਾਣ ਦੀ ਆਦਤ ਹੈ। ਆਮ ਤੌਰ 'ਤੇ ਸਰੀਰ ਜ਼ਰੂਰਤ ਦੇ ਹਿਸਾਬ ਨਾਲ ਐਸਟ੍ਰੋਜਨ ਪੈਦਾ ਕਰਦਾ ਹੈ, ਪਰ ਐਸਟ੍ਰੋਜਨ ਭਰਪੂਰ ਖਾਣਾ ਖਾਣ ਨਾਲ ਨਾ ਸਿਰਫ ਤਣਾਅ ਵਧਦਾ ਹੈ, ਬਲਕਿ ਗਲੂਕੋਜ਼ ਪੱਧਰ ਵੀ ਵਧ ਜਾਂਦਾ ਹੈ। ਐਸਟ੍ਰੋਜਨ ਨੂੰ ਕਾਬੂ ਰੱਖਣ ਲਈ ਸ਼ਰਾਬ ਦਾ ਸੇਵਨ ਘੱਟ ਕਰੋ, ਪ੍ਰੋਸੈਸਡ ਦੀ ਬਜਾਏ ਤਾਜ਼ਾ ਮੀਟ ਖਾਓ, ਰੋਜ਼ਾਨਾ ਕਸਰਤ ਕਰੋ ਤੇ ਤਾਜ਼ੇ ਫਲ ਤੇ ਹਰੀਆਂ ਸਬਜ਼ੀਆਂ ਹੀ ਖਾਓ।



**ਥਾਇਰੌਇਡ ਹਾਰਮੋਨਜ਼-** ਇਹ ਗ੍ਰੰਥੀ ਤੁਹਾਡੇ ਗਲ਼ ਦੇ ਆਲ਼ੇ-ਦੁਆਲ਼ੇ ਹੁੰਦਾ ਹੈ। ਇਹ ਟੀ3, ਟੀ4 ਕੈਲਿਸਟੋਨਿਨ ਪੈਦਾ ਕਰਦਾ ਹੈ ਜੋ ਸਰੀਰ ਦੇ ਮੈਟਾਬੌਲਿਜ਼ਮ ਪਾਚਨ ਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਂਦਾ ਹੈ। ਜੇਕਰ ਥਾਇਰੌਇਡ ਹਾਰਮੋਨ ਪੈਦਾ ਨਹੀਂ ਹੋਵੇਗਾ ਤਾਂ ਥਾਇਰੌਇਡ ਦੀ ਸਮੱਸਿਆ ਹੋ ਸਕਦੀ ਹੈ, ਜਿਸ ਨਾਲ ਵਜ਼ਨ ਵਧ ਸਕਦਾ ਹੈ। ਇਸ ਨੂੰ ਕਾਬੂ ਵਿੱਚ ਰੱਖਣ ਲਈ ਵਿਟਾਮਿਨ ਡੀ ਦਾ ਸੇਵਨ ਕਰੋ, ਖਾਣਾ ਪਕਾ ਕੇ ਖਾਓ ਤੇ ਜੰਕ ਫੂਡ ਤੋਂ ਪਰਹੇਜ਼ ਕਰੋ।

**ਇੰਸੂਲਿਨ-** ਇਹ ਪੈਂਕ੍ਰਿਆਜ਼ ਵਿੱਚ ਹੁੰਦਾ ਹੈ ਜੋ ਕਿ ਸੈੱਲਾਂ ਤਕ ਗਲੂਕੋਜ਼ ਪਹੁੰਚਾਉਂਦਾ ਹੈ। ਇਸ ਨੂੰ ਊਰਜਾ ਤੇ ਚਰਬੀ ਨੂੰ ਸਾਂਭ ਕੇ ਰੱਖਣ ਲਈ ਵਰਤਿਆ ਜਾਂਦਾ ਹੈ। ਇਹ ਸਿੱਧੇ ਤੌਰ 'ਤੇ ਬਲੱਡ ਗਲੂਕੋਜ਼ ਨੂੰ ਕਾਬੂ ਵਿੱਚ ਰੱਖਦਾ ਹੈ। ਜਦ ਇੰਸੂਲਿਨ ਪੱਧਰ ਵਿੱਚ ਵਾਧਾ ਹੁੰਦਾ ਹੈ ਤਾਂ ਮਸਲਜ਼ ਸੈੱਲ ਗਲੂਕੋਜ਼ ਬਾਊਂਡ ਸੈਲਜ਼ ਨੂੰ ਪਛਾਣ ਨਹੀਂ ਪਾਉਂਦੇ। ਇਸ ਨਾਲ ਬਲੱਡ ਸ਼ੂਗਰ ਵਧ ਜਾਂਦਾ ਹੈ ਤੇ ਵਜ਼ਨ ਵਧ ਸਕਦਾ ਹੈ। ਇਸ ਤੋਂ ਬਚਣ ਲਈ ਫਲੇਕਸੀਡਜ਼, ਸਬਜ਼ੀਆਂ, ਫਲ ਖਾਓ ਤੇ ਦੇਰ ਰਾਤ ਨੂੰ ਪਤੌੜ (ਸਨੈਕਸ) ਖਾਣ ਤੋਂ ਬਚੋ ਤੇ ਨਾਲ ਹੀ ਸ਼ਰਾਬ ਦਾ ਸੇਵਨ ਨਾ ਕਰੋ।

**ਟੈਸਟੋਸਟੇਰੌਨ-** ਇਸ ਨੂੰ ਸੈਕਸ ਹਾਰਮੋਨ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਮਰਦਾਂ ਵਿੱਚ ਵੱਧ ਤੇ ਔਰਤਾਂ ਵਿੱਚ ਘੱਟ ਪਾਇਆ ਜਾਂਦਾ ਹੈ। ਇਹ ਸੈਕਸ ਇੱਛਾ ਨੂੰ ਕਾਬੂ ਕਰਦਾ ਹੈ। ਇਹ ਚਰਬੀ ਨੂੰ ਪੰਘਾਰਦਾ ਹੈ ਤੇ ਮਸਲਜ਼ ਨੂੰ ਮਜ਼ਬੂਤ ਕਰਦਾ ਹੈ। ਤਣਾਅ ਲੈਣ ਤੇ ਖ਼ਰਾਬ ਲਾਈਫ਼ਸਟਾਈਲ ਕਾਰਨ ਟੈਸਟੋਸਟੇਰੌਨ ਪੱਧਰ ਘੱਟ ਹੋ ਜਾਂਦਾ ਹੈ, ਜਿਸ ਨਾਲ ਵਜ਼ਨ ਵਧਦਾ ਹੈ। ਇਸ ਤੋਂ ਬਚਣ ਲਈ ਫਾਈਬਰ ਯਾਨੀ ਰੇਸ਼ੇਦਾਰ ਭੋਜਨ ਖਾਓ, ਸ਼ਰਾਬ ਦਾ ਸੇਵਨ ਨਾ ਕਰੋ ਤੇ ਰੋਜ਼ ਕਸਰਤ ਕਰੋ।

## ਸਵੇਰੇ ਨੰਗੇ ਪੈਰ ਘਾਹ 'ਤੇ ਚਲਣ ਨਾਲ ਸਰੀਰ ਨੂੰ ਹੁੰਦੇ ਹਨ ਕਈ ਫਾਇਦੇ

ਅੱਜਕਲ ਦੇ ਸਮੇਂ 'ਚ ਬਿਜੀ ਸ਼ੈਡਿਊਲ ਜਾਂ ਗਲਤ ਖਾਣ-ਪੀਣ ਕਾਰਨ ਲੋਕ ਕਿਸੇ ਨਾ ਕਿਸੇ ਬੀਮਾਰੀ ਨਾਲ ਗ੍ਰਸਤ ਹਨ। ਡਾਕਟਰ ਬੀਮਾਰੀਆਂ ਤੋਂ ਬਚਣ ਲਈ ਸਵੇਰੇ ਸੈਰ ਕਰਨ ਜਾਂ ਘਾਹ 'ਤੇ ਚਲਣ ਦੀ ਸਲਾਹ ਦਿੰਦੇ ਹਨ ਮਤਲੱਬ ਕੁਦਰਤ ਦੇ ਜਰੀਏ ਤੁਸੀਂ ਬਹੁਤ ਸਾਰੀਆਂ ਬੀਮਾਰੀਆਂ ਨੂੰ ਦੂਰ ਕਰ ਸਕਦੇ ਹੋ। ਅੱਜ ਵਿਸ਼ਵ ਵਾਤਾਵਰਣ ਦਿਵਸ ਹੈ ਪਰ ਸ਼ਾਇਦ ਹੀ ਕੋਈ ਕੁਦਰਤ ਨਾਲ ਜੁੜੇ ਫਾਇਦੇ ਜਾਣਦਾ ਹੋਵੇਗਾ। ਜ਼ਿੰਦਗੀ ਨੂੰ ਤਣਾਅਮੁਕਤ, ਸਿਹਤਮੰਦ ਅਤੇ ਖੁਸ਼ਨੁਮਾ ਬਣਾਉਣ ਲਈ ਸੈਰ ਕਰਨਾ ,ਤਾਜ਼ੀ ਹਵਾ ਲੈਣਾ ਅਤੇ ਘਾਹ 'ਤੇ ਨੰਗੇ ਪੈਰ ਚਲਣਾ ਬਹੁਤ ਹੀ ਫਾਇਦੇਮੰਦ ਹੁੰਦਾ ਹੈ। ਅੱਜ ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ 'ਤੇ ਅਸੀਂ ਤੁਹਾਨੂੰ ਘਾਹ 'ਤੇ ਨੰਗੇ ਪੈਰ ਚਲਣ ਨਾਲ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਦੇ ਫਾਇਦਿਆਂ ਬਾਰੇ...

**1. ਡਾਇਬਿਟੀਜ਼**

ਡਾਇਬਿਟੀਜ਼ ਰੋਗੀਆਂ ਨੂੰ ਅਕਸਰ ਪੈਰਾਂ ਅਤੇ ਗੋਡਿਆਂ 'ਚ ਦਰਦ ਰਹਿੰਦਾ ਹੈ। ਅਜਿਹੇ 'ਚ ਘਾਹ 'ਤੇ ਚਲਣਾ ਤੁਹਾਡੇ ਲਈ ਕਾਫੀ ਫਾਇਦੇਮੰਦ ਹੋ ਸਕਦਾ ਹੈ। ਰੋਜ਼ਾਨਾ ਘਾਹ 'ਤੇ ਚਲਣ ਨਾਲ ਪੈਰਾਂ ਦੀਆਂ ਤਲੀਆਂ 'ਚ ਖ਼ੂਨ ਦਾ ਪ੍ਰਵਾਹ ਸਹੀ ਤਰੀਕਿਆਂ ਨਾਲ ਹੁੰਦਾ ਹੈ। ਇਸ ਨਾਲ ਬਲੱਡ ਸ਼ੂਗਰ ਵੀ ਕੰਟਰੋਲ 'ਚ ਰਹਿੰਦੀ ਹੈ।

**2. ਦਿਲ ਦੀ ਬੀਮਾਰੀ**

ਨਿਯਮਿਤ ਰੂਪ 'ਚ ਘਾਹ 'ਤੇ ਨੰਗੇ ਪੈਰ ਚਲਣ ਨਾਲ ਸਰੀਰ 'ਚ ਖ਼ੂਨ ਦਾ ਦੌਰਾ ਤੇਜ਼ ਹੁੰਦਾ ਹੈ, ਜੋ ਕਿ ਤੁਹਾਨੂੰ ਦਿਲ ਦੀਆਂ ਬੀਮਾਰੀਆਂ ਤੋਂ ਦੂਰ ਰੱਖਣ 'ਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਖ਼ੂਨ ਪਤਲਾ ਹੁੰਦਾ ਹੈ, ਜੋ ਕਿ ਕੋਸ਼ੀਕਾਵਾਂ ਤੱਕ ਆਸਾਨੀ ਨਾਲ ਪਹੁੰਚ ਜਾਂਦਾ ਹੈ।

**3. ਮਜ਼ਬੂਤ ਹੱਡੀਆਂ**

ਸਿਰਫ ਵਧਦੀ ਉਮਰ ਹੀ ਨਹੀਂ, ਅੱਜਕਲ ਦੀ ਖਰਾਬ ਡਾਈਟ ਕਾਰਨ ਵੀ ਲੋਕਾਂ ਦੀਆਂ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਅਜਿਹੇ 'ਚ ਘਾਹ 'ਤੇ ਚਲਣਾ ਤੁਹਾਡੇ ਲਈ ਫਾਇਦੇਮੰਦ ਹੋਵੇਗਾ। ਨੰਗੇ ਪੈਰ ਘਾਹ 'ਤੇ ਚਲਣ ਨਾਲ ਵੀ ਹੱਡੀਆਂ 'ਚ ਕੈਲਸ਼ੀਅਮ ਵਧਦਾ ਹੈ, ਜਿਸ ਨਾਲ ਉਨ੍ਹਾਂ ਨੂੰ ਮਜ਼ਬੂਤੀ ਮਿਲਦੀ ਹੈ।

**4. ਪੈਰਾਂ ਨਾਲ ਜੁੜੀਆਂ ਸਮੱਸਿਆ**

ਜੇ ਤੁਹਾਡੇ ਪੈਰਾਂ 'ਚ ਸੋਜ, ਛਾਲੇ ਜਾਂ ਜਲਣ ਵਰਗੀ ਕੋਈ ਵੀ ਸਮੱਸਿਆ ਹੈ ਤਾਂ ਘਾਹ 'ਤੇ 10 ਤੋਂ 15 ਮਿੰਟ ਲਈ ਜ਼ਰੂਰ ਚਲੋ।

# ਮਲਾਈ ਖਾਣ ਦੇ ਇਹ ਬੇਮਿਸਾਲ ਫਾਇਦੇ ਜਾਣ ਕੇ ਹੋ ਜਾਓਗੇ ਹੈਰਾਨ



ਅਕਸਰ ਮੰਨਿਆ ਜਾਂਦਾ ਹੈ ਕਿ ਮਲਾਈ ਖਾਣ ਨਾਲ ਵਜ਼ਨ ਵਧਦਾ ਹੈ ਪਰ ਇਹ ਗੱਲ ਗਲਤ ਹੈ। ਰੋਜ਼ ਇਕ ਜਾਂ ਦੋ ਚੱਮਚ ਮਲਾਈ ਖਾਣ ਨਾਲ ਵਜ਼ਨ ਘੱਟਦਾ ਹੈ। ਮਲਾਈ ਸਰੀਰ ਦੀਆਂ ਕਈ ਬੀਮਾਰੀਆਂ ਨੂੰ ਦੂਰ ਰੱਖਣ 'ਚ ਮਦਦ ਕਰਦੀ ਹੈ ਸਰੀਰ ਲਈ ਜਿੰਨੀ ਫਾਇਦੇਮੰਦ ਦੁੱਧ ਦੀ ਵਰਤੋਂ ਹੁੰਦੀ ਹੈ ਉਂਨੀ ਹੀ ਫਾਇਦੇਮੰਦ ਸਰੀਰ ਲਈ ਮਲਾਈ ਵੀ ਹੁੰਦੀ ਹੈ। ਮਲਾਈ 'ਚ ਭਰਪੂਰ ਮਾਤਰਾ 'ਚ ਫਾਈਬਰ, ਪ੍ਰੋਟੀਨ ਅਤੇ ਪੋਸ਼ਕ ਤੱਤ ਮੌਜੂਦ ਹੁੰਦੇ ਹਨ ਜੋ ਸਾਨੂੰ ਕਈ ਤਰ੍ਹਾਂ ਦੇ ਫਾਇਦੇ ਦਿੰਦੇ ਹਨ। ਅੱਜ ਅਸੀਂ ਤੁਹਾਨੂੰ ਮਲਾਈ ਨਾਲ ਸਰੀਰ ਨੂੰ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਦੇ ਫਾਇਦਿਆਂ ਬਾਰੇ...

**ਭਾਰ ਘੱਟ ਕਰੇ**

ਮਲਾਈ 'ਚ ਫੈਟੀ ਐਸਿਡ ਹੁੰਦੇ ਹਨ ਜੋ ਸਰੀਰ ਦੀ ਫੈਟ ਨੂੰ ਬਰਨ ਕਰਦੇ ਹਨ ਅਤੇ ਵਜ਼ਨ ਘੱਟ ਕਰਨ 'ਚ ਮਦਦ ਕਰਦੇ ਹਨ।ਇਸ ਲਈ ਰੋਜ਼ਾਨਾ ਦੋ ਚੱਮਚ ਮਲਾਈ ਦੀ ਵਰਤੋਂ ਜ਼ਰੂਰ ਕਰੋ। ਜਿਹੜੇ ਲੋਕ ਮੋਟਾਪੇ ਦੀ ਸਮੱਸਿਆ ਤੋਂ ਪ੍ਰੇਸ਼ਾਨ ਰਹਿੰਦੇ ਹਨ ਉਨ੍ਹਾਂ ਨੂੰ ਮਲਾਈ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ।

**ਦਿਲ ਨੂੰ ਸਿਹਤਮੰਦ ਰੱਖੇ**

ਇਸ 'ਚ ਸੈਚੁਰੇਟੇਡ ਫੈਟ ਹੁੰਦੀ ਹੈ ਜਿਸ ਨਾਲ ਕੋਲੈਸਟਰੋਲ ਘੱਟ ਹੁੰਦਾ ਹੈ ਜੋ ਦਿਲ ਸੰਬੰਧੀ ਸਮੱਸਿਆਵਾਂ ਤੋਂ ਬਚਾਉਂਦੇ ਹਨ।ਇਸ ਲਈ ਜਿਨ੍ਹਾਂ ਲੋਕਾਂ ਨੂੰ ਹਾਰਟ ਨਾਲ ਜੁੜੀਆਂ ਸਮੱਸਿਆਵਾਂ ਹੁੰਦੀਆਂ ਹਨ ਉਨ੍ਹਾਂ ਲਈ ਇਹ ਬਹੁਤ ਹੀ ਫਾਇਦੇਮੰਦ ਹੁੰਦੀ ਹੈ।

**ਅੱਖਾਂ ਦੀ ਰੋਸ਼ਨੀ ਵਧਾਏ**

ਮਲਾਈ 'ਚ ਵਿਟਾਮਿਨ 'ਏ' ਹੁੰਦਾ ਹੈ ਜੋ ਅੱਖਾਂ ਦੀ ਰੋਸ਼ਨੀ ਠੀਕ ਰੱਖਣ 'ਚ ਮਦਦ ਕਰਦੇ ਹਨ।ਇਸ ਲਈ ਰੋਜ਼ਾਨਾ ਮਲਾਈ ਦੀ ਵਰਤੋਂ ਜ਼ਰੂਰ ਕਰੋ। ਬੱਚਿਆਂ ਨੂੰ ਤਾਂ ਰੋਜ਼ਾਨਾ ਮਲਾਈ ਦੀ ਵਰਤੋਂ ਕਰਵਾਉਣੀ ਚਾਹੀਦੀ ਹੈ।

**ਪਾਚਨ ਤੰਤਰ ਨੂੰ ਮਜ਼ਬੂਤ ਕਰੇ**

ਮਲਾਈ ਖਾਣ ਨਾਲ ਪਾਚਨ ਤੰਤਰ ਠੀਕ ਰਹਿੰਦਾ ਹੈ ਅਤੇ ਭੋਜਨ ਵੀ ਆਸਾਨੀ ਨਾਲ ਪਚ ਜਾਂਦਾ ਹੈ। ਇਸ ਨਾਲ ਪੇਟ ਦੀਆਂ ਹੋਰ ਸਮੱਸਿਆਵਾਂ ਜਿਵੇਂ ਕਬਜ਼, ਐਸੀਡਿਟੀ ਅਤੇ ਅਪਚ ਵਰਗੀਆਂ ਸਮੱਸਿਆਵਾਂ ਵੀ ਦੂਰ ਰਹਿੰਦੀਆਂ ਹਨ।

**ਅਲਸਰ ਤੋਂ ਬਚਾਏ**

ਮਲਾਈ 'ਚ ਐਂਟੀ ਇੰਫਲੀਮੇਟਰੀ ਗੁਣ ਹੁੰਦੇ ਹਨ ਜੋ ਅਲਸਰ ਤੋਂ ਬਚਾਉਣ 'ਚ ਮਦਦ ਕਰਦੇ ਹਨ।ਇਸ ਲਈ ਇਸ ਦੀ ਵਰਤੋਂ ਕਰਨਾ ਫਾਇਦੇਮੰਦ ਹੁੰਦਾ ਹੈ।

**ਬਲੱਡ ਪ੍ਰੈਸ਼ਰ ਕੰਟਰੋਲ ਕਰੇ**

ਮਲਾਈ 'ਚ ਪੋਟਾਸ਼ੀਅਮ ਹੁੰਦਾ ਹੈ ਜੋ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ।ਇਸ ਲਈ ਜਿਨ੍ਹਾਂ ਲੋਕਾਂ ਨੂੰ ਬਲੱਡ ਪ੍ਰੈਸ਼ਰ ਦੀ ਸਮੱਸਿਆ ਰਹਿੰਦੀ ਹੈ ਉਨ੍ਹਾਂ ਨੂੰ ਰੋਜ਼ਾਨਾ ਮਲਾਈ ਦੀ ਵਰਤੋਂ ਕਰਨੀ ਚਾਹੀਦੀ ਹੈ।

## ਗਰਭ ਅਵਸਥਾ 'ਚ ਪੀਓਗੇ ਇਹ ਜੂਸ ਤਾਂ ਸਰੀਰ ਨੂੰ ਹੋਣਗੇ ਕਈ ਫਾਇਦੇ



ਚੁਕੰਦਰ ਦੀ ਵਰਤੋਂ ਹੈਲਥ ਅਤੇ ਸਕਿਨ ਦੋਹਾਂ ਲਈ ਬਹੁਤ ਹੀ ਫਾਇਦੇਮੰਦ ਹੁੰਦੀ ਹੈ। ਇਸ 'ਚ ਮੌਜੂਦ ਪੋਸ਼ਕ ਤੱਤ ਸਰੀਰ 'ਚ ਖ਼ੂਨ ਦੀ ਕਮੀ ਨਹੀਂ ਹੋਣ ਦਿੰਦੇ। ਜ਼ਿਆਦਾਤਰ ਲੋਕ ਚੁਕੰਦਰ ਦਾ ਸਲਾਦ ਬਣਾ ਕੇ ਜਾਂ ਜੂਸ ਬਣਾ ਕੇ ਪੀਂਦੇ ਹਨ। ਗਰਭ ਅਵਸਥਾ 'ਚ ਚੁਕੰਦਰ ਦੀ ਵਰਤੋਂ ਕਰਨਾ ਫਾਇਦੇਮੰਦ ਹੁੰਦਾ ਹੈ। ਚੁਕੰਦਰ ਦਾ ਜੂਸ ਪੀਣ ਜਾਂ ਉਂਝ ਹੀ ਇਸ ਨੂੰ ਖਾਣ ਨਾਲ ਸਰੀਰ ਨੂੰ ਤੁਰੰਤ ਐਨਰਜੀ ਮਿਲਦੀ ਹੈ। ਇਸ ਤੋਂ ਇਲਾਵਾ ਵੀ ਗਰਭ ਅਵਸਥਾ 'ਚ ਚੁਕੰਦਰ ਦੀ ਵਰਤੋਂ ਕਰਨ ਨਾਲ ਕਈ ਫਾਇਦੇ ਹੁੰਦੇ ਹਨ। ਅੱਜ ਅਸੀਂ ਤੁਹਾਨੂੰ ਉਨ੍ਹਾਂ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ। ਜਦੋਂ ਇਕ ਔਰਤ ਮਾਂ ਬਣਨ ਵਾਲੀ ਹੁੰਦੀ ਹੈ ਤਾਂ ਉਸ ਦੇ ਸਰੀਰ ਨੂੰ ਪਹਿਲਾਂ ਦੀ ਤੁਲਨਾ 'ਚ ਜ਼ਿਆਦਾ ਮਾਤਰਾ 'ਚ ਫਾਲਿਕ ਐਸਿਡ ਦੀ ਜ਼ਰੂਰਤ ਹੁੰਦੀ ਹੈ। ਇਸ ਦੀ ਕਮੀ ਹੋਣ 'ਤੇ ਬੱਚੇ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਵੀ ਪੂਰਨ ਰੂਪ ਨਾਲ ਨਹੀਂ ਹੋ ਪਾਉਂਦਾ। ਫਾਲਿਕ ਐਸਿਡ ਦੀ ਕਮੀ ਹੋਣ 'ਤੇ ਔਰਤਾਂ ਦੇ ਗਰਭ 'ਚ ਪਲ ਰਹੇ ਬੱਚੇ ਦੀ ਮੌਤ ਤਕ ਹੋ ਸਕਦੀ ਹੈ। ਗਰਭ ਅਵਸਥਾ 'ਚ ਚੁਕੰਦਰ ਦਾ ਜੂਸ ਪੀਣ ਨਾਲ ਬਲੱਡ ਪ੍ਰੈਸ਼ਰ ਨਾਰਮਲ ਰਹਿੰਦਾ ਹੈ ,ਜਿਨ੍ਹਾਂ ਔਰਤਾਂ ਨੂੰ ਇਸ ਅਵਸਥਾ 'ਚ ਹਾਈ ਜਾਂ ਲੋਅ ਬਲੱਡ ਪ੍ਰੈਸ਼ਰ ਦੀ ਸਮੱਸਿਆ ਰਹਿੰਦੀ ਹੈ ਉਨ੍ਹਾਂ ਨੂੰ ਰੋਜ਼ਾਨਾ ਚੁਕੰਦਰ ਦਾ ਜੂਸ ਪੀਣਾ ਚਾਹੀਦਾ ਹੈ। ਇਸ ਤੋਂ ਇਲਾਵਾ ਚੁਕੰਦਰ ਦਾ ਜੂਸ ਪੀਣ ਨਾਲ ਸਰੀਰ 'ਚ ਖ਼ੂਨ ਦਾ ਸੰਚਾਰ ਠੀਕ ਹੋ ਜਾਂਦਾ ਹੈ। ਕੈਲਸ਼ੀਅਮ ਦੀ ਕਮੀ ਹੋਣ 'ਤੇ ਬੱਚੇ ਅਤੇ ਮਾਂ ਦੋਹਾਂ ਦੀਆਂ ਹੱਡੀਆਂ ਕਮਜ਼ੋਰ ਹੋ ਸਕਦੀਆਂ ਹਨ। ਚੁਕੰਦਰ ਦੀ ਵਰਤੋਂ ਸਰੀਰ 'ਚ ਕੈਲਸ਼ੀਅਮ ਦੀ ਕਮੀ ਨਹੀਂ ਹੋਣ ਦਿੰਦਾ।



# ਅਧੂਰੀ ਨੀਂਦ ਕਰਵਾ ਸਕਦੀ ਅਰਬਾਂ ਦਾ ਨੁਕਸਾਨ

ਖੋਜ ਵਿੱਚ ਪਤਾ ਲੱਗਾ ਹੈ ਕਿ ਅਧੂਰੀ ਨੀਂਦ ਵਿੱਤੀ ਤੇ ਗੈਰ-ਵਿੱਤੀ ਕੀਮਤਾਂ ਨਾਲ ਜੁੜੀ ਹੋਈ ਹੈ। ਦੁਨੀਆ ਭਰ ਵਿੱਚ ਵਿਆਪਕ ਤੌਰ 'ਤੇ ਲੋਕ ਨੀਂਦ ਤੋਂ ਪ੍ਰਭਾਵਿਤ ਹੋ ਰਹੇ ਹਨ। ਖੋਜ ਲਈ ਵੈਸਟਰਨ ਆਸਟਰੇਲੀਆ ਯੂਨੀਵਰਸਿਟੀ ਦੇ ਡੇਵਿਡ ਹਿਲਮੈਨ ਤੇ ਉਸ ਦੇ ਸਹਿਯੋਗੀਆਂ ਨੇ ਆਸਟਰੇਲੀਆ ਵਿੱਚ ਸੀਮਤ ਨੀਂਦ ਦੇ ਆਰਥਿਕ ਨਤੀਜਿਆਂ ਨੂੰ ਮਾਪਣ ਦੀ ਕੋਸ਼ਿਸ਼ ਕੀਤੀ। ਖੋਜ ਦੇ ਨਤੀਜੇ ਪ੍ਰਕਾਸ਼ਿਤ ਵੀ ਕੀਤੇ ਗਏ। ਪਤਾ ਲੱਗਾ ਕਿ ਆ ਆਸਟਰੇਲੀਆ ਵਿੱਚ 2016-17 ਲਈ ਅਧੂਰੀ ਨੀਂਦ ਦੀ ਕੁੱਲ ਕੀਮਤ 45.21 ਆਰਬ ਡਾਲਰ ਰਹੀ। ਖੋਜ ਵਿੱਚ ਕਿਹਾ ਗਿਆ ਹੈ ਕਿ ਸਮਾਨ ਅਰਥ ਵਿਵਸਥਾ ਵਾਲੇ ਹੋਰ ਦੇਸ਼ਾਂ ਦੀ ਸਥਿਤੀ ਵੀ ਇਸੇ ਤਰ੍ਹਾਂ ਦੀ ਹੋਣ ਦੀ ਸੰਭਾਵਨਾ ਹੈ। ਖੋਜੀਆਂ ਨੇ ਕਿਹਾ ਕਿ ਦੁਨੀਆ ਭਰ ਦੇ ਲੋਕ ਅਧੂਰੀ ਨਾਂਈ ਦੀ ਬਿਮਾਰੀ ਦੇ ਸ਼ਿਕਾਰ ਹਨ।

# .ਫ਼ੋਟੋ ਸਭਿਆਚਾਰ



ਅੱਜਕੱਲ ਇੱਕ ਨਵੇਂ ਕਿਸਮ ਦਾ ਸਭਿਆਚਾਰ ਸਾਡੇ ਸਮਾਜ ਵਿੱਚ ਤੇਜ਼ੀ ਨਾਲ ਆਪਣੇ ਪੈਰ ਪਸਾਰਦਾ ਨਜ਼ਰ ਆ ਰਿਹਾ ਹੈ ਜਿਸ ਦਾ ਨਾਮ ਹੈ, ਫ਼ੋਟੋ ਸਭਿਆਚਾਰ। ਇਸ ਸਭਿਆਚਾਰ ਦਾ ਵਿਲੱਖਣ ਪੱਖ ਇਹ ਹੈ ਕਿ ਇਸ ਨੂੰ ਜਾਣਨ-ਸਮਝਣ ਲਈ ਕੋਈ ਖ਼ਾਸ ਮਿਹਨਤ ਜਾਂ ਵਿਸ਼ੇਸ਼ ਗਿਆਨ ਦੀ ਲੋੜ ਨਹੀਂ ਪੈਂਦੀ, ਜਿਸ ਵੀ ਬੱਚੇ, ਨੌਜਵਾਨ ਜਾਂ ਬਜ਼ੁਰਗ ਕੌਲ ਆਪਣਾ ਸਮਾਰਟ ਫ਼ੋਨ ਹੈ, ਉਹ ਇਸ ਸਭਿਆਚਾਰ ਦਾ ਅਲੰਬਰਦਾਰ ਬਣ ਸਕਦਾ ਹੈ। ਇਸ ਸਭਿਆਚਾਰ ਦੀ ਪਕੜ ਵਿੱਚ ਮੌਜੂਦਾ ਸਮੇਂ ਹਰ ਉਮਰ ਅਤੇ ਹਰ ਵਰਗ ਦਾ ਇਨਸਾਨ ਆ ਗਿਆ ਹੈ।ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਤੁਹਾਡਾ ਵਾਹ-ਵਾਸਤਾਂ, ਇਸ ਸਭਿਆਚਾਰ ਦੇ ਵਾਰਸਾਂ ਨਾਲ ਜ਼ਰੂਰ ਪਿਆ ਹੋਵੇਗਾ ਕਿਉਂਕਿ ਇਨ ਾਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਜੀਵਨ ਦੇ ਰੋਜ਼ਾਨਾ ਕੰਮਕਾਰਾਂ, ਖ਼ੁਸ਼ੀ-ਗਮੀ ਜਾਂ ਕਿਸੇ ਵੀ ਸਫ਼ਰ ਦੌਰਾਨ ਇਸ ਸਭਿਆਚਾਰ ਦੀ ਧੜੱਲੇ ਨਾਲ ਵਰਤੋਂ ਹੁੰਦੀ ਵੇਖੀ ਜਾ ਸਕਦੀ ਹੈ। ਇਸ ਦੀ ਵਰਤੋ ਕਰਨ ਵਾਲੇ ਬਹੁਤਾਤ ਵਿੱਚ ਆਪਣੀ ਫੋਕੀ ਵਾਹੋ-ਵਾਹੀ ਖੱਟਣ ਦੇ ਮੁਰੀਦ ਹੁੰਦੇ ਹਨ ਜਾਂ ਕਹਿ ਲਓ ਕਿ ਹੋਰਨਾਂ ਦੇ ਦੇਖੋ-ਦੇਖੀ ਸਭ ਇਸ ਦੀ ਵਰਤੋਂ ਵਿੱਚ ਮਸਰੂਫ਼ ਨਜ਼ਰ ਆਉਂਦੇ ਹਨ।

ਆਮ ਲੋਕਾਂ ਤੋਂ ਲੈ ਕੇ ਸਟਾਰ ਲੋਕਾਂ ਇਸ ਦੀ ਵਰਤੋਂ ਕਰਕੇ ਆਪਣਾ ਸਮਾਜ ਵਿੱਚ ਖ਼ਾਸ ਨਾਮ ਬਣਾਉਣਾ ਚਾਹੁੰਦੇ ਹਨ। ਕੋਈ ਵੀ ਸਮਾਜਿਕ, ਧਾਰਮਿਕ ਜਾਂ ਰਾਜਨੀਤਕ ਸਮਾਗਮ ਹੋਵੇ ਇਸ ਤੋਂ ਬਿਨਾਂ ਅਧੂਰਾ ਸਮਝਿਆ ਜਾਂਦਾ ਹੈ। ਮਿਸਾਲ ਵਜੋਂ ਸਾਡੇ ਦੇਸ਼ ਵਿੱਚ ਕਈ ਤਰ ਾਂ ਦੇ ਜਾਗਰੂਕਤਾ ਅਭਿਆਨ ਚਲਾਏ ਜਾਂਦੇ ਹਨ ਜਿਸ ਵਿੱਚੋਂ ਬਹੁਤੇ ਇਸ ਫ਼ੋਟੋ ਸਭਿਆਚਾਰ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੇ ਹਨ। ਅੱਜ ਦੇ ਸਮੇਂ ਲੋੜ ਹੈ ਕਿ ਇਸ ਬਣਾਉਟੀ ਸਭਿਆਚਾਰ ਨੂੰ ਛੱਡ ਕੇ ਅਸਲ ਜ਼ਿੰਦਗੀ ਵਿੱਚ ਕੁੱਝ ਕਰ ਵਿਖਾਉਣ ਦੀ ਜਿਸ ਨਾਲ ਸਾਡੇ ਸਮਾਜ ਨੂੰ ਇੱਕ ਨਰੋਈ ਸੇਧ ਮਿਲ ਸਕੇ। ਸੋਸ਼ਲ ਮੀਡੀਆ ਉੱਪਰ ਆਪਣੇ ਦੁਆਰਾ ਕੀਤੇ ਨਿੱਕੇ-ਨਿੱਕੇ ਕਾਰਜਾਂ ਦੀਆ ਧੜੱਲੇ ਨਾਲ ਪਾਈਆ ਜਾ ਰਹੀਆਂ ਤਸਵੀਰਾਂ ਬੱਸ ਲਾਇਕ ਜਾਂ ਡਿਸਲਾਈਕ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੀਆਂ ਹਨ। ਅਸਲੀਅਤ ਵਿੱਚ ਇਨਸਾਨ ਦੁਆਰਾ ਸਮਾਜ ਭਲਾਈ ਲਈ ਕੀਤੇ ਕੰਮ ਕਿਸੇ ਅਖੌਤੀ ਫ਼ੋਟੋ ਸਭਿਆਚਾਰ ਦੇ ਮੁਹਤਾਜ ਨਹੀ ਹੁੰਦੇ। ਜਿਹੜੇ ਕੰਮ ਕਰਦੇ ਹਨ, ਉਨ ਾਂ ਦਾ ਕੰਮ ਆਮ ਅਵਾਮ ਦੇ ਦਿਲਾਂ ਤੱਕ ਆਪਣੇ ਆਪ ਪਹੁੰਚ ਰੱਖਦਾ ਹੈ।ਇਸ ਫ਼ੋਟੋ ਸੱਭਿਆਚਾਰ ਦਾ ਇਹ ਅੰਨ ਾ ਜਨੂਨ ਇਸ ਕਦਰ ਆਮ ਲੋਕਾਂ ਉੱਤੇ ਹਾਵੀ ਹੁੰਦਾ ਜਾ ਰਿਹਾ ਹੈ ਕਿ ਉਹ ਆਪਣੇ ਅੰਦਰ ਦੇ ਇਖ਼ਲਾਕੀ ਗੁਣ ਹੀ ਗਵਾਈ ਜਾ ਰਹੇ ਹਨ, ਉਦਾਹਰਨ ਵਜੋਂ ਜੇਕਰ ਕੋਈ ਰਾਹਗੀਰ ਆਪਣੇ ਸੜਕੀ ਸਫ਼ਰ ਦੌਰਾਨ ਜੇ ਕਿਸੇ ਦੁਖਦ ਦੁਰਘਟਨਾ ਦਾ ਸ਼ਿਕਾਰ ਹੋਣ ਕਾਰਨ ਸੜਕ ਉੱਪਰ ਹੀ ਦਰਦ ਨਾਲ ਤੜਫ਼ਦਾ ਪਿਆ ਹੋਵੇ ਤਾਂ ਉਸ ਦੀ ਸਹਾਇਤਾ ਕਰਨਾ ਜੋ ਸਾਡਾ ਸਾਰਿਆ ਦਾ ਪਹਿਲਾ ਫ਼ਰਜ਼ ਹੋਣਾ ਚਾਹੀਦਾ ਹੈ, ਉਸ ਨੈਤਿਕ ਫ਼ਰਜ਼ ਨੂੰ ਛੱਡ ਕੇ ਕਈ ਸੱਜਣ ਤਾਂ ਉਸ ਦੀਆਂ ਤਸਵੀਰਾ ਜਾਂ ਵੀਡੀਉ ਬਣਾ ਕੇ ਸੋਸ਼ਲ ਮੀਡੀਆ 'ਤੇ ਫਾਰਵਰਡ ਕਰਨ ਵਿੱਚ ਵਿਅਸਤ ਨਜ਼ਰ ਆਉਂਦੇ ਹਨ। ਅਜਿਹਾ ਵਰਤਾਰਾ ਸਾਡੇ ਸਮਾਜ ਦੀ ਨੈਤਿਕ ਕਦਰਾਂ-ਕੀਮਤਾਂ ਪੱਖੋ ਹੋਈ ਹਾਰ ਦਾ ਪ੍ਰਤੱਖ ਸਬੂਤ ਹੈ। ਇਹ ਵੀ ਸੱਚ ਹੈ ਕਿ ਅੱਜਕੱਲ ਦੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਕਿਸੇ ਮੁਹਿੰਮ ਜਾਂ ਕਾਰਜ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਜਾਂ ਕਹਿ ਲਵੋ ਕਿ ਇੱਕ ਲੋਕ ਲਹਿਰ ਬਣਾਉਣ ਲਈ ਇਸ ਮੀਡੀਆ ਸਾਧਨ ਦਾ ਸਕਾਰਾਤਮਿਕ ਉਪਯੋਗ ਕੀਤਾ ਜਾ ਸਕਦਾ ਹੈ ਪਰੰਤੂ ਫੋਕੀ ਸ਼ੁਹਰਤ ਜਾਂ ਵਿਖਾਵੇ ਬਾਜ਼ੀ ਲਈ ਇਸ ਦਾ ਹਰ ਸਮੇਂ ਕੀਤਾ ਜਾ ਰਿਹਾ ਉਪਯੋਗ ਸਾਡੇ ਸਮਾਜ ਦੇ ਬੋਧਿਕ ਪੱਖ ਤੋਂ ਹੀਣੇ ਹੋਣ ਦਾ ਪ੍ਰਤੱਖ ਪ੍ਰਮਾਣ ਹੈ। ਹੋਣਾ ਤਾਂ ਇਹ ਚਾਹੀਦਾ ਹੈ ਕਿ ਤੁਸੀਂ ਆਪਣਾ ਕੰਮ ਨਿਰੰਤਰ ਚਾਲੇ ਕਰਦੇ ਰਹੋ ਅਤੇ ਇਹ ਤੁਹਾਡਾ ਵਿਅਕਤੀਤਵ ਅਤੇ ਕੰਮ ਹੀ ਲੋਕਾਂ ਨਾਲ ਇੱਕ ਕੜੀ ਦੇ ਰੂਪ ਵਿੱਚ ਆਪ ਮੁਹਾਰੇ ਜੁੜਦਾ ਜਾਏਗਾ। ਇਸ ਲਈ ਸਾਨੂੰ ਸਾਰਿਆ ਨੂੰ ਫ਼ੋਟੋ ਸੱਭਿਆਚਾਰ ਵਿੱਚੋ ਬਾਹਰ ਨਿਕਲ ਕੇ ਅਸਲੀਅਤ ਵਿੱਚ ਆਪਣੀ ਇਖ਼ਲਾਕੀ ਤਸਵੀਰ ਸਮਾਜ ਸਾਹਮਣੇ ਪੇਸ਼ ਕਰਨੀ ਪਵੇਗੀ ਤਾਂ ਹੀ ਅਸੀਂ ਸਮਾਜ ਨੂੰ ਇੱਕ ਆਦਰਸ਼ ਸੇਧ ਦੇਣ ਵਿੱਚ ਇੱਕ ਦਿਨ ਜ਼ਰੂਰ ਕਾਮਯਾਬ ਹੋਵਾਂਗੇ..ਆਮੀਨ !!



ਜਗਜੀਤ ਸਿੰਘ ਗਣੇਸ਼ਪੁਰ,
ਮੋ:94655-76022

# ਆਈਲੈਟਸ ਨੇ ਖੋਲ੍ਹੀ ਪੰਜਾਬ ਦੀਆਂ ਧੀਆਂ ਦੀ ਕਿਸਮਤ

ਭਾਰਤ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਵਿੱਚ ਦਹੇਜ਼ ਦੀ ਲਾਹਨਤ ਇੱਕ ਅਜਿਹੀ ਵਾਇਰਸ ਦਾ ਰੂਪ ਧਾਰਨ ਕਰ ਚੁੱਕੀ ਹੈ ਜਿਸ ਦਾ ਨੇੜ ਭਵਿੱਖ ਵਿੱਚ ਕੋਈ ਇਲਾਜ਼ ਨਜ਼ਰ ਨਹੀਂ ਆਉਂਦਾ। ਵਿਆਹਾਂ ਦੇ ਖਰਚਿਆਂ ਨੇ ਲੋਕਾਂ ਦਾ ਧੂੰਆਂ ਕੱਢ ਛੱਡਿਆ ਹੈ। ਲੜਕੀ ਵਾਲੇ ਇੱਕ ਵਿਆਹ ਤੋਂ ਬਾਅਦ ਕਈ ਸਾਲ ਤੱਕ ਕਰਜ਼ੇ ਲਾਹੁੰਦੇ ਮਰ ਜਾਂਦੇ ਹਨ। ਵਿਆਹ ਦਾ ਫੰਕਸ਼ਨ ਵੀ ਇੱਕ ਨਹੀਂ, ਸਗੋਂ-ਚਾਰ ਚਾਰ ਹੋਣ ਲੱਗ ਪਏ ਹਨ। ਪਹਿਲਾਂ ਸ਼ਗਨ, ਲੇਡੀਜ਼ ਸੰਗੀਤ, ਸ਼ਾਦੀ ਅਤੇ ਫਿਰ ਰਿਸੈਪਸ਼ਨ। 10-15 ਲੱਖ ਤਾਂ 'ਕੱਲੇ ਮੈਰਿਜ਼ ਪੈਲੇਸ ਵਾਲੇ ਹੀ ਲੈ ਲੈਂਦੇ ਹਨ। ਇੱਕ ਮੱਧ ਵਰਗੀ ਪਰਿਵਾਰ ਨੂੰ ਵੀ ਲੜਕੀ ਦਾ ਵਿਆਹ ਇੱਕ ਕਰੋੜ ਦੇ ਲਾਗੇ ਚਾਗੇ ਪੈ ਜਾਂਦਾ ਹੈ। ਕਰਜ਼ੇ 'ਤੇ ਲੈ ਕੇ ਟਰੈਕਟਰ ਵੇਚਣਾ, ਲਿਮਟਾਂ ਤੋਂ ਪੈਸੇ ਚੁੱਕਣਾ ਤੇ ਆੜ੍ਹਤੀਆਂ ਦੇ ਤਰਲੇ ਕੱਢਣੇ ਪੈਂਦੇ ਹਨ। ਫਿਰ ਕਈ ਸਾਲਾਂ ਤੱਕ ਮੋਟਾ ਵਿਆਜ਼ ਭਰਦੇ ਹਨ ਤੇ ਕਈ ਹੋਰ ਕੋਈ ਚਾਰਾ ਨਾ ਚੱਲਦਾ ਵੇਖ ਕੇ ਸਪਰੇਅ ਪੀ ਕੇ ਸਾਰੀਆਂ ਮੁਸੀਬਤਾਂ ਤੋਂ ਛੁਟਕਾਰਾ ਪਾ ਜਾਂਦੇ ਹਨ। ਲੋਕਾਂ ਨੂੰ ਇਸ ਮੁਸੀਬਤ ਤੋਂ ਬਚਾਉਣ ਦਾ ਕੰਮ ਭਾਰਤ ਜਾਂ ਪੰਜਾਬ ਸਰਕਾਰ ਨੂੰ ਕਰਨਾ ਚਾਹੀਦਾ ਸੀ, ਪਰ ਇਹਨਾਂ ਨੇ ਗੋਗਲੂਆਂ ਤੋਂ ਮਿੱਟੀ ਝਾੜਨ ਵਾਂਗ ਦਹੇਜ਼ ਵਿਰੋਧੀ ਕਾਨੂੰਨ ਬਣਾ ਕੇ ਹੀ ਆਪਣੀ ਜ਼ਿੰਮੇਵਾਰੀ ਤੋਂ ਮੁਕਤੀ ਪ੍ਰਾਪਤ ਕਰ ਲਈ ਹੈ। ਰੱਬ ਭਲਾ ਕਰੇ ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੀਆਂ ਸਰਕਾਰਾਂ ਦਾ, ਜਿਹਨਾਂ ਨੇ ਆਈਲੈਟਸ ਰਾਹੀਂ ਪੀ.ਆਰ. ਦੇਣ ਦੀ ਸ਼ੁਰੂਆਤ ਕਰ ਕੇ ਹਜ਼ਾਰਾਂ ਗਰੀਬ ਮਾਪਿਆਂ ਦੀਆਂ ਹੋਣਹਾਰ ਧੀਆਂ ਦੀ ਕਿਸਮਤ ਖੋਲ੍ਹ ਦਿੱਤੀ ਹੈ। ਆਈਲੈਟਸ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਇੰਗਲੈਂਡ ਨੇ 1989 ਵਿੱਚ ਸ਼ੁਰੂ ਕੀਤੀ ਸੀ ਜੋ ਹੌਲੀ ਹੌਲੀ ਉਪਰੋਕਤ ਅੰਗਰੇਜ਼ੀ ਭਾਸ਼ੀ ਚਾਰ ਦੇਸ਼ਾਂ ਨੇ ਵੀ ਅਪਣਾ ਲਈ। ਇੰਗਲੈਂਡ ਦਾ ਟੈੱਸਟ ਜਿਆਦਾ ਸਖਤ ਹੋਣ ਕਾਰਨ ਬਹੁਤੇ ਲੋਕ ਪਾਸ ਨਹੀਂ ਸਨ ਕਰ ਸਕਦੇ। ਇਸ ਲਈ ਸੰਨ 2000 ਤੋਂ ਬਾਅਦ ਆਸਟਰੇਲੀਆ, ਨਿਊਜ਼ੀਲੈਂਡ, ਅਮਰੀਕਾ ਅਤੇ ਕੈਨੇਡਾ ਨੇ ਆਈਲੈਟਸ ਟੈਸਟ ਸੌਖੇ ਕਰ ਦਿੱਤੇ ਤਾਂ ਪੰਜਾਬੀਆਂ ਨੇ ਇਹਨਾਂ ਦੇਸ਼ਾਂ ਵੱਲ ਵਹੀਰਾਂ ਘੱਤ ਦਿਤੀਆਂ। ਜਿਸ ਕੋਲ ਵੀ 25-30 ਲੱਖ ਦਾ ਪ੍ਰਬੰਧ ਹੈ (ਚਾਹੇ ਜ਼ਮੀਨ ਵੇਚ ਕੇ ਹੋਵੇ) ਤੇ ਬੱਚਾ 6-7 ਬੈਂਡ ਲੈਣ ਜੋਗਾ ਹੋਵੇ, ਉਹ ਇਹਨਾਂ ਦੇਸ਼ਾਂ ਵਿੱਚ ਪਹੁੰਚ ਗਿਆ ਹੈ। ਕੈਨੇਡਾ ਸਰਕਾਰ ਇਸ ਸਬੰਧੀ ਕੁਝ ਜਿਆਦਾ ਹੀ ਨਰਮ ਹੋਣ ਕਾਰਨ ਸਭ ਤੋਂ ਵੱਧ ਪੰਜਾਬੀ ਵਿਦਿਆਰਥੀ ਉਥੇ ਜਾਣ ਨੂੰ ਪਹਿਲ ਦਿੰਦੇ ਹਨ। ਟਰੈਵਲ ਏਜੰਟਾਂ ਦਾ ਕਹਿਣਾ ਹੈ ਕਿ ਇਹ ਰੁਝਾਨ ਸੰਨ 2001 ਤੋਂ ਬਾਅਦ ਸ਼ੁਰੂ ਹੋਇਆ ਹੈ ਤੇ ਹਰ ਸਾਲ ਇਹ ਗਿਣਤੀ ਵਧਦੀ ਹੀ ਜਾ ਰਹੀ ਹੈ। 2018 ਦੌਰਾਨ ਕੈਨੇਡਾ ਵਿੱਚ ਕੁੱਲ ਸੰਸਾਰ ਤੋਂ 5 ਲੱਖ ਵਿਦਿਆਰਥੀ ਆਏ ਜਿਹਨਾਂ ਵਿੱਚੋਂ 125000 ਪੰਜਾਬੀ ਸਨ ਅਤੇ ਸਿਰਫ 24000 ਪੰਜਾਬੀ ਬਾਕੀ ਚਾਰ ਦੇਸ਼ਾਂ ਵਿੱਚ ਗਏ। ਜੇ ਇੱਕ ਵਿਦਿਆਰਥੀ ਦਾ ਖਰਚ ਔਸਤਨ ਵੀਹ-ਬਾਈ ਲੱਖ ਰੁਪਏ ਵੀ ਲਗਾਈਏ ਤਾਂ ਪੰਜਾਬੀ 27000 ਕਰੋੜ ਰੁਪਿਆ ਸਲਾਨਾ ਸਿਰਫ ਕੈਨੇਡਾ ਨੂੰ ਹੀ ਦੇ ਰਹੇ ਹਨ। ਇਸ ਸਾਲ ਇਹ ਰਕਮ ਦੋ-ਚਾਰ ਸੌ ਕਰੋੜ ਹੋਰ ਵਧ ਜਾਣ ਦੀ ਉਮੀਦ ਹੈ। ਆਈਲੈਟਸ ਦੇ ਇਸ ਵਪਾਰ ਨੇ ਲੱਖਾਂ ਲੋਕਾਂ ਨੂੰ ਰੋਟੀ ਵਿੱਚ ਪਾਇਆ ਹੋਇਆ ਹੈ। ਕੋਚਿੰਗ ਸੈਂਟਰ, ਟਰੈਵਲ ਏਜੰਟ, ਮਨੀ ਐਕਸਚੇਂਜ਼, ਏਅਰ ਲਾਈਨਾਂ ਅਤੇ ਕੈਨੇਡਾ ਵਿੱਚ ਖੁੰਬਾਂ ਵਾਂਗ ਖੁਲ੍ਹੇ ਦੋ-ਦੋ ਕਮਰਿਆਂ ਦੇ ਡਿਪਲੋਮਾ ਕਾਲਜ ਰੱਜ ਕੇ ਇਸ ਗੰਗਾ ਵਿੱਚ ਹੱਥ ਧੋ ਰਹੇ ਹਨ। ਵਿਦਿਆਰਥੀਆਂ ਦੇ ਦਾਖਲਿਆਂ ਵਾਲੇ ਮਹੀਨਿਆਂ ਸਮੇਂ ਏਅਰਲਾਈਨਾਂ ਦਾ ਕਿਰਾਇਆ ਡਬਲ ਹੋ ਜਾਂਦਾ ਹੈ। ਇਧਰ ਪੰਜਾਬ ਦੇ ਕਾਲਜਾਂ-ਯੂਨੀਵਰਸਿਟੀਆਂ ਨੂੰ ਵਿਦਿਆਰਥੀਆਂ ਦੇ ਲਾਲੇ ਪਏ ਹੋਏ ਹਨ ਤੇ ਕਲਾਸ ਰੂਮ ਵਿਦਿਆਰਥੀਆਂ ਬਿਨਾਂ ਭਾਂ ਭਾਂ ਕਰ ਰਹੇ ਹਨ। ਹਰ ਕੋਈ ਪਲੱਸ ਟੂ ਕਰ ਕੇ ਬਾਹਰ ਨੂੰ ਭੱਜ ਰਿਹਾ ਹੈ। ਬਹੁਤੇ ਸਕੂਲਾਂ ਕਾਲਜਾਂ ਨੇ ਦੁਖੀ ਹੋ ਕੇ ਖੁਦ ਹੀ ਆਈਲੈਟਸ ਕੋਚਿੰਗ ਕੋਰਸ ਸ਼ੁਰੂ ਕਰ ਦਿੱਤੇ ਹਨ। ਅੱਜ ਸੰਸਾਰ ਦੇ 140 ਦੇਸ਼ਾਂ ਦੇ 35 ਲੱਖ ਵਿਦਿਆਰਥੀ ਹਰ ਸਾਲ ਆਈਲੈਟਸ ਦਾ ਪੇਪਰ ਦਿੰਦੇ ਹਨ ਤੇ ਇਸ ਲਈ ਵਿਸ਼ਵ ਪੱਧਰ 'ਤੇ 1110 ਸੈਂਟਰ ਬਣੇ ਹੋਏ ਹਨ।



ਪੰਜਾਬ ਵਿੱਚ ਵੰਡ ਦਰ ਵੰਡ ਹੋਣ ਕਾਰਨ ਜ਼ਮੀਨਾਂ ਬਹੁਤ ਘੱਟ ਰਹਿ ਗਈਆਂ ਹਨ ਤੇ ਜਿਆਦਾਤਰ ਲੋਕ ਵੱਧ ਤੋਂ ਵੱਧ 10-12 ਕਿੱਲਿਆਂ ਦੇ ਮਾਲਕ ਹਨ। ਆਈਲੈਟਸ ਦਾ ਰਿਵਾਜ਼ ਸ਼ੁਰੂ ਹੋਣ ਤੋਂ ਪਹਿਲਾਂ 5-7 ਕਿੱਲਿਆਂ ਵਾਲਾ ਵੀ ਦਹੇਜ਼ ਵਿੱਚ ਕਾਰ ਭਾਲਦਾ ਸੀ, ਸਰਕਾਰੀ ਮੁਲਾਜ਼ਮਾਂ ਦੀ ਤਾਂ ਬੋਲੀ ਹੀ 20 ਲੱਖ ਤੋਂ ਉੱਪਰ ਸ਼ੁਰੂ ਹੁੰਦੀ ਸੀ। ਪਰ ਸੱਚੇ ਪਾਤਸ਼ਾਹ ਨੇ ਅੱਜ ਹੋਣਹਾਰ ਲੜਕੀਆਂ ਦੇ ਹੱਥਾਂ ਵਿੱਚ ਆਈਲੈਟਸ ਨਾਮ ਦਾ ਅਜਿਹਾ ਹਥਿਆਰ ਪਕੜਾ ਦਿੱਤਾ ਹੈ ਕਿ 6-7 ਬੈਂਡ ਆਉਂਦੇ ਸਾਰ ਵੱਡੇ ਤੋਂ ਵੱਡੇ ਧਨਾਢ ਵੀ ਗਰੀਬ ਘਰਾਂ ਦੀਆਂ ਲੜਕੀਆਂ ਦੇ ਤਰਲੇ ਕੱਢਣ ਲੱਗ ਪੈਂਦੇ ਹਨ। ਜ਼ਾਤ ਪਾਤ ਵਰਗੇ ਕਲੰਕ ਨੂੰ ਮਿਟਾਉਣ ਦਾ ਜਿਹੜਾ ਕੰਮ ਸਾਡੇ ਧਾਰਮਿਕ ਰਹਿਨੁਮਾ ਨਹੀਂ ਕਰ ਸਕੇ, ਉਸ ਆਈਲੈਟਸ ਨੇ ਕਰ ਵਿਖਾਇਆ ਹੈ। ਵਿਆਹ ਵੇਲੇ ਸਿਰਫ ਬੈਂਡ ਵੇਖੇ ਜਾਂਦੇ ਹਨ, ਜ਼ਾਤ ਪਾਤ ਕੋਈ ਨਹੀਂ ਪੁੱਛਦਾ। ਪੰਜਾਬ ਵਿੱਚ ਵੇਖੀਏ ਤਾਂ ਪਹਿਲੀ ਜ਼ਮਾਤ ਤੋਂ ਲੈ ਕੇ ਬੀ.ਏ., ਐਮ.ਏ. ਤੱਕ ਦੇ ਇਮਤਿਹਾਨਾਂ ਵਿੱਚ ਕੁੜੀਆਂ ਦੀ ਝੰਡੀ ਹੈ। ਮੈਡੀਕਲ, ਆਈ.ਆਈ.ਟੀ. ਅਤੇ ਇੰਜੀਨੀਅਰਿੰਗ ਆਦਿ ਵਿੱਚ ਹਰ ਸਾਲ ਕੁੜੀਆਂ ਹੀ ਟਾਪ ਕਰ ਰਹੀਆਂ ਹਨ। ਪੰਜਾਬ ਦੇ ਲਾਡਲੇ ਤੇ ਪੋਲੜ ਮੁੰਡਿਆਂ ਦੇ ਮਨਾਂ ਵਿੱਚ ਇਹ ਗੱਲ ਘਰ ਕਰ ਗਈ ਹੈ ਕਿ ਪੜ੍ਹਨ ਦੀ ਕੀ ਜਰੂਰਤ ਹੈ ? ਪਿਉ ਕੋਲ ਵਾਧੂ ਪੈਸੈ ਹਨ, 6 ਬੈਂਡ ਵਾਲੀ ਕੁੜੀ ਨਾਲ ਵਿਆਹ ਕਰਵਾ ਕੇ ਕੈਨੇਡਾ ਤਾਂ ਚਲੇ ਹੀ ਜਾਣਾ ਹੈ। ਇਹ ਢੀਠ ਤੇ ਨਿਕੰਮੇ ਆਈਲੈਟਸ ਪਾਸ ਕਰਨ ਜੋਗੇ ਵੀ ਨਹੀਂ ਰਹੇ। ਵੱਡੇ ਵੱਡੇ ਲੈਂਡਲਾਰਡ ਹੁਣ ਦਾਜ ਲੈਣ ਦੀ ਬਜਾਏ 50-50 ਲੱਖ ਰੁਪਇਆ ਕੁੜੀ ਵਾਲਿਆਂ ਨੂੰ ਦੇਣ ਲਈ ਚੁੱਕੀ ਫਿਰਦੇ ਹਨ ਕਿ ਕਿਸੇ ਤਰਾਂ ਮੁੰਡਾ ਬਾਹਰ ਚਲਾ ਜਾਵੇ। ਇਥੋਂ ਤੱਕ ਕਿ ਵਿਆਹ ਦਾ ਸਾਰਾ ਖਰਚਾ ਵੀ ਮੁੰਡੇ ਵਾਲੇ ਹੀ ਕਰਦੇ ਹਨ। ਪਰ ਅਜਿਹੇ ਕਾਰੋਬਾਰੀ ਕਿਸਮ ਦੇ ਜਿਆਦਾਤਰ ਵਿਆਹਾਂ ਦਾ ਅੰਜ਼ਾਮ ਠੀਕ ਨਹੀਂ ਨਿਕਲਦਾ। ਲੜਕੀ ਅਤੇ ਲੜਕੇ ਦੇ ਮਨ ਆਪਸ ਵਿੱਚ ਨਹੀਂ ਭਿੱਜਦੇ, ਉਹ ਪਿਆਰ ਹੀ ਨਹੀਂ ਪਨਪਦਾ ਜੋ ਅਸਲੀ ਵਿਆਹ ਕਾਰਨ ਪਨਪਣਾ ਚਾਹੀਦਾ ਹੈ।



- ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 9501100062

ਦੋਵਾਂ ਦੇ ਦਿਲਾਂ ਵਿੱਚ ਇੱਕ ਗੁੱਝਾ ਡਰ ਬੈਠਾ ਹੁੰਦਾ ਹੈ ਕਿ ਸਾਡਾ ਵਿਆਹ ਇੱਕ ਸੌਦੇਬਾਜ਼ੀ ਅਧੀਨ ਹੋਇਆ ਹੈ। ਬਹੁਤੇ ਲੜਕਿਆਂ ਨੇ ਪਹਿਲਾਂ ਹੀ ਸਕੀਮ ਲਗਾਈ ਹੁੰਦੀ ਹੈ ਕਿ ਕੈਨੇਡਾ ਵਿੱਚ ਪੱਕੇ ਹੁੰਦੇ ਸਾਰ ਉਡਾਰੀ ਮਾਰ ਜਾਣੀ ਹੈ ਤੇ ਪਿਛਲਾ ਘਾਟਾ ਪੂਰਾ ਕਰਨ ਲਈ ਪੰਜਾਬ ਜਾ ਕੇ ਮੋਟਾ ਦਹੇਜ਼ ਲੈ ਕੇ ਦੁਬਾਰਾ ਵਿਆਹ ਕਰਵਾਉਣਾ ਹੈ। ਪੰਜਾਬ ਵਿੱਚ ਤਾਂ ਕੈਨੇਡਾ ਦੇ ਨਾਮ 'ਤੇ ਭਾਵੇਂ 100 ਸਾਲ ਦਾ ਬੁੱਢਾ ਵਿਆਹ ਲਉ। ਲੜਕੀ ਨੂੰ ਵੀ ਪਤਾ ਹੁੰਦਾ ਹੈ ਕਿ ਇਸ ਨੇ ਮੇਰੇ ਨਾਲ ਸਿਰਫ ਬਾਹਰ ਆਉਣ ਖਾਤਰ ਵਿਆਹ ਕਰਵਾਇਆ ਹੈ। ਕਈ ਵਾਰ ਲੜਕੀਆਂ ਵੀ ਬਾਹਰ ਪਹੁੰਚ ਕੇ ਲੜਕੇ ਨੂੰ ਪੇਪਰ ਨਹੀਂ ਭੇਜਦੀਆਂ। ਅਗਲਾ ਲੜਕੀ ਨੂੰ ਵਿਦੇਸ਼ ਭੇਜਣ ਦੇ ਪੈਸੇ ਵੀ ਖਰਚ ਬੈਠਦਾ ਹੈ ਤੇ ਹੱਥ ਵੀ ਕੁਝ ਨਹੀਂ ਆਉਂਦਾ। ਪੁਲਿਸ ਕੋਲ ਰੋਜ਼ਾਨਾ ਅਜਿਹੀਆਂ ਸੈਂਕੜੇ ਦਰਖਾਸਤਾਂ ਪਹੁੰਚ ਰਹੀਆਂ ਹਨ ਜਿਸ ਵਿੱਚ ਲੜਕੀ ਵਾਲੇ, ਲੜਕੇ ਵਾਲਿਆਂ 'ਤੇ ਦਹੇਜ਼ ਮੰਗਣ ਦਾ ਇਲਜ਼ਾਮ ਲਗਾ ਰਹੇ ਹਨ ਤੇ ਲੜਕੇ ਵਾਲੇ, ਲੜਕੀ ਵਾਲਿਆਂ 'ਤੇ 35-40 ਲੱਖ ਦੀ ਠੱਗੀ ਮਾਰਨ ਦਾ। ਇਸ ਲਈ ਅਜਿਹੇ ਵਪਾਰਿਕ ਰਿਸ਼ਤੇ ਕਾਇਮ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤੇ ਸਮਾਜਿਕ ਮਰਿਆਦਾਵਾਂ ਨੂੰ ਭੰਗ ਨਹੀਂ ਕਰਨਾ ਚਾਹੀਦਾ। ਪਰਿਵਾਰ ਵਾਲਿਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜਿਹੜਾ ਲੜਕਾ ਇਥੇ ਆਈਲੈਟਸ ਪਾਸ ਨਹੀਂ ਕਰ ਸਕਦਾ, ਉਹ ਕੈਨੇਡਾ ਜਾ ਕੇ ਵੀ ਕੀ ਸ਼ੇਰ ਮਾਰ ਲਵੇਗਾ ?

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

ਪ੍ਰੀਤਨਾਮਾ

ADVISORY BOARD

ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ
+1 (201) 312-4180
******************
ਜੋਗਾ ਸਿੰਘ
**************************
ਜਸਵਿੰਦਰ ਸਿੰਘ ਨਿਊਜਰਸੀ
**************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
**************************
ਜੀ. ਐਸ ਸਿੰਘ ਪੰਜਾਬ
**************************
ਸੁਜਾਨ ਨਾਗ, ਯੂ.ਐਸ.ਏ.
*****************
ਜਸਵਿੰਦਰ ਕੌਰ, ਪੰਜਾਬ
********************
ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,
**************************
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
**************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਅਸੀਂ ਪਾਠਕਾਂ ਅਤੇ ਲੇਖਕਾਂ ਨੂੰ ਵਿਸ਼ਵਾਸ ਆਧਾਰ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

Preetnamausa@gmail.com
www.preetnama.com

# ਸੰਪਾਦਕੀ ਪਰਾਲੀ, ਪ੍ਰਦੂਸ਼ਣ ਤੇ ਕਿਸਾਨ



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ

ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚਾਲੇ ਟਕਰਾਅ ਚੱਲ ਹੀ ਰਿਹਾ ਹੈ ਕਿ ਸਰਕਾਰ ਪਰਾਲੀ ਸਾੜਨ ਅਤੇ ਪ੍ਰਦੂਸ਼ਣ ਫੈਲਾਉਣ ਵਿਰੁੱਧ ਇੱਕ ਨਵਾਂ ਕਾਨੂੰਨ ਲੈ ਕੇ ਆ ਰਹੀ ਹੈ ਜਿਸ ਤਹਿਤ ਪਰਾਲੀ ਸਾੜਨ ਵਾਲਿਆਂ ਨੂੰ ਇੱਕ ਕਰੋੜ ਰੁਪਏ ਦਾ ਜੁਰਮਾਨਾ ਅਤੇ ਪੰਜ ਸਾਲ ਦੀ ਸਜ਼ਾ ਦੀ ਤਜਵੀਜ਼ ਰੱਖੀ ਗਈ ਹੈ। ਪਰਾਲੀ ਸਾੜਨ ਦੀ ਸਮੱਸਿਆ ਅਤੇ ਪ੍ਰਦੂਸ਼ਣ ਦੀ ਸਮੱਸਿਆ ਸੱਚਮੁੱਚ ਗੰਭੀਰ ਹੈ ਅਤੇ ਇਸ ਉਪਰ ਲੰਮੇ ਸਮੇਂ ਤੋਂ ਚਰਚਾ ਚੱਲਦੀ ਆ ਰਹੀ ਹੈ ਕਿ ਦੇਸ਼ ਅੰਦਰ ਵੱਧ ਰਹੇ ਪ੍ਰਦੂਸ਼ਣ ਨੂੰ ਕਿਵੇਂ ਰੋਕਿਆ ਜਾਵੇ। ਹੁਣ ਮਸਲਾ ਕਿਸਾਨਾਂ ਦੇ ਪਰਾਲੀ ਸਾੜਨ ਦਾ ਹੈ ਇਸ ਲਈ ਵੀ ਸਬੰਧਤ ਰਾਜਾਂ ਦੀਆਂ ਸਰਕਾਰਾਂ ਵੱਲੋਂ ਹਰ ਸਾਲ ਇਸ਼ਤਿਹਾਰਬਾਜੀ ਕਰਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਆ ਜਾਂਦਾ ਹੈ ਅਤੇ ਕਿਸਾਨਾਂ ਦਾ ਹਰ ਵਾਰ ਇਹੀ ਜਵਾਬ ਹੁੰਦਾ ਹੈ ਕਿ ਪਰਾਲੀ ਸਾੜਨ ਤੋਂ ਇਲਾਵਾ ਉਨ੍ਹਾਂ ਕੋਲ ਹੋਰ ਕੋਈ ਵਿਕਲਪ ਨਹੀਂ ਕਿਉਂਕਿ ਕੰਬਾਇਨ ਨਾਲ ਕੱਟੇ ਹੋਏ ਝੋਨੇ ਦੀ ਜੋ ਪਰਾਲੀ ਬਚ ਜਾਂਦੀ ਹੈ ਉਸਦੇ ਹੁੰਦਿਆਂ ਕਣਕ ਦੀ ਬਿਜਾਈ ਕਰਨੀ ਆਸਾਨ ਨਹੀਂ। ਕੇਂਦਰ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਇਸ ਦੇ ਵਿਕਲਪ ਲਈ ਰਾਜ ਸਰਕਾਰਾਂ ਨੂੰ ਯੰਤਰ ਮੁਹੱਈਆ ਕਰਵਾਉਣ ਲਈ ਕਿਹਾ ਗਿਆ ਸੀ ਅਤੇ ਇਸ ਲਈ ਫੰਡ ਰੱਖੇ ਜਾਣ ਦੀ ਵੀ ਗੱਲ ਚੱਲੀ ਸੀ। ਬੇਸ਼ੱਕ ਪਰਾਲੀ ਸਾੜਨ ਦੀ ਸਮੱਸਿਆ ਗੰਭੀਰ ਹੈ ਅਤੇ ਕਿਸਾਨ ਕੋਲ ਵੀ ਪਰਾਲੀ ਸਾੜਨ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਪਰ ਇਸ ਸਮੇਂ ਜਦੋਂ ਕਿਸਾਨਾਂ ਵੱਲੋਂ ਖੇਤੀ ਕਾਨੂੰਨਾਂ ਵਿਰੁੱਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਉਸ ਸਮੇਂ ਪਰਾਲੀ ਸਾੜਨ ਵਿਰੁੱਧ ਲਿਆਂਦਾ ਜਾ ਰਿਹਾ ਇਹ ਸਖਤ ਕਾਨੂੰਨ ਇਹ ਸੰਦੇਹ ਪੈਦਾ ਕਰਦਾ ਹੈ ਕਿ ਸਰਕਾਰ ਵੱਲੋਂ ਕਿਤੇ ਕਿਸਾਨਾਂ ਨਾਲ ਟਕਰਾਓ ਵਧਾਉਣ ਲਈ ਤਾਂ ਨਹੀਂ ਕੀਤਾ ਜਾ ਰਿਹਾ ਜਾਂ ਕਿਸਾਨਾਂ ਨੂੰ ਨਵੇਂ ਮੁੱਦੇ ਵਿੱਚ ਉਲਝਾ ਕੇ ਖੇਤੀ ਕਾਨੂੰਨਾਂ ਵਾਲੇ ਪਾਸਿਓਂ ਮੋੜਨ ਲਈ ਤਾਂ ਨਹੀਂ ਕੀਤਾ ਜਾ ਰਿਹਾ। ਪ੍ਰਦੂਸ਼ਣ 'ਤੇ ਰੋਕ ਲੱਗਣੀ ਚਾਹੀਦੀ ਹੈ ਅਤੇ ਪ੍ਰਦੂਸ਼ਣ ਸਾਡੇ ਦੇਸ਼ ਲਈ ਖਤਰਾ ਬਣਦਾ ਜਾ ਰਿਹਾ ਹੈ ਲੇਕਿਨ ਕੇਵਲ ਕਿਸਾਨਾਂ ਨੂੰ ਹੀ ਦੋਸ਼ੀ ਮੰਨਿਆ ਜਾਣਾ ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ। ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਸਬੰਧੀ ਕੁਝ ਸੋਧਾਂ ਕਰਨ ਲਈ ਫੰਡ ਦਿੱਤੇ ਜਾਣੇ ਚਾਹੀਦੇ ਹਨ ਅਤੇ ਪਰਾਲੀ ਦਾ ਵਿਕਲਪ ਲੱਭਣ ਲਈ ਜਾਂ ਪਰਾਲੀ ਨੂੰ ਸੰਭਾਲਣ ਲਈ ਯੰਤਰ ਮੁਹੱਈਆ ਕਰਵਾਉਣ ਵਾਸਤੇ ਕਿਸਾਨਾਂ ਦੀ ਮਦਦ ਕਰਨੀ ਚਾਹੀਦੀ ਹੈ ਨਾ ਕਿ ਅਜਿਹੇ ਧਮਕੀਆਂ ਭਰੇ ਲਹਿਜ਼ੇ ਨਾਲ ਕਾਨੂੰਨ ਲਿਆਉਣ ਲਈ। ਜੇਕਰ ਪ੍ਰਦੂਸ਼ਣ ਦੀ ਗੱਲ ਕਰੀਏ ਤਾਂ ਪਰਾਲੀ ਸੜਨ ਤੋਂ ਇਲਾਵਾ ਵੀ ਕਈ ਹੋਰ ਕਾਰਨਾਂ ਕਰਕੇ ਦੇਸ਼ ਅੰਦਰ ਪ੍ਰਦੂਸ਼ਣ ਫੈਲ ਰਿਹਾ ਹੈ ਜਿਵੇਂ ਕਾਰਖਾਨਿਆਂ 'ਚੋਂ ਨਿਕਲਦਾ ਜ਼ਹਿਰੀਲਾ ਧੂੰਆਂ, ਵੱਧ ਰਹੀ ਵਾਹਨਾਂ ਦੀ ਆਵਾਜਾਈ ਅਤੇ ਹੋਰ ਇਸ ਤਰ੍ਹਾਂ ਦੇ ਕਈ ਕਾਰਨ ਹਨ ਜਿਨ੍ਹਾਂ ਕਰਕੇ ਪ੍ਰਦੂਸ਼ਣ ਦਾ ਪੱਧਰ ਹਰ ਸਾਲ ਵੱਧਦਾ ਜਾ ਰਿਹਾ ਹੈ। ਕੇਂਦਰ ਸਰਕਾਰ ਨੂੰ ਕਿਸਾਨਾਂ ਨਾਲ ਸਖ਼ਤੀ ਵਰਤਣ ਦੀ ਬਜਾਏ ਇਸ ਸਮੱਸਿਆ ਦਾ ਹੱਲ ਲੱਭਣ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਇਸਦੇ ਨਾਲ ਹੀ ਪਿਛਲੇ ਕਈ ਦਿਨਾਂ ਤੋਂ ਕਿਸਾਨਾਂ ਵੱਲੋਂ ਖੇਤੀ ਕਾਨੂੰਨਾਂ ਵਿਰੁੱਧ ਕੀਤੇ ਜਾ ਰਹੇ ਪ੍ਰਦਸ਼ਨ ਅਤੇ ਚਲਾਏ ਜਾ ਰਹੇ ਅੰਦੋਲਨ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਇਸ ਸਮੇਂ ਸਰਕਾਰ ਆਪਣੀ ਜ਼ਿੱਦ 'ਤੇ ਅੜੀ ਹੋਈ ਹੈ ਅਤੇ ਕਾਨੂੰਨਾਂ ਵਿੱਚ ਸੋਧ ਕਰਨ ਜਾਂ ਕਾਨੂੰਨਾਂ ਨੂੰ ਰੱਦ ਕਰਨ ਲਈ ਬਿਲਕੁਲ ਵੀ ਤਿਆਰ ਨਹੀਂ ਹੈ। ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੜ ਦੁਹਰਾਇਆ ਹੈ ਕਿ ਖੇਤੀ ਕਾਨੂੰਨ ਕਿਸਾਨਾਂ ਦੇ ਹਿੱਤਾਂ ਵਿੱਚ ਹਨ ਅਤੇ ਇਨ੍ਹਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ। ਹੁਣ ਸਮਝਣ ਵਾਲੀ ਗੱਲ ਇਹ ਹੈ ਕਿ ਜਿਨ੍ਹਾਂ ਲੋਕਾਂ ਦੇ ਹਿੱਤਾਂ ਲਈ ਕਾਨੂੰਨ ਬਣਾਏ ਗਏ ਹਨ। ਉਨ੍ਹਾਂ ਵਿੱਚ 99 ਫੀਸਦੀ ਲੋਕ ਇਸਦਾ ਵਿਰੋਧ ਕਰ ਰਹੇ ਹਨ ਤਾਂ ਫਿਰ ਲੋਕਾਂ ਦੀ ਆਵਾਜ਼ ਨੂੰ ਅਣਸੁਣਿਆ ਕਿਉਂ ਕੀਤਾ ਜਾ ਰਿਹਾ ਹੈ। ਸਰਕਾਰ ਨੂੰ ਟਕਰਾਅ ਦੀ ਨੀਤੀ ਛੱਡਕੇ ਦੇਸ਼ ਦੇ ਲੋਕਾਂ ਦੇ ਹਿੱਤਾਂ ਵਿੱਚ ਫੈਸਲੇ ਲੈਣੇ ਚਾਹੀਦੇ ਹਨ ਨਾ ਕਿ ਬਦਲਾਲਊ ਭਾਵਨਾ ਨਾਲ।

# ਕਿਰਤੀ ਸੰਹਿਤਾ ਕਾਨੂੰਨ ਕਿਰਤੀ ਗੁਲਾਮੀ ਵਲ ਮੋੜਾ

ਵੰਡਵਾਦੀ ਤੇ ਫਿਰਕੂ ਪਲੇਟਫਾਰਮ ਵਾਲੀ ਪਿਛਾਖੜੀ ਭਾਜਪਾ ਪਾਰਟੀ, ਜਿਸਦਾ ਪਿਛਾਖੜੀ ਵਿਸ਼ਾ ਵਸਤੂ, 'ਭਾਰਤ ਅੰਦਰ ਦੂਸਰੇ ਧਰਮਾਂ ਵਿਰੁੱਧ ਨਫ਼ਰਤ, ਅਸਹਿਣਸ਼ੀਲਤਾ ਅਤੇ ਕਠੋਰ ਰਾਸ਼ਟਰਵਾਦੀ ਸ਼ਾਵਨਵਾਦ ਉਪਰ ਅਧਾਰਤ ਹੈ। ਭਾਜਪਾ ਕੋਈ ਸਾਧਾਰਨ ਪੂੰਜੀਵਾਦੀ ਪਾਰਟੀ ਨਹੀਂ ਹੈ, ਸਗੋਂ ਇਕ ਫਾਸ਼ੀਵਾਦੀ ਆਰ.ਐਸ.ਐਸ. ਮੁੱਖੀ ਅਧਾਰਤ ਸੇਧਿਤ ਸੋਚ ਵਾਲੀ ਹੈ। ਦੁਸਹਿਰੇ ਵਾਲੇ ਦਿਨ ਆਰ.ਐਸ.ਐਸ. ਮੁੱਖ ਮੋਹਨ ਭਾਗਵਤ ਨੇ ਇਕ ਵਾਰ ਫਿਰ ਪੁਰਾਣਾ ਰਾਗ ਅਲਾਪਿਆ ਹੈ, 'ਕਿ ਭਾਰਤ ਇਕ ਹਿੰਦੂ ਰਾਸ਼ਟਰ' ਹੈ ਤੇ ਹਿੰਦੂਤਵ ਮੁਲਕ ਦੀ ਸ਼ਖਸੀਅਤ ਦਾ ਸਾਰ-ਤੱਤ ਹੈ ? ਇਸ ਲਈ ਰਾਜਸਤਾ 'ਤੇ ਕਾਬਜ਼ ਰਹਿਣ ਲਈ, 2014 ਤੋਂ ਬੀ.ਜੇ.ਪੀ. ਸਦਾ ਹੀ ਆਪਣੇ ਹਰਬਿਆ ਰਾਹੀ ਸਮੁੱਚੇ ਦੇਸ਼ ਅੰਦਰ 'ਗਰੀਬੀ ਤੇ ਨਾ-ਇਲਮੀ ਸੋਚ ਕਾਰਨ' ਜਨ-ਸਧਾਰਨ ਲੋਕਾਂ ਨੂੰ ਜ਼ਬਾਨੀ ਨਾਅਰਿਆ ਰਾਹੀਂ ਲਗਾਤਾਰ ਠੱਗਦੀ ਆ ਰਹੀ ਹੈ। ਕਾਲਾ-ਧਨ ਕਢਵਾ ਕੇ ਪ੍ਰਤੀ ਪ੍ਰਵਾਰ 15-ਲੱਖ ਦੇਣਾ, ਨੋਟਬੰਦੀ ਰਾਹੀਂ ਅਤਿਵਾਦ ਦਾ ਖਾਤਮਾ, ਹਰ ਸਾਲ ਬੇ-ਰੁਜ਼ਗਾਰਾਂ ਨੂੰ ਦੋ-ਕਰੋੜ ਰੁਜ਼ਗਾਰ ਦੇਣਾ ਆਦਿ ਨਾਅਰੇ ਜੋ ਬਿਨ੍ਹਾਂ ਕਿਸੇ ਭੌਤਿਕ ਲਾਭ ਦੇ ਸਨ, ਠੱਗਿਆ ਗਿਆ। ਕੋਵਿਡ-19 ਦੌਰਾਨ 14-ਕਰੋੜ ਪ੍ਰਵਾਸੀ ਕਿਰਤੀਆਂ ਨਾਲ ਵੀ ਬੇ-ਵਫ਼ਾਈ ਵਾਲੇ ਵਾਅਦੇ ਕੀਤੇ ਗਏ ! ਹੁਣ 20-ਦਿਨਾਂ ਅੰਦਰ ਸੰਸਦ 'ਚ 25-ਬਿਲ ਜਿਹੜੇ ਖੇਤੀ, ਕਿਰਤ ਕਾਨੂੰਨ ਤੇ ਹੋਰ ਸਨ, ਕਿਸਾਨਾਂ ਤੇ ਕਿਰਤੀਆਂ ਲਈ 'ਅਹਿਮ-ਸੁਧਾਰਾਂ' (ਹੁਣ ਵਿਕਾਸ ਨਹੀਂ) ਦੇ ਨਾਂ ਹੇਠ ਕਾਨੂੰਨ ਬਣਾ ਕੇ ਚਿੱਟੇ ਦਿਨ ਧੋਖਾ ਦੇ ਕੇ ਫਿਰ ਜੁਮਲਿਆਂ ਦੀ ਛਹਿਬਰ ਲਾ ਦਿੱਤੀ ! ਮੋਦੀ ਦੇ ਇਨ੍ਹਾਂ ਫਰੇਬ ਭਰੇ ਵਿਵਹਾਰਾਂ, ਗੈਰ-ਪ੍ਰਸੰਗਕਤਾ ਅਤੇ ਗੰਭੀਰਤਾ ਵਾਲੇ ਅਮਲਾਂ ਨੇ ਸੰਵਿਧਾਨ ਪ੍ਰਤੀ ਨਿਸ਼ਠਾ 'ਤੇ ਵੀ ਕਈ ਵੱਡੇ ਸਵਾਲੀਆ ਚਿੰਨ੍ਹ ਲਗਾ ਦਿੱਤੇ ਹਨ ? ਅੱਜ ਜਨ-ਸਧਾਰਨ ਵੀ ਸਰਕਾਰ ਦੇ ਇਨ੍ਹਾਂ ਮੌਜੂਦਾ ਕਨੂੰਨਾਂ ਦੇ ਅਮਲਾਂ ਪ੍ਰਤੀ ਸ਼ੱਕ ਕਰ ਰਿਹਾ ਹੈ। ਕੋਵਿਡ-19 ਦੇ ਬਹਾਨੇ ਮੋਦੀ ਸਰਕਾਰ, ਆਪਣੇ ਵਿਰੁਧ ਪੈਦਾ ਹੋਈ ਬੇ-ਵਿਸ਼ਵਾਸੀ ਕਾਰਨ ਬਰ-ਖਿਲਾਫ਼ ਸੋਚ ਅਤੇ ਵਿਚਾਰਾਂ ਨੂੰ ਦਬਾਉਣ ਲਈ ਕਿਸੇ ਵੀ ਹੱਦ ਤਕ ਜਾਣ ਲਈ ਹਰ ਤਰ੍ਹਾਂ ਦੇ ਦਮਨ ਦਾ ਸਹਾਰਾ ਲੈਣ ਤੋਂ ਵੀ ਗੁਰੇਜ਼ ਨਹੀ ਕਰ ਰਹੀ ਹੈ। ਲੱਗਦਾ ਇਹ ਹੈ, ਕਿ ਹਾਕਮ ਰਾਜ-ਸਤਾ ਤੇ ਬੈਠ ਕੇ ਸਰਕਾਰੀ ਨਸ਼ੇ ਅੰਦਰ ਜ਼ਮੀਨੀ ਹਕੀਕਤਾਂ ਅਤੇ ਕੀਤੇ ਵਾਹਦਿਆਂ ਨੂੰ ਭੁਲਾਕੇ ਏਕਾ-ਅਧਿਕਾਰਵਾਦੀ ਰੌਂਅ ਅੰਦਰ ਪੂਰੀ ਤਰ੍ਹਾਂ ਗਲਤਾਨ ਹੋ ਗਏ ਹਨ। ਦੇਸ਼ ਨੂੰ ਆਤਮ-ਨਿਰਭਰ ਬਣਾਉਣ ਲਈ ਮੋਦੀ ਸਰਕਾਰ ਨੇ ਫਿਰ ਸਵਦੇਸ਼ੀ-ਮੰਚ ਜੋ ਆਰ.ਐਸ.ਐਸ. ਦਾ ਇਕ ਵਿੰਗ ਹੈ, ਦਾ ਨਾਅਰਾ ਮੁੜ ਬੁਲੰਦ ਕੀਤਾ ਹੈ। ਅਸਲ ਵਿੱਚ ਅੱਜ ਜਦੋਂ ਦੇਸ਼ ਦੀ ਕਿਸਾਨੀ ਅਤੇ ਕਿਰਤੀ ਵਰਗ ਇਕ ਜੁਟ ਅਤੇ ਇਕ ਮੁਠ ਹੋਣ ਲਈ ਸਿਰ ਜੋੜਦੇ ਹਨ ਤਾਂ ਆਰ.ਐਸ.ਐਸ. ਦੇ ਇਹ ਫਿਰਕੂ ਜੱਥੇਬੰਦਕ ਵਿੰਗ 'ਬੀ.ਐਮ.ਐਸ. ਤੇ ਸਵਦੇਸ਼ੀ-ਮੰਚ' ਲੋਕ-ਏਕਤਾ ਨੂੰ ਤਾਰ-ਤਾਰ ਕਰਨ ਲਈ ਸਦਾ ਹੀ ਹਾਕਮ-ਜਮਾਤਾਂ ਦੀਆਂ ਪਾਲਾਂ ਵਿੱਚ ਜਾ ਕੇ ਲੋਕ ਲਹਿਰਾਂ ਨੂੰ ਕਮਜ਼ੋਰ ਕਰਦੇ ਰਹੇ ਹਨ। ਪਿਛਲੇ ਬੀਤੇ ਸਮਿਆਂ ਅਤੇ ਸੰਘਰਸ਼ਾਂ ਦੇ ਨਤੀਜੇ ਦੱਸਦੇ ਹਨ, 'ਕਿ ਇਹ ਜੱਥੇਬੰਦੀਆਂ ਸਦਾ ਹੀ ਪੂੰਜੀਪਤੀਆਂ ਤੇ ਮਾਲਕਾਂ ਦੇ ਹੱਕ 'ਚ ਖੜ੍ਹਦੀਆਂ ਰਹੀਆਂ ਹਨ ਅਤੇ ਉਨ੍ਹਾਂ ਦੀ ਪਿੱਠ ਪੂਰਦੀਆਂ ਰਹੀਆਂ ਸਨ। ਪਰ ਢੌਂਗ ਰਚਾਉਣ ਲਈ ਸਵਦੇਸ਼ੀ ਹੋਣ ਲਈ ਦੇਸ਼ ਭਗਤੀ ਦਾ ਰਾਗ ਅਲਾਪਦੀਆਂ ਹਨ।

ਮੋਦੀ ਸਰਕਾਰ ਵੱਲੋਂ ਪਾਸ ਕੀਤੇ ਕਿਸਾਨ ਵਿਰੋਧੀ ਇਕ ਪਾਸੜ ਕਾਰਪੋਰੇਟੀ ਪੱਖੀ ਖੇਤੀ ਕਾਨੂੰਨ ਅਤੇ ਇਸੇ ਤਰ੍ਹਾਂ ਸੰਸਦ ਅੰਦਰ ਪਾਸ ਹੋਏ ਤਿੰਨ ਕਿਰਤੀ ਕਾਨੂੰਨ ਕੋਡ (ਸੰਹਿਤਾ) ਰਾਹੀਂ ਦੇਸ਼ ਦੇ ਕਿਰਤੀ ਵਰਗ ਦੇ ਅਧਿਕਾਰਾਂ 'ਤੇ ਕੈਂਚੀ ਫੇਰੀ ਗਈ ਹੈ। ਹੁਣ ਤਾਂ ਕਿਰਤੀਆਂ ਲਈ ਆਪਣੇ ਅਧਿਕਾਰਾਂ ਲਈ ਹੜਤਾਲ ਕਰਨਾ ਵੀ ਮੁਸ਼ਕਿਲ ਹੋ ਗਿਆ ਹੈ ! ਮੋਦੀ ਸਰਕਾਰ ਜੋ ਕਿਰਤੀ ਵਰਗ ਨੂੰ ਗੁਲਾਮ ਬਣਾਉਣ ਵਲ ਵੱਧ ਰਹੀ ਹੈ, 'ਨੂੰ ਦੇਸ਼ ਦੀ ਕਿਰਤੀ-ਜਮਾਤ ਕਿਸੇ ਵੀ ਕੀਮਤ 'ਤੇ ਸਫਲ ਨਹੀਂ ਹੋਣ ਦੇਵੇਗੀ ? ਅੱਜ ਸਮੁੱਚਾ ਕਿਸਾਨ ਭਾਈਚਾਰਾ ਵੀ ਸਿਰ ਜੋੜ ਕੇ ਸੰਘਰਸ਼ ਕਰ ਰਿਹਾ ਹੈ। 25-ਸਤੰਬਰ, 2020 ਦਾ ਦੇਸ਼ ਵਿਆਪੀ ਕਿਸਾਨ ਅੰਦੋਲਨ ਤੇ 5-ਨਵੰਬਰ ਦੇ ਚੱਕਾ ਜਾਮ ਦੀ ਸਫਲਤਾ ਨੇ ਮੋਦੀ ਸਰਕਾਰ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਕੇਂਦਰੀ ਟਰੇਡ ਯੂਨੀਅਨਾਂ ਤੇ ਅਜ਼ਾਦ ਫੈਡਰੇਸ਼ਨਾਂ ਦੇ ਸਾਂਝੇ ਮੰਚ ਨੇ ਸਰਕਾਰ ਦੀਆਂ ਕਿਰਤੀ ਵਿਰੋਧੀ ਨੀਤੀਆਂ ਵਿਰੁੱਧ ਪਹਿਲਾਂ 23-ਸਤੰਬਰ, 2020 ਨੂੰ ਵੀ ਇੱਕ ਢੁੱਕਵੇਂ ਰੋਸ ਰਾਹੀਂ ਜਵਾਬ ਦਿੱਤਾ ਸੀ। ਹੁਣ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਮੰਚ ਵੱਲੋਂ 26-ਨਵੰਬਰ, 2020 ਨੂੰ ਲਾ-ਜਵਾਬ ਦੇਸ਼ ਵਿਆਪੀ ਇਕ ਦਿਨ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ।

ਨਵੇਂ ਕਿਰਤ ਕਾਨੂੰਨ ਕੋਡਾਂ ਰਾਹੀਂ ਕਿਰਤੀਆਂ ਦੇ ਲੰਬੇ ਸੰਘਰਸ਼ਾਂ ਬਾਦ ਪ੍ਰਾਪਤ ਕੀਤੇ ਅਧਿਕਾਰ ਤੇ ਹੱਕ ਮੋਦੀ ਸਰਕਾਰ ਨੇ ਇਤਨੇ ਘਟਾ ਦਿੱਤੇ ਹਨ ਕਿ ਸਮੁੱਚੇ ਕਿਰਤੀ ਲੋਕਾਂ ਨੂੰ ਹਾਕਮਾਂ ਅਤੇ ਪੂੰਜੀਪਤੀਆਂ ਦੇ ਗੁਲਾਮ ਬਣਾ ਦਿੱਤਾ ਹੈ। ਲੇਬਰ ਕੋਰਟ ਦਾ ਥਾਂ ਹੁਣ ਮੋਦੀ ਸਰਕਾਰ ਵੱਲੋਂ "ਰਾਸ਼ਟਰੀ ਟ੍ਰਿਬਿਊਨਲ ਅਤੇ ਸੂਬਾਈ ਸਨਅਤੀ ਟ੍ਰਿਬਿਊਨਲਾਂ" ਦੀ ਨਿਯੁਕਤੀ ਕਰਨ ਦੇ ਹੁਕਮ ਕੀਤੇ ਹਨ। ਹਰ ਕਿਰਤੀ ਨੂੰ ਭਾਵੇਂ ਉਹ ਪੱਕਾ ਵੀ ਕਿਉਂ ਨਾ ਹੋਵੇ, 'ਨਿਸ਼ਚਤ ਸਮੇਂ ਦਾ ਰੁਜ਼ਗਾਰ' ਦੇ ਨਾਂ ਹੇਠਾਂ ਕੰਪਨੀਆਂ (ਮਾਲਕਾਂ) ਲਈ ਜਦੋਂ ਮਰਜ਼ੀ ਕਿਸੇ ਨੂੰ ਰੱਖ ਲੈਣ ਅਤੇ ਜਦੋਂ ਮਰਜ਼ੀ ਹੋਵੇ ਹਟਾ ਦੇਣ ਲਈ ਵੀ ਇਨ੍ਹਾਂ ਕੋਡਾਂ ਰਾਹੀਂ ਸਾਫ਼ ਕਰ ਦਿੱਤਾ ਹੈ। ਬੀ.ਜੇ.ਪੀ. ਵੱਲੋਂ ਕਈ ਦਹਾਕੇ ਪਹਿਲਾਂ ਹੀ 'ਹਾਇਰ ਐਂਡ ਫਾਇਰ' ਦੀ ਵਕਾਲਤ ਸੱਜ-ਵੱਜ ਕੇ ਕੀਤੀ ਜਾਂਦੀ ਰਹੀ ਹੈ ! ਲਗਭਗ ਇਕ ਸਦੀ ਪਹਿਲਾਂ ਦੇਸ਼ ਦੇ ਕਿਰਤੀਆਂ ਨੇ ਆਪਣੀ ਜੱਥੇਬੰਦਕ ਸ਼ਕਤੀ ਦੇ ਬਲਬੂਤੇ ਟਰੇਡ ਯੂਨੀਅਨ ਬਣਾਉਣ ਲਈ ਬਰਤਾਨਵੀ ਬਸਤੀਵਾਦੀ ਹਾਕਮਾਂ ਨੂੰ ਟਰੇਡ ਯੂਨੀਅਨ ਐਕਟ ਬਣਾਉਣ ਲਈ ਮਜਬੂਰ ਕੀਤਾ ਸੀ। ਇਕ ਅਦਾਰੇ 'ਚ ਯੂਨੀਅਨ ਬਣਾਉਣ ਲਈ ਘੱਟੋ ਘੱਟ ਮੈਂਬਰਸ਼ਿਪ ਲਈ ਪਹਿਲੀ ਸ਼ਰਤ ਖਤਮ ਕਰਕੇ ਬਾਦ ਵਿੱਚ 100-ਮੈਂਬਰਸ਼ਿਪ ਜਾਂ 10-ਫੀਸਦ ਕਿਰਤੀਆਂ ਦੇ ਮੈਂਬਰ ਬਣਨ ਲਈ ਰਜਿਸਟ੍ਰੇਸ਼ਨ ਨੂੰ ਜ਼ਰੂਰੀ ਕਰ ਦਿੱਤਾ ਸੀ। ਪਰ ਮੌਜੂਦਾ ਹਾਕਮਾਂ ਨੇ ਨਵੇਂ ਕਿਰਤ ਸੰਹਿਤਾ ਕਨੂੰਨਾਂ ਅੰਦਰ ਕਈ ਰੋਕਾਂ ਲਾ ਦਿਤੀਆਂ ਹਨ। ਜਿਸ ਨਾਲ ਕਿਰਤੀਆਂ ਨੂੰ ਯੂਨੀਅਨ ਬਣਾਉਣ ਅਤੇ ਹੜਤਾਲ ਕਰਨ ਦੇ ਹੱਕ ਨੂੰ ਰੋਕਣ ਲਈ ਕਿਰਤ ਕਨੂੰਨਾਂ ਨੂੰ ਬਹੁਤ ਸਖ਼ਤ, ਸਜ਼ਾਵਾਂ ਦੇਣ ਅਤੇ ਗੁਲਾਮਦਾਰੀ ਤੋਂ ਕੁਝ ਵੀ ਘੱਟ ਨਹੀਂ ਕਿਹਾ ਜਾ ਸਕਦਾ ਹੈ ਬਣਾ ਦਿੱਤਾ ਹੈ। ਲੇ-ਆਫ਼, ਛਾਂਟੀ ਅਤੇ ਤਾਲਾਬੰਦੀ ਲਈ ਇਕ ਅਦਾਰੇ ਅੰਦਰ ਕੰਮ ਕਰਦੇ 300 ਤੋਂ ਘੱਟ ਕਾਮਿਆਂ ਵਾਲੇ ਯੂਨਿਟਾਂ ਨੂੰ ਸਰਕਾਰ ਤੋਂ ਆਗਿਆ ਲੈਣ ਦੀ ਲੋੜ ਨਹੀਂ ਹੋਵੇਗੀ। ਪੁਰਾਣੇ ਕਨੂੰਨਾਂ 'ਚ ਇਹ ਗਿਣਤੀ-100 ਹੁੰਦੀ ਸੀ। 50-ਤੋਂ 300 ਦਰਮਿਆਨ ਗਿਣਤੀ ਵਾਲੇ ਸਨਅਤੀ ਅਦਾਰਿਆਂ ਅੰਦਰ 45-ਕਾਮਿਆਂ ਨੂੰ ਲੇ-ਆਫ ਤੇ ਬਾਦ ਵਿੱਚ ਛਾਂਟੀ ਕਰਨ ਲਈ ਕਾਨੂੰਨੀ ਮਾਨਤਾ ਦਿੱਤੀ ਗਈ ਹੈ। ਜੇਕਰ 50-ਫੀਸਦ ਤੋਂ ਵੱਧ ਕਿਰਤੀਆਂ ਵੱਲੋਂ ਇਕ ਦਿਨ ਹੀ ਅਚਨਚੇਤੀ ਛੁੱਟੀ ਲੈ ਲਈ ਜਾਵੇ ਤਾਂ ਕੋਡ ਅਨੁਸਾਰ ਇਸ ਨੂੰ ਹੜਤਾਲ ਮੰਨ ਲਿਆ ਜਾਵੇਗਾ। ਗੈਰ-ਕਾਨੂੰਨੀ ਹੜਤਾਲ ਲਈ ਕਿਰਤੀਆਂ 'ਤੇ 50,000 ਰੁਪਏ ਤਕ ਜੁਰਮਾਨਾ ਅਤੇ ਇਕ ਮਹੀਨੇ ਜਾਂ ਵੱਧ ਤੱਕ ਦੀ ਕੈਦ ਦੀ ਸਜ਼ਾ ਤੈਅ ਕੀਤੀ ਗਈ ਹੈ। ਦੇਸ਼ ਪੱਧਰ 'ਤੇ ਘੱਟੋ-ਘੱਟ ਉਜਰਤ ਵੱਖੋ-ਵੱਖ ਇਲਾਕਿਆਂ ਲਈ ਵੱਖ-ਵੱਖ ਤੈਅ ਕੀਤੀ ਜਾਵੇਗੀ। ਪਹਿਲਾਂ 1948 ਦਾ ਇਹ ਕਾਨੂੰਨ ਕੇਂਦਰੀ ਅਦਾਰਿਆਂ ਤੋਂ ਬਿਨ੍ਹਾਂ, 'ਘੱਟੋ-ਘੱਟ ਉਜਰਤ ਤੈਅ ਕਰਨ ਦਾ ਅਧਿਕਾਰ ਰਾਜਾਂ ਨੂੰ ਵੀ ਦਿੰਦਾ ਸੀ। ਪਰ ਹੁਣ ਰਾਜ, 'ਕੇਂਦਰੀ ਉਜਰਤਾਂ ਨੂੰ ਘੱਟੋ-ਘੱਟ ਸੀਮਾਂ ਮੰਨ ਕੇ ਉਸ ਦੇ ਬਰਾਬਰ (ਵੱਧ ਨਹੀਂ) ਤੈਅ ਕਰਨਗੇ। 1976 ਦੇ ਇਸਤਰੀ ਤੇ ਮਰਦ ਕਿਰਤੀ ਵਿਚਕਾਰ ਉਜਰਤਾਂ ਦੀ ਅਦਾਇਗੀ ਅਤੇ ਨੌਕਰੀ ਤੇ ਭਰਤੀ ਦੌਰਾਨ ਵੱਖਰੇਵੇਂ 'ਤੇ ਰੋਕ ਲਾਈ ਗਈ ਹੈ। ਮੌਜੂਦਾ ਉਜਰਤਾ ਬਾਰੇ ਕੋਡ ਪੁਰਾਣੇ ਕਨੂੰਨ ਨੂੰ ਜਜ਼ਬ ਕਰਦਾ ਹੈ। ਪਰ ਕੰਮ ਅਤੇ ਭਰਤੀ ਮੌਕੇ ਇਸਤਰੀ-ਮਰਦ ਕਿਰਤੀ ਵਿਚਕਾਰ ਵਿਤਕਰੇ ਤੇ ਰੋਕ ਸਬੰਧੀ ਵਿਸ਼ੇਸ਼ ਮੱਦਾਂ ਨੂੰ ਛੱਡ ਦਿੱਤਾ ਗਿਆ ਹੈ। ਇਨ੍ਹਾਂ ਪੁਰਾਣੇ ਕਨੂੰਨਾਂ ਅੰਦਰ ਜਿਥੇ ਮੁੱਖ ਟੇਕ "ਇੰਸਪੈਕਟਰ" 'ਤੇ ਹੁੰਦੀ ਸੀ ਉਸ ਦਾ ਭੋਗ ਪਾ ਦਿੱਤਾ ਗਿਆ ਹੈ। ਭਾਵੇਂ ਸਾਰੇ ਪਾਸੇ ਫੈਲੇ ਭ੍ਰਿਸ਼ਟਾਚਾਰ ਕਾਰਨ ਇੰਸਪੈਕਟਰ ਰਾਜ ਦੀ ਭਰੋਸੇਯੋਗਤਾ 'ਤੇ ਸਵਾਲੀਆ ਚਿੰਨ੍ਹ ਲੱਗਦੇ ਸਨ। ਪਰ ਇਹੀ ਇੰਸਪੈਕਟਰ ਕਿਸੇ ਵੀ ਕਾਰਖਾਨੇ, ਫੈਕਟਰੀ ਤੇ ਅਦਾਰੇ 'ਚ ਜਾ ਕੇ ਅਚਾਨਕ ਚੈਕਿੰਗ ਕਰਨ ਦਾ ਹੱਕ ਰੱਖਦਾ ਸੀ। ਪਰ ਮੌਜੂਦਾ ਵਿਵਸਥਾ ਅੰਦਰ ਉਹ ਹੁਣ 'ਫੈਸੱਲੀਟੇਟਰ' ਭਾਵ ਮਾਲਕ ਤੇ ਕਿਰਤੀ ਵਿਚਕਾਰ ਨਵੇਂ ਕੋਡਾਂ ਅਨੁਸਾਰ ਕਨੂੰਨਾਂ ਦੀ ਪਾਲਣਾ ਕਰਨ ਸਬੰਧੀ ਸੁਝਾਅ ਦੇਵੇਗਾ ? ਭਾਵ ਉਹ ਕਿਸੇ ਅਦਾਰੇ ਅੰਦਰ ਹੋ ਰਹੇ ਕਿਰਤੀਆਂ ਦੇ ਸ਼ੋਸ਼ਣ ਸਬੰਧੀ ਮੂਕ-ਦਰਸ਼ਕ ਹੋਵੇਗਾ ? ਅਗਾਊਂ ਸੂਚਨਾ ਦੇ ਆਧਾਰ 'ਤੇ ਹੀ ਉਹ ਕਿਸੇ ਸਨਅਤੀ ਅਦਾਰੇ ਅੰਦਰ ਜਾਂਚ ਕਰ ਸਕੇਗਾ ? ਸੰਸਦ ਵਿੱਚ ਪਾਸ ਕੀਤੇ ਨਵੇਂ ਕਿਰਤ ਕਨੂੰਨਾਂ, 'ਜਿਨ੍ਹਾਂ ਦਾ ਨਾਂ 'ਕਿਰਤ-ਸੁਧਾਰ' ਦਿੱਤਾ ਗਿਆ ਹੈ ਦੇ ਪਾਸ ਹੋਣ ਤੋਂ ਪਹਿਲਾਂ 23-ਸਤੰਬਰ ਨੂੰ ਦੇਸ਼ ਦੇ ਲੱਖਾਂ ਕਿਰਤੀਆਂ ਨੇ 'ਦੇਸ਼ ਨੂੰ ਬਚਾਓ' ਅਧੀਨ ਰੋਸ ਮੁਜ਼ਾਹਰੇ ਕੀਤੇ ਸਨ। ਕਾਨੂੰਨ ਬਣਨ ਤੋਂ ਪਹਿਲਾਂ ਇਨ੍ਹਾਂ ਬਿਲਾਂ ਵਿਰੁਧ ਹਜ਼ਾਰਾਂ ਕਿਰਤੀ ਜੱਥੇਬੰਦੀਆਂ ਵੱਲੋਂ ਇਤਰਾਜ਼ ਭੇਜੇ ਗਏ ਸਨ। ਪਾਰਲੀਮੈਂਟਰੀ ਸਟੈਂਡਿੰਗ ਕਮੇਟੀ ਵੱਲੋਂ ਵੀ ਕਿਰਤੀਆਂ ਦੇ ਹੱਕ ਲਈ ਰਿਵਾਇਜ਼ਡ-ਡਰਾਫਟ ਅੰਦਰ ਬਹੁਤ ਸਾਰੀਆਂ ਸਿਫਾਰਿਸ਼ਾਂ ਕੀਤੀਆਂ ਗਈਆਂ ਸਨ। ਪਰ ਨਾ-ਮਾਨੂੰ ਏਕਾ-ਅਧਿਕਾਰਵਾਦੀ ਮੋਦੀ ਸਰਕਾਰ ਨੇ ਕਿਸੇ ਵੀ ਹਕੀਕਤ ਨੂੰ ਨਾ ਜਾਣਿਆ ਤੇ ਨਾ ਹੀ ਮੁੱਖ ਰੱਖਿਆ। ਸਗੋਂ ਪੂੰਜੀਪਤੀਆਂ ਅਤੇ ਕਾਰਪੋਰੇਟੀ ਪ੍ਰਭਾਵ 'ਤੇ ਹਿਤਾਂ ਨੂੰ ਮੁੱਖ ਰੱਖਦਿਆਂ ਸਾਲ 2002 ਦੌਰਾਨ "ਵਾਜਪਾਈ-ਸਰਕਾਰ" ਵੇਲੇ ਦੇ ਕੌਮੀ ਕਿਰਤ-ਕਮਿਸ਼ਨ ਦੀਆਂ ਕਿਰਤੀ-ਵਿਰੋਧੀ ਸਿਫਾਰਿਸ਼ਾਂ ਨੂੰ ਮੁੱਖ ਰੱਖ ਕੇ ਦੇਸ਼ ਅੰਦਰ ਕਿਰਤੀ-ਵਰਗ ਨੂੰ ਗੁਲਾਮੀ ਵਾਲੇ ਦੌਰ ਵੱਲ ਧੱਕ ਦਿੱਤਾ ਹੈ। ਬਹੁਤ ਸਾਰੇ ਕਿਰਤ ਕਾਨੂੰਨਾਂ ਵਿੱਚ ਕੀਤੇ ਸੁਧਾਰ ਅਸਲ ਵਿਚ ਕਿਰਤੀ ਨੂੰ ਉਸ ਦੇ ਹੱਕਾਂ ਤੋਂ ਮਰਹੂਮ ਕਰਦੇ ਹਨ। ਇਸੇ ਤਰ੍ਹਾਂ ਉਸ ਵੱਲੋਂ ਬਹੁਤ ਸਾਰੇ ਕਈ ਦਹਾਕਿਆਂ ਦੇ ਸੰਘਰਸ਼ਾਂ ਬਾਦ ਪ੍ਰਾਪਤ ਕੀਤੇ ਆਰਥਿਕ ਹੱਕ, ਟਰੇਡ ਯੂਨੀਅਨ ਖੇਤਰ 'ਚ ਹੋਈਆਂ ਪ੍ਰਾਪਤੀਆਂ ਅਤੇ ਇਕ ਕਿਰਤੀ-ਵਜੋਂ ਮਾਣ-ਸਨਮਾਨ ਸਭ ਖਤਮ ਕਰ ਦਿੱਤੇ ਗਏ ਹਨ। ਕੌਮਾਂਤਰੀ ਕਿਰਤ ਸੰਸਥਾ ਦੀ ਕਨਵੈਨਸ਼ਨ-144 ਜਿਸ ਨੂੰ ਦੇਸ਼ ਦੀ ਪਾਰਲੀਮੈਂਟ ਨੇ ਪ੍ਰਵਾਨ ਕੀਤਾ ਹੈ ਉਸ ਦੀ ਇਹ ਕੋਡ ਸਰਾਸਰ ਉਲੰਘਣਾ ਸਨ। ਮਜ਼ਦੂਰਾਂ ਤੋਂ ਹੱਕ ਖੋਹ ਕੇ ਉਨ੍ਹਾਂ ਨੂੰ ਪੂੰਜੀਪਤੀਆਂ ਤੇ ਮਾਲਕਾਂ ਦੇ ਹਿਤ ਪੂਰਨ ਲਈ ਦੇਣੇ ਕੀ ਮੋਦੀ ਸਰਕਾਰ ਦੇ ਇਹ ਕਦਮ ਕਿਥੋਂ ਦੇ ਰਾਮ ਰਾਜ ਦੀ ਮਿਸਾਲ ਹੋ ਸਕਦੇ ਹਨ ?

# ਮਾਈਕਰੋਫਾਇਨਾਂਸ ਕੰਪਨੀਆਂ ਦਾ ਮੱਕੜ ਜਾਲ

ਜਦੋਂ ਭਾਰਤ ਵਿਚ ਕਰੋਨਾ ਦਾ ਰੌਲਾ ਪਿਆ ਤਾਂ ਥੋੜ੍ਹੇ ਸਮੇਂ ਬਾਅਦ ਫਾਇਨਾਂਸ ਕੰਪਨੀਆਂ ਦੀਆਂ ਕਿਸ਼ਤਾਂ ਦਾ ਵਿਰੋਧ ਸ਼ੁਰੂ ਹੋ ਗਿਆ। ਪਹਿਲਾ ਵਿਰੋਧ ਮੋਗਾ ਜ਼ਿਲ੍ਹੇ ਵਿਚ ਹੋਇਆ; ਫਿਰ ਮਾਨਸਾ, ਸ਼ੇਰਪੁਰ ਤੇ ਹੋਰ ਥਾਈ ਵਿਰੋਧ ਸ਼ੁਰੂ ਹੋ ਗਏ। ਇਹ ਵਿਰੋਧ ਵੱਡੇ ਇਕੱਠਾਂ ਦਾ ਰੂਪ ਧਾਰ ਗਏ। ਲੋਕਾਂ ਨੇ ਤੰਗ ਕਰਨ ਵਾਲੇ ਏਜੰਟਾਂ ਨੂੰ ਬੰਨ੍ਹਣਾ ਸ਼ੁਰੂ ਕਰ ਦਿੱਤਾ। ਏਜੰਟਾਂ ਨੇ ਕਿਸ਼ਤ ਨਾ ਭਰਨ ਵਾਲਿਆਂ ਦਾ ਸਮਾਨ ਚੁੱਕਣਾ ਸ਼ੁਰੂ ਕਰ ਦਿੱਤਾ ਸੀ। ਰਿਜ਼ਰਵ ਬੈਂਕ ਨੇ ਜਿਹੜੇ 6 ਮਹੀਨੇ ਦਿੱਤੇ, ਉਸ ਤੋਂ ਬਾਅਦ ਹਾਲਾਤ ਹੋਰ ਗੁੰਝਲਦਾਰ ਬਣ ਗਏ ਅਤੇ ਮੁੱਦਾ ਸੁਪਰੀਮ ਕੋਰਟ ਚਲਿਆ ਗਿਆ। ਸਰਕਾਰ ਨੇ ਵੀ ਇਸ ਬਾਰੇ ਸਥਿਤੀ ਸਪੱਸ਼ਟ ਨਹੀਂ ਕੀਤੀ। ਬੈਂਕਾਂ ਦੇ ਵਕੀਲ ਲੋਕਾਂ ਨੂੰ ਰਾਹਤ ਦੇਣ ਦਾ ਵਿਰੋਧ ਕਰ ਰਹੇ ਹਨ। ਕੁਝ ਲੋਕ ਕਰਜ਼ ਮੁਆਫ਼ੀ ਦੀ ਗੱਲ ਕਰ ਰਹੇ ਹਨ। ਕੁਝ ਸਿਰਫ ਕਰੋਨਾ ਸਮੇਂ ਦੀਆਂ ਕਿਸ਼ਤਾਂ ਦੀ ਮੁਆਫ਼ੀ ਬਾਰੇ ਕਹਿ ਰਹੇ ਹਨ। ਕੁਝ ਵਿਆਜ ਮੁਆਫੀ ਤੇ ਕੁਝ ਮਿਸ਼ਰਿਤ ਵਿਆਜ਼ ਮੁਆਫੀ ਬਾਰੇ ਗੱਲ ਕਰ ਰਹੇ ਹਨ। ਇਹ ਫਾਇਨਾਂਸ ਕੰਪਨੀਆਂ ਖੁੰਭਾਂ ਵਾਂਗ ਕਿੱਥੋਂ ਉੱਗ ਆਈਆਂ ? ਬਿਨਾ ਪ੍ਰਾਪਰਟੀ ਦੀ ਗਾਰੰਟੀ ਇਹ ਕਰਜ਼ਾ ਕਿਵੇਂ ਦਿੰਦੀਆਂ ਹਨ ? ਕੀ ਇਹ ਸੱਚਮੁੱਚ ਸੈਲਫ ਹੈਲਪ ਗਰੁੱਪ ਹਨ ? ਕੀ ਇਹ ਸਰਕਾਰੀ ਕੰਟਰੋਲ ਹੇਠ ਹਨ ? ਇਨ੍ਹਾਂ ਕੋਲ ਐਨਾ ਪੈਸਾ ਕਿੱਥੋਂ ਆਇਆ ?

ਫਾਇਨਾਂਸ ਕੰਪਨੀਆਂ ਦੁਆਰਾ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਅਸਲ ਵਿਚ ਵਿੱਤੀ ਸਰਮਾਏ ਦਾ ਹੱਲਾ ਹੈ। ਵਿੱਤੀ ਸਰਮਾਏ ਤੋਂ ਭਾਵ ਮੁਦਰਾ ਸਰਮਾਏ ਨੂੰ ਸਨਅਤੀ ਜਾਂ ਉਤਪਾਦਕ ਸਰਮਾਏ ਤੋਂ ਵੱਖ ਕਰ ਦਿੱਤਾ ਜਾਂਦਾ ਅਤੇ ਲਾਭੰਸ਼ਾਂ ਸਹਾਰੇ ਜਿਊਣ ਵਾਲੀ ਵਿੱਤੀ ਜੁੰਡਲੀ ਪੈਦਾ ਹੋ ਗਈ ਹੈ। ਸਾਮਰਾਜ ਦੀ ਆਮਦ ਨਾਲ ਇਹ ਵਿੱਤੀ ਪੂੰਜੀ ਦੁਨੀਆ ਭਰ ਵਿਚ ਪਹੁੰਚ ਗਈ। ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਅਤੇ ਸੰਸਾਰ ਬੈਂਕ ਵਰਗੀਆਂ ਸੰਸਥਾਵਾਂ ਹੋਂਦ ਵਿਚ ਆਉਣ ਤੋਂ ਬਾਅਦ ਲੁੱਟ ਦਾ ਢਾਂਚਾ ਹੋਰ ਸੰਘਣਾ ਹੋ ਗਿਆ ਅਤੇ ਇਸ ਦੇ ਰਾਹ ਨੂੰ ਹੋਰ ਮੋਕਲਾ ਕਰ ਦਿੱਤਾ।

1971 ਦੀ ਭਾਰਤ-ਪਾਕਿਸਤਾਨ ਜੰਗ ਤੋਂ ਬਾਅਦ ਬੰਗਲਾਦੇਸ਼ ਹੋਂਦ ਵਿਚ ਆਇਆ। ਸੰਸਾਰ ਬੈਂਕ ਅਤੇ ਆਈਐੱਮਐੱਫ ਨਵੇਂ ਜਨਮੇ ਦੇਸ਼ ਨੂੰ ਗਿਰਝਾਂ ਵਾਂਗ ਪੈ ਗਏ। ਬੰਗਲਾਦੇਸ਼ ਨੂੰ ਵਿਕਾਸ ਦੇ ਨਾਮ ਤੇ, ਪੇਂਡੂ ਖੇਤਰ ਨੂੰ ਉੱਚਾ ਚੁੱਕਣ, ਗਰੀਬੀ ਹਟਾਉਣ, ਪ੍ਰਾਜੈਕਟਾਂ ਦੇ ਨਾਮ ਤੇ ਉੱਚੀ ਵਿਆਜ ਦਰ ਵਾਲਾ ਕਰਜ਼ਾ ਦਿੱਤਾ। ਇਸ ਕਰਜ਼ੇ ਨੂੰ ਦੇਣ ਦੇ ਦਬਾਓ ਨਾਲ ਨਵੀਆਂ ਉਦਾਰਵਾਦੀ ਨੀਤੀਆਂ ਲਾਗੂ ਕੀਤੀਆਂ। ਦੇਸ਼ ਅੰਦਰ ਫੈਲੀ ਬੇਚੈਨੀ ਦਾ ਰਸਤਾ ਮੋੜਨ ਲਈ ਖੁੰਭਾਂ ਵਾਂਗ ਐੱਨਜੀਓਜ ਪੈਦਾ ਹੋ ਗਈਆਂ। ਜਿਹੜੇ ਲੋਕਾਂ ਦੀ ਪਹੁੰਚ ਤੋਂ ਬੈਂਕਾਂ ਬਾਹਰ ਸਨ, ਉਨ੍ਹਾਂ ਲੋਕਾਂ ਲਈ ਐੱਨਜੀਓਜ ਨੇ ਗ੍ਰਾਮੀਣ ਬੈਂਕਾਂ ਸ਼ੁਰੂ ਕੀਤੀਆਂ। ਬੈਂਕਾਂ ਤੋਂ ਪੈਸਾ ਲੈ ਕੇ ਆਪ ਨਵੀਆਂ ਬੈਂਕਾਂ ਬਣਾਈਆਂ। ਇਸੇ ਤਰ੍ਹਾਂ ਦੀ ਗ੍ਰਾਮੀਣ ਬੈਂਕ ਐੱਨਜੀਓ ਚਲਾਉਂਦੇ ਮੁਹੰਮਦ ਯੂਨਿਸ ਨੇ 1976 ਵਿਚ ਬਣਾਈ। ਇਹ ਅਸਲ ਵਿਚ ਮਾਈਕਰੋਫਾਈਨਾਂਸ ਦਾ ਕੰਮ ਕਰਦੀ ਸੀ। ਉਸ ਦਾ ਕੰਮ ਕਾਫੀ ਫੈਲਿਆ। ਸਾਮਰਾਜੀਆਂ ਨੇ ਉਸ ਨੂੰ ਮਾਡਲ ਦੇ ਤੌਰ ਤੇ ਪ੍ਰਚਾਰਨ ਲਈ ਨੋਬੇਲ ਪੁਰਸਕਾਰ ਵੀ ਦਿੱਤਾ। ਬਾਅਦ ਵਿਚ ਉਹ ਉੱਚੀ ਵਿਆਜ ਦਰ ਤੇ ਧੱਕੇ ਨਾਲ ਵਸੂਲੀ ਦੇ ਦੋਸ਼ਾਂ ਵਿਚ ਵੀ ਘਿਰ ਗਈ।

ਇਸ ਦੇ ਨਾਲ ਹੀ ਸੰਸਾਰ ਬੈਂਕ ਮਾਈਕਰੋਫਾਇਨਾਂਸ ਦੇ ਕੰਮ ਵਿਚ ਸਿੱਧੇ ਤੌਰ ਤੇ ਆ ਗਈ। ਉਸ ਨੇ ਇਹ ਕੰਮ 'ਇੰਟਰਨੈਸ਼ਨਲ ਫਾਇਨਾਂਸ ਕਾਰਪੋਰੇਸ਼ਨ' ਦੇ ਨਾਮ ਥੱਲੇ ਸ਼ੁਰੂ ਕੀਤਾ। ਇਹ ਮਾਡਲ ਦੁਨੀਆ ਭਰ ਵਿਚ ਲਾਗੂ ਹੋਣ ਲੱਗਿਆ, ਵਿੱਤੀ ਪੂੰਜੀ ਨੂੰ ਨਵਾਂ ਖੇਤਰ ਲੱਭ ਗਿਆ ਸੀ। ਜਿਹੜੇ ਲੋਕ ਹਾਸ਼ੀਏ ਤੋਂ ਬਾਹਰ ਸਨ, ਉਨ੍ਹਾਂ ਨੂੰ ਨਿਚੋੜਨ ਦਾ ਤਰੀਕਾ ਵੀ ਚੰਗਾ। 1989 ਵਿਚ ਆਈ ਆਰਥਿਕ ਮੰਦੀ ਤੋਂ ਬਾਅਦ 'ਸ਼ੈਡੋ ਬੈਂਕ' ਸਿਸਟਮ ਨੂੰ ਮਨਜ਼ੂਰੀ ਦਿੱਤੀ ਗਈ। 'ਗਰੀਬਾਂ ਦੀ ਸਹਾਇਤਾ ਲਈ ਸਲਾਹਕਾਰ ਗਰੁੱਪ' ਦੇ ਨਾਮ ਥੱਲੇ 1997 ਵਿਚ ਪਹਿਲਾ ਮਾਈਕਰੋ ਕਰੈਡਿਟ ਸਮਾਗਮ ਵਾਸ਼ਿੰਗਟਨ (ਅਮਰੀਕਾ) ਵਿਚ ਹੋਇਆ। ਸੰਸਾਰੀਕਰਨ ਤਹਿਤ ਇਸ ਨੂੰ ਦੁਨੀਆ ਦੇ ਕੋਨੇ ਕੋਨੇ ਵਿਚ ਲਿਜਾਇਆ ਗਿਆ। ਮਾਈਕਰੋਫਾਇਨਾਂਸ ਦਾ ਇਹ ਕਾਰੋਬਾਰ 2010 ਵਿਚ 90 ਬਿਲੀਅਨ ਡਾਲਰ ਦਾ ਬਣ ਗਿਆ ਜਿਸ ਦਾ 200 ਮਿਲੀਅਨ ਡਾਲਰ ਉਧਾਰ ਸੀ। ਮਾਈਕਰੋਫਾਇਨਾਂਸ ਭਾਵੇਂ ਸੰਸਾਰ ਪੱਧਰ ਤੇ ਲਾਗੂ ਹੋਈ ਪਰ ਇਸ ਦਾ ਮੁੱਖ ਨਿਸ਼ਾਨਾ ਤੀਸਰੀ ਦੁਨੀਆ ਦੇ ਉਹ ਲੋਕ ਸਨ ਜਿਹੜੇ ਵਿੱਤੀ ਪੂੰਜੀ ਦੀ ਮਾਰ ਤੋਂ ਬਾਹਰ ਸਨ।

ਮਾਈਕਰੋਫਾਇਨਾਂਸ ਦਾ ਕੰਮ ਤਿੰਨ ਤਰੀਕਿਆਂ ਨਾਲ ਹੋ ਰਿਹਾ ਹੈ। ਪਹਿਲਾ, ਇਹ ਐੱਨਜੀਓਜ ਹੌਲੀ ਹੌਲੀ ਬਹੁਤ ਵੱਡੀਆਂ ਹੋ ਗਈਆਂ ਤੇ ਕੰਪਨੀਆਂ ਦਾ ਰੂਪ ਧਾਰਨ ਕਰ ਗਈਆਂ। ਇਨ੍ਹਾਂ ਵਿਚੋਂ ਬਹੁਤੀਆਂ ਨੂੰ ਵੱਡੀਆਂ ਕੰਪਨੀਆਂ ਨੇ ਖਰੀਦ ਲਿਆ ਜਾਂ ਇਨ੍ਹਾਂ ਵਿਚ ਹਿੱਸੇਦਾਰੀ ਪਾ ਲਈ। ਹੁਣ ਸਿੱਧੇ ਤੌਰ ਤੇ ਵੀ ਕੰਪਨੀਆਂ ਨੇ ਕੰਮ ਸ਼ੁਰੂ ਕਰ ਦਿੱਤਾ ਹੈ। ਦੂਸਰਾ ਤਰੀਕਾ, ਇਹ ਐੱਨਜੀਓ ਜਾਂ ਫਾਇਨਾਂਸ ਕੰਪਨੀਆਂ ਬੈਂਕਾਂ ਤੋਂ ਕਰਜ਼ਾ ਲੈਂਦੀਆਂ ਹਨ ਅਤੇ ਅੱਗੇ ਵੱਧ ਵਿਆਜ ਤੇ ਲੋਕਾਂ ਨੂੰ ਦਿੰਦੀਆਂ ਹਨ। ਹੁਣ ਕਈ ਬੈਂਕਾਂ ਨੇ ਵੀ ਆਪਣੇ ਤੌਰ ਤੇ ਇਹ ਕੰਮ ਸ਼ੁਰੂ ਕਰ ਦਿੱਤਾ ਹੈ, ਬੈਂਕਾਂ ਅੰਦਰ ਵੱਖਰੀਆਂ ਬਰਾਂਚਾਂ ਬਣਾ ਲਈਆਂ ਹਨ। ਤੀਸਰਾ ਤਰੀਕਾ, 'ਮੈਨੇਜਡ ਲੋਨ ਪੋਰਟਫੋਲੀਓ' ਦਾ ਹੈ; ਮਤਲਬ ਇਹ ਖਾਤਾ ਖੋਲ੍ਹਦੀਆਂ ਹਨ ਤੇ ਇਹ ਖਾਤੇ ਅੱਗੇ ਬੈਂਕਾਂ ਨੂੰ ਵੇਚ ਦਿੰਦੀਆਂ ਹਨ। ਪੈਸੇ ਦੀ ਜ਼ਿੰਮੇਵਾਰੀ ਤੋਂ ਵੀ ਮੁਕਤ ਹੋ ਜਾਂਦੀਆਂ ਹਨ ਤੇ ਲੋਕਾਂ ਨੂੰ ਰਿਕਵਰੀ ਤੇ ਵੱਧ ਵਿਆਜ ਵਸੂਲਦੀਆਂ ਹਨ। ਇਹ ਕੰਪਨੀਆਂ ਜਾਂ ਐਨਜੀਓ ਕਰਜ਼ਾ ਸਿੱਧਾ ਵਿਅਕਤੀ ਜਾਂ ਗਰੁੱਪ ਨੂੰ ਦਿੰਦੀਆਂ ਹਨ। ਗਰੁੱਪ ਦਾ ਨਾਮ 'ਸੈਲਫ ਹੈਲਪ ਗਰੁੱਪ' ਰੱਖਿਆ ਹੋਇਆ ਹੈ। ਇਸ ਦੀ ਇੱਕ ਟੀਮ ਲੀਡਰ ਬਣਾਈ ਜਾਂਦੀ ਹੈ, ਉਹ ਸਾਰਾ ਰੁਪਈਆ ਇਕੱਠਾ ਕਰਦੀ ਹੈ। ਕਿਸ਼ਤ ਮੋੜਨ ਦੀ ਮੁੱਖ ਜ਼ਿੰਮੇਵਾਰੀ ਗਰੁੱਪ ਦੀ ਹੀ ਹੁੰਦੀ ਹੈ। ਜੇਕਰ ਕੋਈ ਕਿਸ਼ਤ ਨਹੀਂ ਭਰਦਾ ਤਾਂ ਇਹ ਪੈਸਾ ਗਰੁੱਪ ਸਿਰ ਪੈ ਜਾਂਦਾ ਹੈ। ਇਸ ਕਰ ਕੇ ਔਰਤਾਂ ਆਪਣੀ ਨਾਲ ਦੀ ਔਰਤ ਤੋਂ ਆਪ ਹੀ ਕਿਸ਼ਤ ਵਸੂਲਦੀਆਂ ਹਨ। ਕੰਪਨੀ ਸਿਰਫ ਉਦੋਂ ਦਖਲਅੰਦਾਜ਼ੀ ਕਰਦੀ ਹੈ ਜਦੋਂ ਸਾਰਾ ਗਰੁੱਪ ਡਿਫਾਲਟਰ ਹੋ ਜਾਵੇ; ਜਾਂ ਕੋਈ ਵਿਅਕਤੀ ਗਰੁੱਪ ਦੇ ਉਪਰੋਂ ਦੀ ਹੋ ਜਾਵੇ। ਇਨ੍ਹਾਂ ਕੋਲ ਗੁੰਡੇ ਹੁੰਦੇ ਹਨ ਜੋ ਕੁੱਟਮਾਰ ਕਰਦੇ ਹਨ, ਸਮਾਨ ਵੀ ਚੁੱਕ ਕੇ ਲੈ ਜਾਂਦੇ ਹਨ। ਕਿਸ਼ਤ ਲੇਟ ਹੋਣ ਤੇ ਭਾਰੀ ਜੁਰਮਾਨਾ ਲੱਗਦਾ ਹੈ। ਵਿਆਜ ਦਰ 24 ਤੋਂ 60% ਤੱਕ ਹੈ। ਜਦੋਂ ਲੋਕਾਂ ਤੋਂ ਪੈਸੇ ਨਹੀਂ ਮੁੜਦੇ ਤਾਂ ਉਹ ਇੱਕ ਦੇ ਪੈਸੇ ਮੋੜਨ ਲਈ ਦੂਸਰੀ ਕੰਪਨੀ ਤੋਂ ਕਰਜ਼ਾ ਲੈਂਦੇ ਹਨ; ਦੂਸਰੀ ਦੇ ਮੋੜਨ ਲਈ ਤੀਸਰੀ ਤੋਂ। ਇਉਂ ਉਹ ਕੁੜਿੱਕੀ ਵਿਚ ਫਸ ਜਾਂਦੇ ਹਨ। ਕਰਜ਼ਾ ਨਾ ਮੋੜਨ ਕਾਰਨ ਦੱਖਣੀ ਭਾਰਤ ਵਿਚ ਬਹੁਤ ਖ਼ੁਦਕੁਸ਼ੀਆਂ ਹੋਈਆਂ ਜਿਨ੍ਹਾਂ ਵਿਚ ਮਾਈਕਰੋਫਾਇਨਾਂਸ ਕੰਪਨੀਆਂ ਦਾ ਕਰਜ਼ਾ ਮੁੱਖ ਸੀ।

ਭਾਰਤ ਵਿਚ ਵੀ ਇਹ ਕਾਰੋਬਾਰ ਕਾਫੀ ਫੈਲਿਆ ਹੋਇਆ ਹੈ। ਪਹਿਲਾਂ ਇਹ ਦੱਖਣ ਤੇ ਪੱਛਮੀ ਬੰਗਾਲ ਵਿਚ ਸੀ, ਹੁਣ ਇਸ ਨੇ ਉੱਤਰੀ ਭਾਰਤ ਵਿਚ ਵੀ ਪੈਰ ਪਸਾਰ ਲਏ ਹਨ। 'ਬਿਜਨੈਸ ਮੈਪ ਇਨ ਇੰਡੀਆ' ਮੁਤਾਬਿਕ ਭਾਰਤ ਵਿਚ 3000 ਤੋਂ ਉੱਪਰ ਮਾਈਕਰੋਫਾਇਨਾਂਸ ਕੰਪਨੀਆਂ ਹਨ। ਇਸ ਤੋਂ ਇਲਾਵਾ ਐੱਨਜੀਓ, ਬੈਂਕਾਂ ਅਤੇ ਐੱਨਜੀਓਜ ਤੇ ਐੱਫਐੱਮਆਈਜ਼ ਸਾਂਝੇ ਤੌਰ ਤੇ ਵੀ ਕੰਮ ਕਰਦੀਆਂ ਹਨ। ਭਾਰਤ ਵਿਚ 10 ਮੁੱਖ ਕੰਪਨੀਆਂ ਹਨ ਜਿਨ੍ਹਾਂ ਕੋਲ ਕੁੱਲ ਕਰਜ਼ ਦਾ 74% ਹੈ। 'ਇਕਨੌਮਿਕ ਟਾਈਮਜ਼' ਮੁਤਾਬਿਕ ਮਾਈਕਰੋਫਾਇਨਾਂਸ ਵਿਚ ਪਿਛਲੇ 3 ਸਾਲਾਂ ਵਿਚ 2000 ਕਰੋੜ ਰੁਪਏ ਦਾ ਵਿਦੇਸ਼ੀ ਨਿਵੇਸ਼ ਹੋਇਆ ਹੈ।

ਪੰਜਾਬ ਅੰਦਰ ਇਹ ਸਮੱਸਿਆ ਕਰੋਨਾ ਮਹਾਮਾਰੀ ਦੌਰਾਨ ਉੱਭਰਨੀ ਸ਼ੁਰੂ ਹੋਈ। ਘਰਬੰਦੀ ਕਾਰਨ ਲੋਕਾਂ ਕੋਲ ਕੋਈ ਕੰਮ ਨਹੀਂ ਸੀ। ਬਹੁਤਿਆਂ ਨੂੰ ਰੋਟੀ ਦੇ ਲਾਲੇ ਪਏ ਹੋਏ ਸਨ। ਆਰਬੀਆਈ ਨੇ ਕਿਸ਼ਤਾਂ ਦੀ ਵਸੂਲੀ ਰੱਦ ਕਰ ਦਿੱਤੀ ਪਰ ਨਾਲ ਹੀ ਇਹ ਵੀ ਕਹਿ ਦਿੱਤਾ ਕਿ ਜੇ ਕੋਈ ਭਰ ਸਕਦਾ ਤਾਂ ਭਰ ਦੇਵੇ। ਜਦੋਂ ਕਰੋਨਾ ਦਰਮਿਆਨ ਥੋੜ੍ਹੀ ਜਿਹੀ ਖੁੱਲ੍ਹ ਮਿਲੀ ਤਾਂ ਆਰਬੀਆਈ ਰਾਹਤ ਦੀ ਪਰਵਾਹ ਨਾ ਕਰਦਿਆਂ ਕੰਪਨੀਆਂ ਨੇ ਧੱਕੇ ਨਾਲ ਕਿਸ਼ਤ ਵਸੂਲੀ ਸ਼ੁਰੂ ਕਰ ਦਿੱਤੀ। ਇਸ ਦਾ ਵਿਰੋਧ ਹੋਇਆ। ਪਹਿਲਾ ਵਿਰੋਧ ਮੋਗਾ, ਫਿਰ ਮਾਨਸਾ, ਸ਼ੇਰਪੁਰ ਆਦਿ ਥਾਵਾਂ ਤੇ ਹੋਣ ਲੱਗਿਆ। ਲੋਕਾਂ ਨੇ ਏਜੰਟ ਘਰਾਂ ਵਿਚ ਬੰਨ੍ਹ ਲਏ। ਇਹ ਕਿਸ਼ਤਾਂ ਮਹੀਨਾਵਾਰ ਵੀ ਹਨ ਤੇ ਹਫ਼ਤਾਵਾਰੀ ਵੀ। ਇੱਥੇ ਵੀ ਇਨ੍ਹਾਂ ਦਾ ਮੁੱਖ ਨਿਸ਼ਾਨਾ ਔਰਤਾਂ ਹਨ। ਪੰਜਾਬ ਵਿਚ ਇਹ ਜਾਲ ਵਧ ਰਿਹਾ ਹੈ।

ਪੰਜਾਬ ਵਿਚ ਇਹ ਕਰਜ਼ਾ 2016 ਵਿਚ 1116 ਕਰੋੜ ਸੀ, ਹੁਣ 137 ਫੀਸਦੀ ਵਧ ਚੁੱਕਿਆ ਹੈ। ਸਰਕਾਰ ਦੀਆਂ ਚਲਾਈਆਂ ਸਕੀਮਾਂ ਬੈਂਕਾਂ ਨਹੀਂ ਦਿੰਦੀਆਂ। ਸਹਿਕਾਰੀ ਬੈਂਕਾਂ ਵਿਚ ਦਲਿਤਾਂ ਤੇ ਬੇਜ਼ਮੀਨੇ ਲੋਕਾਂ ਨੂੰ ਮੈਂਬਰ ਤੱਕ ਨਹੀਂ ਬਣਾਇਆ ਜਾਂਦਾ। ਮਾਈਭਾਗੋ ਸਕੀਮ ਜਿਸ ਰਾਹੀਂ 25000 ਰੁਪਏ ਤੱਕ ਦਾ ਕਰਜ਼ਾ ਮਿਲਦਾ ਹੈ, ਤੇ ਇਨ੍ਹਾਂ ਨਾਲੋਂ ਵਿਆਜ ਘੱਟ ਹੈ, ਉਸ ਦੇ ਦਰਸ਼ਨ ਹੀ ਨਹੀਂ ਕਰਾਏ ਜਾਂਦੇ। ਜਿਹੜੀਆਂ ਸਰਕਾਰੀ ਸਕੀਮਾਂ ਬੈਂਕਾਂ ਤੋਂ ਪ੍ਰਾਪਤ ਵੀ ਹੁੰਦੀਆਂ ਹਨ, ਉਨ੍ਹਾਂ ਤੇ ਸ਼ਰਤਾਂ ਬਹੁਤ ਹਨ। ਇਨ੍ਹਾਂ ਲਈ ਔਰਤਾਂ ਕੋਲ ਘਰੇਲੂ ਜਾਇਦਾਦ ਦਾ 51% ਹੋਣਾ ਚਾਹੀਦਾ ਹੈ ਤੇ ਉਸ ਦੀ ਗਾਰੰਟੀ ਲਈ ਜਾਂਦੀ ਹੈ। ਬਿਊਟੀ ਪਾਰਲਰ ਆਦਿ ਲਈ ਕਰਜ਼ੇ ਵਿਚ ਸ਼ਰਤਾਂ ਹਨ ਕਿ ਉਹ ਬਰੈਂਡਿਡ ਚੀਜ਼ ਹੀ ਖਰੀਦਣਗੇ। ਪੰਜਾਬ ਵਿਚ ਜੀਵਨ, ਬੰਧਨ, ਸੱਤਿਆ, ਮਥੂਟ ਆਦਿ ਕੰਪਨੀਆਂ ਸਰਗਰਮ ਹਨ।

ਔਰਤਾਂ ਇਸ ਕਰਜ਼ੇ ਵਿਚ ਇਸ ਲਈ ਵੀ ਫਸੀਆਂ ਹਨ ਕਿਉਂਕਿ ਜਿਹੜਾ ਕਰਜ਼ਾ ਪਹਿਲਾਂ ਸੂਦਖੋਰਾਂ ਤੋਂ ਲਿਆ ਜਾਂਦਾ ਸੀ, ਉਸ ਨਾਲ ਵਗਾਰ ਜੁੜੀ ਹੁੰਦੀ ਸੀ। ਪੀੜ੍ਹੀ ਦਰ ਪੀੜ੍ਹੀ ਕਰਜ਼ਾ ਚੱਲੀ ਜਾਂਦਾ ਸੀ ਪਰ ਇਹ ਇੱਕ ਮੁਸ਼ਕਿਲ ਵਿਚੋਂ ਨਿਕਲ ਕੇ ਦੂਸਰੀ ਵਿਚ ਫਸ ਗਈਆਂ। ਇਹ ਕਰਜ਼ਾ 30 ਤੋਂ 50 ਹਜ਼ਾਰ ਤੱਕ ਹੈ। ਗਰੀਬ ਲੋਕ ਇਹ ਕਰਜ਼ਾ ਕਿਸੇ ਉਤਪਾਦਨ ਤੇ ਖਰਚ ਨਹੀਂ ਲਾਉਂਦੇ; ਥੁੜ੍ਹਾਂ ਮਾਰੇ ਲੋਕ ਮੁਢਲੀਆਂ ਲੋੜਾਂ ਤੇ ਖਰਚ ਕਰ ਦਿੰਦੇ ਹਨ। ਬਿਮਾਰੀ, ਵਿਆਹ ਅਤੇ ਘਰ ਤੇ 75% ਕਰਜ਼ਾ ਖਰਚ ਹੋ ਜਾਂਦਾ ਹੈ। ਇਸ ਦਾ ਕਾਰਨ ਨਾ ਇਨ੍ਹਾਂ ਕੋਲ ਜ਼ਮੀਨ, ਨਾ ਰੁਜ਼ਗਾਰ ਤੇ ਵਿਤਕਰੇ ਵਾਲੀ ਕਰਜ਼ਾ ਨੀਤੀ ਹੈ।

ਭਾਰਤ ਵਿਚ ਕਰੋਨਾ ਪਾਬੰਦੀਆਂ ਅਜੇ ਹਨ। ਆਰਬੀਆਈ ਨੇ ਕਿਸ਼ਤ ਤੋਂ ਜਿਹੜੀ ਛੋਟ ਦਿੱਤੀ ਸੀ, ਉਹ ਇੱਕ ਵਾਰੀ 31 ਅਗਸਤ ਤੱਕ ਵਧਾਈ। ਇਸ ਤੋਂ ਪਹਿਲਾਂ ਇੱਕ ਹੋਰ ਫੈਸਲੇ ਵਿਚ ਸੁਪਰੀਮ ਕੋਰਟ ਨੇ 31 ਮਾਰਚ ਤੱਕ ਮੋਹਲਤ ਵਧਾ ਦਿੱਤੀ ਪਰ ਨਾਲ ਹੀ ਕਿਹਾ ਸੀ ਕਿ ਪਿਛਲੀ ਵਿਆਜ ਰਕਮ ਕੁੱਲ ਰਕਮ ਵਿਚ ਜੋੜੀ ਜਾਵੇਗੀ ਅਤੇ ਨਵੇਂ ਸਿਰੇ ਤੋਂ ਕਿਸ਼ਤਾਂ ਬਣਨਗੀਆਂ। ਇਸ ਲਈ ਬੈਂਕ ਵਿਚ ਅਰਜ਼ੀ ਦੇਣੀ ਪਵੇਗੀ ਅਤੇ ਇਹ ਬੈਂਕ ਤੇ ਨਿਰਭਰ ਹੋਵੇਗਾ ਕਿ ਉਸ ਨੂੰ ਮਨਜ਼ੂਰ ਕਰਦੀ ਹੈ ਕਿ ਨਹੀਂ। ਸਵਾਲ ਹੈ ਕਿ ਸਰਕਾਰ ਨੂੰ ਵੱਡੀਆਂ ਕੰਪਨੀਆਂ ਦੀ ਫਿਕਰ ਤਾਂ ਹੈ, ਲੋਕਾਂ ਦੀ ਨਹੀਂ। ਕੰਪਨੀਆਂ ਦੇ ਘਾਟੇ ਦੀ ਪੂਰਤੀ ਲਈ ਪੈਕੇਜ ਦੇ ਰਹੀ ਹੈ; ਐੱਨਪੀਏ 9% ਤੋਂ 13% ਤੱਕ ਜਾਣ ਦੀ ਸੰਭਾਵਨਾ ਹੈ। ਸਰਕਾਰ ਕਰਜ਼ੇ ਤੋਂ ਮੁੱਕਰਨ ਵਾਲਿਆਂ ਦੇ ਨਾਮ ਤੱਕ ਲੈਣ ਲਈ ਤਿਆਰ ਨਹੀਂ।

ਮੌਜੂਦਾ ਦੌਰ ਵਿਚ ਕੁਝ ਜੱਥੇਬੰਦੀਆਂ ਨੇ ਇਸ ਨੂੰ ਧੰਦਾ ਬਣਾ ਲਿਆ ਹੈ। ਲੋਕ ਜਿੱਥੇ ਫਾਇਨਾਂਸ ਕੰਪਨੀਆਂ ਤੋਂ ਦੁਖੀ ਹਨ, ਉਥੇ ਕਰਜ਼ਾ ਮੁਕਤੀ ਦੇ ਨਾਮ ਹੇਠ ਫਾਰਮ ਭਰ ਕੇ ਕਰੋੜਾਂ ਰੁਪਏ ਇਕੱਠੇ ਕਰ ਲਏ। ਇਹ ਪਿੰਡਾਂ ਵਿਚ ਜਾ ਕੇ ਹੋਕਾ ਦਿੰਦੇ ਹਨ ਕਿ ਕਰਜ਼ਾ ਮੁਆਫੀ ਵਾਲੇ ਆਏ ਹੋਏ ਹਨ। ਭੋਲੇ ਭਾਲੇ ਲੋਕਾਂ ਨੂੰ ਕਰਜ਼ਾ ਮੁਆਫੀ ਦਾ ਫਾਰਮ ਦਿੰਦੇ ਹਨ। ਦਾਅ ਲਗਦੇ ਮੁਤਾਬਿਕ ਫਾਰਮ ਪਿੱਛੇ 220 ਰੁਪਏ ਤੋਂ 520 ਰੁਪਏ ਤੱਕ ਇਕੱਠਾ ਕਰਦੇ ਹਨ। ਇਹ ਕੰਪਨੀਆਂ ਵਾਂਗ ਨਵੇਂ ਤੋਂ ਨਵਾਂ ਇਲਾਕਾ ਭਾਲਦੇ ਹਨ। ਲੋਕ ਮੁੜ ਏਜੰਟਾਂ ਦੇ ਰਹਿਮੋ-ਕਰਮ ਤੇ ਰਹਿ ਜਾਂਦੇ ਹਨ। ਕਈ ਜੱਥੇਬੰਦੀਆਂ ਇਹ ਹੀ ਫੈਸਲਾ ਨਹੀਂ ਕਰ ਸਕੀਆਂ ਕਿ ਕਰਜ਼ਾ ਮੁਆਫ਼ੀ ਲਈ ਲੜਨਾ, ਵਿਆਜ ਮੁਆਫੀ ਲਈ ਲੜਨਾ, ਲੌਕਡਾਊਨ ਦੀਆਂ ਕਿਸ਼ਤਾਂ ਦੀ ਮੁਆਫ਼ੀ ਲਈ ਲੜਨਾ ਜਾਂ ਫਿਰ ਮਿਸ਼ਰਿਤ ਵਿਆਜ ਲਈ ਲੜਨਾ। ਇਸ ਸਵਾਲ ਨੂੰ ਹੱਲ ਕਰੇ ਬਗੈਰ ਇਹ ਮਸਲੇ ਨੂੰ ਹੱਥ ਨਹੀਂ ਪਾਇਆ ਜਾ ਸਕਦਾ। ਜੇਕਰ ਅਸੀਂ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ ਸੰਘਰਸ਼ ਕਰ ਸਕਦੇ ਹਾਂ ਤਾਂ ਫਿਰ ਇਸ ਕਰਜ਼ੇ ਦੀ ਮੁਆਫੀ ਲਈ ਕਿਉਂ ਨਹੀਂ ?

**ਲੇਖਕ : ਪਰਮਜੀਤ ਕੌਰ ਲੌਂਗੋਵਾਲ**
**ਸੰਪਰਕ: 98722-70160**

# ਲੋਕਤੰਤਰ ਦੀ ਮੱਠੀ-ਮੱਠੀ ਮੌਤ ਹੈ, ਪੰਜਾਬ ਦੇ ਸੰਘਰਸ਼ ਨੂੰ ਦਬਾਉਣਾ

ਇਹ ਦੁਖਦਾਈ ਹੈ ਕਿ ਕੁਝ ਲੋਕ ਹੀ ਵੇਖ ਰਹੇ ਹਨ ਕਿ ਪੰਜਾਬ ਵਿੱਚ ਕੀ ਹੋ ਰਿਹਾ ਹੈ ? ਅਤੇ ਜੋ ਲੋਕ ਅਸਲੀਅਤ ਵੇਖ ਰਹੇ ਹਨ, ਉਹਨਾ ਵਿੱਚੋਂ ਤਾਂ ਕਈ ਚੁੱਪ ਹਨ ਜਾਂ ਚੁੱਪ ਰਹਿਣਗੇ ਇਸ ਡਰੋਂ ਕਿ ਉਹਨਾਂ ਨਾਲ ਵੀ ਉਹ ਕੁਝ ਨਾ ਹੋ ਜਾਵੇ ਜੋ ਦੇਸ਼ ਦੇ ਕੁਝ ਲੇਖਕਾਂ, ਵਿਦਿਆਰਥੀਆਂ, ਕਵੀਆਂ, ਪ੍ਰੋਫੈਸਰਾਂ ਅਤੇ ਸਮਾਜਿਕ ਕਾਰਕੁੰਨਾਂ ਨਾਲ ਹੋਇਆ। ਜਿਹਨਾਂ ਖਿਲਾਫ਼ 'ਹਾਕਮ ਵਿਰੋਧੀ ਅਵਾਜ਼' ਬਣਨ 'ਤੇ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕਰਵਾ ਦਿੱਤੇ ਗਏ। ਕਿਹਾ ਜਾ ਰਿਹਾ ਹੈ ਕਿ ਪੰਜਾਬ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਕਿਸਾਨ ਖ਼ਫਾ ਹਨ ਕਿ ਉਹਨਾਂ ਦੀ ਆਪਣੀ ਲੋਕਤੰਤਰੀ ਸਰਕਾਰ ਨੇ ਉਹਨਾਂ ਵਿਰੁੱਧ ਕਾਲੇ ਕਾਨੂੰਨ ਪਾਸ ਕਰ ਦਿੱਤੇ ਹਨ। ਉਹਨਾਂ ਨੂੰ ਕਾਰਪੋਰੇਟੀਆਂ ਦਾਚਾਰਾ ਬਣਾਕੇ ਉਹਨਾਂ ਅੱਗੇ ਉਹਨਾਂ ਦਾ 'ਖ਼ਾਜਾ' ਬਣਨ ਲਈ ਸੁੱਟ ਦਿੱਤਾ ਹੈ। ਕਿਸਾਨ ਕਹਿੰਦੇ ਹਨ ਕਿ ਉਹਨਾਂ ਦੀ ਫ਼ਸਲ ਦਾ ਜੇਕਰ ਉਹਨਾਂ ਨੂੰ ਮੁੱਲ ਹੀ ਨਹੀਂ ਮਿਲਣਾ, ਜੇਕਰ ਉਹਨਾਂ ਦੀ ਜ਼ਮੀਨ ਲੁਕਵੇਂ ਢੰਗ-ਤਰੀਕਿਆਂ ਨਾਲ ਹੜੱਪ ਲਈ ਜਾਣੀ ਹੈ ਤਾਂ ਫਿਰ ਉਹ ਉਸ ਲੋਕਤੰਤਰ ਦਾ ਹਿੱਸਾ ਕਿਵੇਂ ਹੋਏ, ਜਿਹੜਾ ਉਹਨਾਂ ਨੂੰ ਇਨਸਾਫ਼, ਆਜ਼ਾਦੀ, ਬਰਾਬਰਤਾ ਦੇਣ ਦੀ ਦੁਹਾਈ ਦਿੰਦਾ ਹੈ ? ਉਹ ਪੁੱਛਦੇ ਹਨ ਕਿ ਜੇਕਰ ਉਹ ਆਪਣੇ ਹੱਕਾਂ ਲਈ ਹਕੂਮਤ ਅੱਗੇ ਆਪਣੀ ਗੱਲ ਰੱਖ ਰਹੇ ਹਨ ਤਾਂ ਫਿਰ ਉਹਨਾਂ ਦੀ ਗੱਲ ਜਾਂ ਉਹਨਾਂ ਦਾ ਪੱਖ ਸੁਣਿਆ ਕਿਉਂ ਨਹੀਂ ਜਾ ਰਿਹਾ ? ਆਪਣੀ ਜਿੱਦ ਕਾਇਮ ਰੱਖਦਿਆਂ ਉਹ ਹੱਥ-ਕੰਡੇ ਕਿਉਂ ਵਰਤੇ ਜਾ ਰਹੇ ਹਨ, ਜਿਹਨਾਂ ਨਾਲ ਹੱਕਾਂ ਲਈ ਸੰਘਰਸ਼ ਕਰ ਰਹੇ ਲੋਕ, ਅੱਕ-ਥੱਕ ਜਾਣ 'ਤੇ ਚੁੱਪ-ਚਾਪ ਘਰਾਂ ਵਿੱਚ ਦਬ ਕੇ ਬੈਠ ਜਾਣ। ਕੀ ਇਹ ਕਿਸੇ ਜਿਊਂਦੇ-ਜਾਗਦੇ ਲੋਕਤੰਤਰ ਵਿੱਚ ਹੋਣਾ ਜਾਇਜ਼ ਹੈ ? ਕੀ ਦੇਸ਼ ਦਾ ਹਾਕਮ ਉਸ ਸਥਿਤੀ ਵਿੱਚ ਇਸ ਗੱਲ ਦਾ ਦਾਅਵਾ ਕਰਨ ਦਾ ਹੱਕਦਾਰ ਹੈ ਕਿ ਸਾਡਾ ਦੇਸ਼ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਦੋਂ ਕਿ ਸੰਸਦ ਵਿੱਚ ਬਿਨ੍ਹਾਂ ਮਤਦਾਨ ਕਾਨੂੰਨ ਪਾਸ ਕਰਵਾਏ ਜਾ ਰਹੇ ਹੋਣ, ਦੇਸ਼ ਦੇ ਨੇਤਾਵਾਂ ਨੂੰ ਬਿਨ੍ਹਾਂ ਕਿਸੇ ਦੋਸ਼ ਜੇਲ੍ਹੀਂ ਧੱਕ ਦਿੱਤਾ ਜਾਂਦਾ ਹੋਏ, ਜਦ ਸਦੀ ਪੁਰਾਣੇ ਧਾਰਮਿਕ ਸਥਲ ਨੂੰ ਢਾਉਣ ਵਾਲਿਆਂ ਨੂੰ ਦੋਸ਼ੀ ਹੀ ਨਾ ਗਰਦਾਨਿਆਂ ਜਾਏ ਅਤੇ ਜਿਥੇ ਟੈਕਸ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ 'ਵਿਰੋਧੀਆਂ' ਦੇ ਉਤਪੀੜਨ ਦਾ ਕਾਰਨ ਬਣ ਜਾਣ। ਜਿਥੇ ਘੱਟ ਗਿਣਤੀਆਂ ਡਰ ਵਿੱਚ ਰਹਿ ਰਹੀਆਂ ਹੋਣ ਅਤੇ ਜਿਥੇ ਪੁਲਿਸ ਅਤੇ ਪ੍ਰਸ਼ਾਸਨ ਆਪਣੇ ਸਿਆਸੀ ਆਕਾਵਾਂ ਦੇ ਇਸ਼ਾਰੇ ਉਤੇ ਕੰਮ ਕਰਨ ਲਈ ਮਜਬੂਰ ਕਰ ਦਿੱਤੇ ਗਏ ਹੋਣ ਅਤੇ ਜਿਥੇ ਫੌਜ ਵੀ ਸਿਆਸੀ ਮੁੱਦਿਆਂ ਪ੍ਰਤੀ ਬੋਲ ਰਹੀ ਹੋਵੇ ਅਤੇ ਜਿਥੇ ਮੀਡੀਆ ਨੂੰ ਗੋਦ ਲੈਕੇ ਹਾਕਮ ਧਿਰ, ਸਿਰਫ ਤੇ ਸਿਰਫ਼ ਆਪਣੀ ਬੋਲੀ ਬੋਲਣ 'ਤੇ ਮਜਬੂਰ ਕਰ ਦਿੱਤੀ ਗਈ ਹੋਵੇ। ਪੰਜਾਬ ਦੇ ਕਿਸਾਨ ਹੱਕਾਂ ਦੀ ਲੜਾਈ ਲਈ ਸੜਕਾਂ ਉਤੇ ਆਏ। ਉਹਨਾਂ ਰੇਲ ਪੱਟੜੀਆਂ ਮੱਲ ਲਈਆਂ। ਕਿਸਾਨਾਂ ਤੋਂ ਬਿਨ੍ਹਾਂ ਮਜ਼ਦੂਰ, ਨੌਜਵਾਨ, ਔਰਤਾਂ, ਛੋਟੇ ਕਾਰੋਬਾਰੀ, ਅਧਿਆਪਕ, ਬੁੱਧੀਜੀਵੀ ਉਹਨਾਂ ਨਾਲ ਆ ਖੜੇ ਹੋਏ। ਕਿਸਾਨਾਂ ਦੀਆਂ ਜੱਥੇਬੰਦੀਆਂ ਇਕੱਠੀਆਂ ਹੋਈਆਂ। ਮਜਬੂਰਨ ਪੰਜਾਬ ਦੀ ਸਰਕਾਰ ਨੂੰ ਵਿਧਾਨ ਸਭਾ 'ਚ ਬਾਕੀ ਲਗਭਗ ਸਾਰੀਆਂ ਪਾਰਟੀਆਂ ਨੂੰ ਨਾਲ ਲੈ ਕੇ ਤਿੰਨੇ ਖੇਤੀ ਕਾਨੂੰਨ ਵਾਪਿਸ ਲੈਣ ਦੇ ਬਿੱਲ ਪਾਸ ਕੀਤੇ। ਬਾਵਜੂਦ ਇਸ ਸਭ ਕੁਝ ਦੇ ਕੇਂਦਰ ਸਰਕਾਰ ਵਲੋਂ ਪੰਜਾਬ ਦੇ ਲੋਕਾਂ ਦੀਆਂ ਪੰਜਾਬੀਆਂ ਨੂੰ ਸਰਵ ਪ੍ਰਵਾਨਤ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਸੰਘਰਸ਼ ਕਰ ਰਹੇ ਨੁਮਾਇੰਦਿਆਂ ਨੂੰ ਗੱਲਬਾਤ ਲਈ ਵੀ ਸੱਦਿਆ ਨਹੀਂ ਜਾ ਰਿਹਾ। ਜੇਕਰ ਇੱਕ ਦੋ ਵੇਰ ਸੱਦਾ ਪੱਤਰ ਮਿਲੇ ਹਨ ਤਾਂ ਉਹ ਕਿਸਾਨਾਂ ਦੀ ਗੱਲ ਸੁਣਨ ਲਈ ਨਹੀਂ, ਸਗੋਂ ਉਹਨਾਂ ਨੂੰ ਆਪਣੇ ਪਾਸ ਕੀਤੇ ਕਾਨੂੰਨਾਂ ਦੇ ਫਾਇਦੇ ਦੱਸਣ ਲਈ ਸੱਦੇ ਦਿੱਤੇ ਗਏ ਹਨ। ਕੀ ਹਾਕਮਾਂ ਵਲੋਂ ਕਿਸੇ ਸਮੁੱਚੇ ਸੂਬੇ ਦੇ ਲੋਕਾਂ ਦੇ ਜਜ਼ਬਿਆਂ ਨੂੰ ਦਰਕਿਨਾਰ ਕਰਨਾ ਜਾਇਜ਼ ਹੈ ? ਕੀ ਸਮੁੱਚੇ ਸੂਬੇ ਦੇ ਲੋਕਾਂ ਪ੍ਰਤੀ ਓਪਰਾ ਤੇ ਦੁਖਿਆਰਾ ਵਰਤਾਓ ਕਰਨ ਨੂੰ ਉਦਾਰ ਲੋਕਤੰਤਰ ਦੀ ਮੱਠੀ-ਮੱਠੀ ਮੌਤ ਨਹੀਂ ਗਿਣਿਆ ਜਾਏਗਾ ?

ਸੂਬੇ ਦੇ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਪੈਰਾਂ ਹੇਠ ਮਧੋਲਣਾ ਅਤੇ ਉਹਨਾਂ ਨੂੰ ਠਿੱਠ ਕਰਨ ਲਈ ਹਰ ਹਰਬਾ ਵਰਤਣਾ ਕੀ ਬਦਲਾ ਲਊ ਕਾਰਵਾਈ ਨਹੀਂ ਹੈ ? ਇਸ ਨਵੇਂ ਹੁਕਮ ਨੂੰ ਕੀ ਸਮਝਿਆ ਜਾਏ, ਇਸਨੂੰ ਕਿ ਕਿਸਾਨਾਂ ਨੇ ਕੱਚਾ ਮਾਲ ਪੰਜਾਬ 'ਚ ਲਿਆਉਣ ਲਈ ਤਾਂ ਪਟੱੜੀਆਂ ਖਾਲੀ ਕਰ ਦਿੱਤੀਆਂ, ਪਰ ਸਰਕਾਰ ਵਲੋਂ ਨਵੀਂ ਸ਼ਰਤ ਲਗਾਉਣਾ ਕਿ ਮਾਲ ਗੱਡੀਆਂ ਤਦੇ ਚਾਲੂ ਹੋਣਗੀਆਂ ਜੇਕਰ ਯਾਤਰੂ ਗੱਡੀਆਂ ਚਲਾਉਣ ਦੀ ਕਿਸਾਨ ਆਗਿਆ ਦੇਣਗੇ। ਕੀ ਇਹ ਰਾਜ ਹੱਠ ਤਾਂ ਨਹੀਂ ਹੈ ? ਇਸ ਗੱਲ ਨੂੰ ਕੀ ਸਮਝਿਆ ਜਾਵੇ ਕਿ ਪਰਾਲੀ ਜਲਾਉਣ ਵਾਲੇ ਨੂੰ ਇੱਕ ਕਰੋੜ ਤੱਕ ਜੁਰਮਾਨਾ ਤੇ ਪੰਜ ਸਾਲ ਦੀ ਕੈਦ ਹੋਏਗੀ, ਜਦਕਿ ਪ੍ਰਦੂਸ਼ਣ ਲਈ ਇਕੱਲਿਆਂ ਪਰਾਲੀ ਜਲਾਉਣਾ ਹੀ ਕਾਰਨ ਨਹੀਂ ਹੈ ? ਇਸਨੂੰ ਕੀ ਸਮਝਿਆ ਜਾਵੇ ਕਿ ਕਿਸਾਨ ਅੰਦੋਲਨ ਦੇ ਸਮੇਂ ਪੰਜਾਬ ਤੋਂ ਪੇਂਡੂ ਵਿਕਾਸ ਫੰਡ ਖੋਹਣ ਦਾ ਕੇਂਦਰ ਨੇ ਐਲਾਨ ਕਰ ਦਿੱਤਾ ਹੈ। ਕੀ ਇਹ ਜ਼ਿੱਦ ਪੁਗਾਉਣਾ ਤੇ ਵਿਰੋਧੀਆਂ ਨੂੰ ਠਿੱਠ ਕਰਨਾ ਤਾਂ ਨਹੀਂ ਹੈ ? ਇ ਸ ਗੱਲ ਨੂੰ ਕੀ ਸਮਝਿਆ ਜਾਏ ਕਿ ਦਲਿਤਾਂ ਉਤੇ ਹੋ ਰਹੇ ਅਤਿਆਚਾਰਾਂ ਵਿਰੁੱਧ ਪੰਜਾਬ ਵਿੱਚ ਹਾਕਮ ਧਿਰ ਭਾਜਪਾ ਰੈਲੀਆਂ ਕੱਢਣ ਲੱਗ ਪਈ ਤੇ ਸ਼ਾਂਤਮਈ ਕਿਸਾਨ ਅੰਦੋਲਨ ਨੂੰ ਟਕਰਾਅ ਦੀ ਸਥਿਤੀ ਵਿੱਚ ਲਿਆਉਣ ਲਈ ਤਰਲੋ ਮੱਛੀ ਹੋਣ ਲੱਗੀ। ਕੀ ਇਹ ਪੰਜਾਬ ਦੇ ਲੋਕਾਂ ਦੇ ਮਨਾਂ ਵਿਚੋਂ ਭਾਜਪਾ ਦੀ ਲਪੇਟੀ ਜਾ ਰਹੀ ਸਫ਼ ਨੂੰ ਮੁੜ ਸੁਰਜੀਤ ਕਰਨ ਲਈ ਯਤਨ ਵਜੋਂ ਨਹੀਂ ਵੇਖਿਆ ਜਾਣਾ ਚਾਹੀਦਾ ? ਕੀ ਇਹ ਪਾੜੋ ਤੇ ਰਾਜ ਕਰੋ ਦੀ ਨੀਤੀ ਤੇ ਨੀਅਤ ਤਾਂ ਨਹੀਂ ? ਪੰਜਾਬ ਨਾਲ ਵਿਤਕਰਿਆਂ ਦੀ ਦਾਸਤਾਨ ਲੰਬੀ ਹੈ। ਦਿੱਲੀ ਤਖਤ ਚਾਹੇ ਉਹ ਕਾਂਗਰਸ ਦੇ ਹੱਥ ਸੀ ਅਤੇ ਭਾਵੇਂ ਅੱਜ ਭਾਜਪਾ ਦੇ ਹੱਥ ਹੈ, ਪੰਜਾਬ ਲਈ ਨਿੱਤ ਨਵੀਆਂ ਔਖਿਆਈਆਂ ਪੈਦਾ ਕਰਦਾ ਰਿਹਾ ਹੈ। 1947 ਭੁਲਿਆ ਨਹੀਂ ਸੀ ਕਿ 1984 ਨੇ ਪੰਜਾਬ ਝੰਜੋੜਿਆ। ਵਿਦੇਸ਼ੀ ਗੁਆਂਢੀਆਂ ਨਾਲ ਜੰਗਾਂ ਵਿੱਚ ਤਾਂ ਪੰਜਾਬ ਨੇ ਆਪਣੀ ਆਰਥਿਕਤਾ ਗੁਆਈ ਹੀ, ਹਰੇ ਇਨਕਲਾਬ ਦੇ ਮ੍ਰਿਗਤ੍ਰਿਸ਼ਨਾਈ ਵਰਤਾਰੇ ਨੇ ਪੰਜਾਬ ਦੇ ਕਿਸਾਨਾਂ ਦੇ ਜੜ੍ਹੀਂ ਤੇਲ ਦਿੱਤਾ। ਪੰਜਾਬ ਦਾ ਧਰਤੀ ਹੇਠਲਾ ਪਾਣੀ ਮੁਕਿਆ, ਜ਼ਰਖੇਜ਼ ਜ਼ਮੀਨਾਂ ਜ਼ਹਿਰੀਲੀਆਂ ਜ਼ਮੀਨਾਂ ਬਣੀਆਂ। ਖੇਤੀ ਘਾਟੇ ਦਾ ਸੌਦਾ ਬਣਿਆ। ਨਿਰਾਸਤਾ ਤੇ ਨਿਰਾਸ਼ਾ ਦੇ ਆਲਮ ਵਿੱਚ ਦਹਿਸ਼ਤਵਾਦ ਦਾ ਦੌਰ ਪੰਜਾਬ ਦੇ ਪਿੰਡੇ ਨੂੰ ਪੱਛ ਗਿਆ। ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨਿਗਲ ਲਈ, ਰਹਿੰਦੀ ਖੂੰਹਦੀ ਜਵਾਨੀ ਹੱਥੀਂ ਝੋਲੇ ਫੜਾ, ਵਿਦੇਸ਼ੀ ਤੋਰ ਦਿੱਤੀ। ਕੀ ਹੈਰਾਨੀ ਦੀ ਗੱਲ ਨਹੀਂ ਕਿ ਪੰਜਾਬੀ ਸੂਬਾ 1966 'ਚ ਬਨਣ ਤੋਂ ਬਾਅਦ ਅੱਜ 54 ਸਾਲਾਂ ਬਾਅਦ ਵੀ ਪੰਜਾਬ ਕੋਲ ਆਪਣੀ ਰਾਜਧਾਨੀ ਨਹੀਂ ? ਜਦਕਿ 5 ਜਾਂ 6 ਲੱਖ ਦੀ ਅਬਾਦੀ ਵਾਲੇ ਨਾਗਾਲੈਂਡ ਵਰਗੇ ਸੂਬੇ ਵੀ ਰਾਜਧਾਨੀਆਂ ਵਾਲੇ ਹਨ। ਪੰਜਾਬੀਆਂ ਦੀਆਂ ਕੁਰਬਾਨੀਆਂ ਦਾ ਮੁੱਲ ਪਾਉਂਦਿਆਂ ਦੇਸ਼ ਦੇ ਮੌਕੇ ਦੇ ਹਾਕਮਾਂ ਭਾਖੜਾ ਡੈਮ ਵਰਗਾ ਤੋਹਫ਼ਾ ਪੰਜਾਬ ਨੂੰ ਦਿੱਤਾ, ਉਹ ਪੰਜਾਬੀ ਸੂਬਾ ਬਣਨ ਵੇਲੇ ਪੰਜਾਬ ਤੋਂ ਖੋਹ ਲਿਆ ਅਤੇ ਨਾਲ ਹੀ ਪੰਜਾਬ ਦੇ ਪਾਣੀ ਖੋਹ ਲਏ ਅਤੇ ਲਗਭਗ 6 ਦਹਾਕਿਆਂ ਬਾਅਦ ਵੀ ਪਾਣੀਆਂ ਦੇ ਮਾਮਲੇ 'ਚ ਪੰਜਾਬ ਨੂੰ ਇਨਸਾਫ ਨਹੀਂ ਮਿਲ ਰਿਹਾ। ਇਹ ਕਦੇ ਸਿਆਸੀ ਸ਼ੌਕਣਬਾਜੀ ਕਾਰਨ ਹੋ ਰਿਹਾ ਹੈ ਅਤੇ ਕਦੇ ਪੰਜਾਬ ਦੇ ਸਿਆਸੀ ਲੋਕਾਂ ਦੀ ਵੋਟ ਹਥਿਆਉਣ ਦੀ ਬੇਇਮਾਨੀ ਅਤੇ ਬਦਨੀਤੀ ਕਾਰਨ।

**ਗੁਰਮੀਤ ਸਿੰਘ ਪਲਾਹੀ**
**ਮੋ:9815802070**

# Commission for Air Quality Management: The potential and the pitfalls

**While CAQM is welcome, it alone cannot clean the air. Its success will depend on how it tackles different interest groups; outlines a time-bound commitment to achieving the set standards; ensures adequate personnel and funds for pollution control bodies, and stricter monitoring systems. All of this will require tremendous political will and support.**



Last week, the Centre issued an ordinance to put in place a new anti-pollution agency to tackle the crisis in the Delhi-National Capital Region area. The Commission for Air Quality Management (CAQM) will have the power to formulate rules, set emission standards and impose fines up to ?1 crore or send violators to prison for up to five years. CAQM will have members from the Centre, Delhi, Haryana, Punjab, Uttar Pradesh and Rajasthan, and non-governmental organisations. By setting up CAQM, the Centre has acknowledged that air pollution is indeed a major challenge; it has health, economic and political implications; and the problem of multiplicity of authorities was a key reason why it could not be tackled effectively.

Many have raised questions — rightly so — about the way the ordinance was passed with no consultation, and the possible overriding powers the Centre may have; whether a top-down implementation approach (without third-party monitoring and citizen-driven enforcement) will work; and the lack of a time-bound commitment to clean the air. The Centre could also have come up with the framework before this year's pollution season began rather than wait for judicial prodding.

While CAQM is welcome, it alone cannot clean the air. Its success will depend on how it tackles different interest groups; outlines a time-bound commitment to achieving the set standards; ensures adequate personnel and funds for pollution control bodies, and stricter monitoring systems. All of this will require tremendous political will and support.

# The Hindu factor in The US presidential polls

**Many in the community believe it's a good thing for them to identify themselves as Hindus, as long as it does not assume exclusionary overtones. But irrespective of how it plays out, the arrival of the Hindu card in American politics merits note back home.**

Kamala Harris, the Democratic nominee for vice-president, was depicted as Durga in a visual tweeted by a relative on the first day of Navratri. Democratic presidential candidate Joe Biden's face was superimposed on lion's, with a snarl; and President Donald Trump was shown as Mahishasura, laying at their feet with a trishul to his throat.

It was pulled down without any explanation, but not before it had marked a milestone in the growing currency of the Hindu card in United States (US) electoral politics. A day before, Biden and Harris had tweeted Navratri greetings, and there were greetings before that on Ganesh Chaturthi and Mahalaya. Together, these messages marked quite a departure from norm for a country whose politicians were still getting used to Diwali. The Biden campaign has fostered, for instance, a group of supporters and surrogates that calls itself Hindu-Americans for Biden. Raja Krishnamoorthi, the two-term Congressman from Illinois state, headlined its launch in September, saying there were two million Hindus in the country who could play a vital role in the battleground states that will determine the 2020




election. Possibly, but not all of whom could vote; there are only an estimated 1.9 million (1.8 million, by another count) eligible Indian- American voters and not all of them are Hindus. Among modern-day American politicians at the national level, President Donald Trump was the first to openly play the Hindu card when, as a candidate for the White House in 2016, he said, addressing Indian Americans at an election rally, "We love the Hindus, we love India" and "I am a big fan of Hindu, and I am a big fan of India". He also promised that the Indian and Hindu community will have a "true friend" in the White House if he was elected. Trump won, of course, but it remains unclear if the Hindu card played any role. Only 16% of Indian Americans - Hindus comprise a large chunk of them, but not all - had said (in an AAPI Data survey 2016) that they had voted for him in a post-election survey of the community; 77% had voted for Hillary Clinton. But the Hindu card had debuted. Some Indian Americans consider the Howdy Modi rally in Houston as the second defining factor. But from Trump's perspective, it was not so much a play for Hindus as Indian-American voters; he never once uttered the word Hindus. A far more important and significant outreach, and an unintended one, was perhaps Trump's silence on the change of the constitutional status of Kashmir and the Citizenship (Amendment) Act, which cut closer to the bone for many Hindu-Americans (as also Indian Americans) who saw it as a sovereignty issue for India. Even those who supported Biden pressed the nominee and the campaign to match the position.

Many in the community believe it's a good thing for them to identify themselves as Hindus, as long as it does not assume exclusionary overtones. But irrespective of how it plays out, the arrival of the Hindu card in American politics merits note back home.

# Two Indian-Americans Among Joe Biden's Core Advisors: Report

New York: Two prominent Indian-Americans are among Democratic Presidential nominee Joe Biden's "core advisers" who have been guiding him on issues ranging from the coronavirus pandemic, economic recovery to foreign policy and climate change, a media report said. Biden, "plotting an ambitious presidency that would begin amid twin health and economic crises, is leaning on veteran advisers with high-level governmental experience rather than outsiders and ideological rivals to help guide him on subjects including the coronavirus pandemic and the country's diminished standing in the world," a report in The New York Times said.

Among those advising him on the pandemic are Dr Vivek Murthy, former US Surgeon General who was appointed by President Barack Obama and Harvard economist Raj Chetty is among those who have briefed Biden on economic issues, the report said.

Murthy and former head of the Food and Drug Administration David Kessler were among those present on a conference call convened by the Biden campaign when it learned that two people who had travelled with Senator Kamala Harris had tested positive for the coronavirus. "Biden has spoken often of his briefings with experts, and Dr Murthy and Dr Kessler have been two of the most prominent medical figures whose counsel Biden has sought during the public health crisis," the NYT report said. The NYT report quoted Kessler as saying that in the early days of the pandemic, he and Murthy would brief Biden "every day, or four times a week.""We would send in 80- to 90-page documents, take him through the epidemic from epidemiology, therapeutics, vaccines, testing. Staff would join, originally by phone but they soon shifted to Zoom," Kessler said, according to the NYT report. "The docs," as Biden calls Kessler and Murthy, also "pore over research and data on the virus and consult with modelers, vaccinologists and other experts so they can provide Biden with projections about the coming months."

# North Korea is going to be a major headache for whoever wins the US election

As Barack Obama ended his 75th day as President of the United States, the engines of a massive North Korean rocket roared to life half a world away -- sparking one of the first major international crises of his administration.

Pyongyang's first missile test during Donald Trump's presidency came even sooner. On his 23rd day in office, as he and Japanese Prime Minister Shinzo Abe sat down for dinner on the terrace of the US President's opulent Florida club, Mar-a-Lago, North Korean leader Kim Jong Un oversaw the successful test launch of a solid-fueled ballistic missile.

So if former Vice President Joseph Biden were to unseat Trump in the November 3 presidential election, would North Korea again conduct some sort of provocation in a new administration's early days?

When it comes to divining North Korea's intentions, some words of wisdom variously attributed to both Mark Twain and New York Yankee's legend Yogi Berra ring particularly true: Predictions are hard, especially about the future.

This is, after all, North Korea, one of the world's most isolated societies and secretive governments.But we do know that Pyongyang closely studies the machinations in Washington. And, as they proved during the early days of the Trump and Obama presidencies, Kim and his advisers know how to grab America's attention -- and they may choose to do so after taking the backseat to the US election, protests over racial injustice and a global pandemic.

A Biden administration, or Trump during a second term, could be forced to deal with Pyongyang sooner than they'd like.



Trump's tenure

Disarming North Korea remains one of the United States' most intractable foreign policy issues. Since 2006, Pyongyang has successfully tested six nuclear devices and three intercontinental ballistic missiles (ICBMs), weapons Kim says are meant to deter foreign aggression and ensure the continuity of the regime that he leads with an iron fist. The country's dogged pursuit of these armaments, however, has come at a tremendous cost. Sanctions punishing Pyongyang for its nuclear program essentially bar North Korea -- one of the world's poorest countries -- from trading with the outside world. That means there are few opportunities for North Korea to improve its economy and increase the livelihood of its people, a key promise Kim has made to his people.

The US hoped that sanctions would cripple North Korea and force Kim to negotiate. And President Trump had hoped that by becoming the first sitting president to sit face-to-face with a North Korean leader, he could engineer some sort of breakthrough. But despite these one-on-ones, negotiations have been at an impasse since the two leaders' second summit in 2019 in Hanoi.

Trump wanted some sort of "big deal" that would see North Korea give up its nuclear program for immediate sanctions relief, but Kim was only prepared to shut down Yongbyon, the biggest and best-known facility in North Korea that produced fissile material for nuclear weapons, in exchange for sanctions relief, according to Trump's former national security adviser, John Bolton.

That wasn't enough for Trump, so he walked.

"There were opportunities potentially having a direct engagement between the leaders but, as things showed, it wasn't a silver bullet to resolve the issues," said Markus Garlauskas, a former national intelligence officer for North Korea on the US' National Intelligence Council.

Hanoi, Garlauskas said, proved that it wasn't a lack of communication or leader-to-leader contact that had prevented a breakthrough.The "fundamental obstacle," he said, is "Kim's lack of interest in giving up those nuclear weapons, and his willingness to sustain very high cost to keep them."

Communicate early, communicate often

To date, the Trump administration has sold its North Korea policy as a win. That's because since November 2017, Kim has not tested any nuclear weapons or long-range missiles -- the weapons designed to deliver a nuclear warhead to the United States homeland.

During their first summit, Trump and Kim struck what appeared to be a tacit agreement that, as long as talks were going on, North Korea would not test ICBMs or nuclear bombs. Trump, in turn, scaled down the number of military drills the US conducts with South Korea. These exercises are meant to keep troops ready in case of conflict, but North Korea sees them as hostile and will often claim they are practice for an invasion.

The accord, however, did not apply to shorter-range missiles that could be used to target US troops or allies in the region, which North Korea has continued to test. And Pyongyang made no commitment to stop developing or enhancing its weaponry in ways short of testing them.

On October 10, North Korea rolled out what is believed to be one of the world's biggest ICBMs at a military parade on a significant anniversary in Pyongyang. Weapons experts said it appeared the gigantic missile was designed to carry multiple warheads to penetrate missile defense systems -- proving that North Korea's commitment to stop testing ICBMs didn't mean it wasn't going to stop working on them. If North Korea was to consider this new missile viable, it would need to conduct a test launch. Though Kim pledged not to test ICBMs during US negotiations, he said in a speech last year that he no longer felt duty-bound to comply with the promise. He has blamed the US for the diplomatic impasse and says it has been "deceived by the US," wasting 18 months on talks.

Now, some experts worry that testing the new mammoth ICBM could be a possible next step to get attention after the election. "I would not be surprised at all to see the North Koreans take some kind of a step in the ballistic missile testing arena or in the nuclear testing arena, particularly if Biden wins the election," said Evans Revere, a former assistant secretary of state for East Asia and the Pacific. "I think the North Koreans are going to want to have him start out on the back foot to the extent possible. And one way to do that would be what they did with President Obama."

Biden's biggest challenge, experts say, could come during the presidential transition. His campaign website has just one vague sentence on North Korea policy, so it's likely Biden and his aides would need to quickly identify a strategy to get North Korea to move toward denuclearization, and to find the right people to implement that strategy.

Joseph Yun, who served as a State Department special representative for North Korea under Obama and Trump, said it would be crucial for Biden to get in touch with the North Koreans and lay out his red lines as quickly as he can, so the North Koreans do not try to discover them on their own.

"It's very important that in the beginning to get off on the right foot," Yun said. "You might want to send a message to North Korea, saying things like, We want to talk, we are prepared to talk, but for now, give us time and please don't do any tests."

But each candidate has unique advantages and disadvantages. Trump's relationship with Kim might help continue to keep the temperature down on the Korean Peninsula, but his commitment to total denuclearization up-front remains unrealistic.

Biden has been critical of Trump's relationship with Kim, whom he called a "thug" at the final presidential debate Thursday. Still, the former vice president has a chance to reset things. He does not need to demand full denuclearization immediately -- though he will surely know the failed history of previous incremental deals. Biden will also have to convince Japan and South Korea that Trump's transactional approach to alliances was a one-off and assure them that Washington is committed to their defense, regardless of cost.

But the reality is that Biden and Trump face the same challenge when it comes to Kim: How do you get North Korea to stop developing nuclear weapons and ballistic missiles and, eventually, give up arms it sees as vital to deterring adversaries?

So far, neither appears to have the answer.

# Should corporates take a stand on TV news?




**A combination of a more robust sample by increasing the number of household meters and systemic checks need to be put in place**

The controversy around television news channels manipulating Televison Rating Points (TRPs) has turned the spotlight on three issues plaguing television news. The first is the growing toxicity in coverage that sometimes borders on what may be termed "hate speech". The second is the reliability of the TV rating system which decides the fate of nearly ?30,000 crore in advertising revenues. The third - linked to the two - is the role the advertiser plays in moderating this stridency by leveraging ad spends.

The coverage of Sushant Singh Rajput's death and its aftermath made a spectacle that would make most reality shows seem moderate in comparison. Hyper-aggressive anchors, high-voltage drama news breaks, dissing rival channels' stories have become the norm - all for an increased share of TRPs.

TRP is an estimate of the TV viewership for a show, and is the only metric that determines the viewing patterns of 840 million Indians in 197 million TV-owning households and is the basis on which advertisers allocate their money. A TRP of 10 means 10% of Indians with a TV, in of a specified demographic or geography, are watching a channel at a point in time. That is about 84 million viewers.

TV advertising spends in 2019 around ?28,000 crore, excluding Goods and Services Tax (GST). Of this, news occupies a relatively small share of 13% of the total audience, well behind general entertainment, movies, music and sports, and gets ?3,640 crore of advertising, spread over nearly 400 news channels.

Given that news viewership is a small segment of overall viewership, even a small change in TRPs will mean a big swing in ad revenues. Advertising comprises nearly 45% of news channel revenues and can adversely affect channel viability. In this scenario, is there a case for brands to use ad spend as a tool to aid responsible behaviour?

. यह डकार इस बात का संकेत होती है कि पेट खाली नहीं रहा और पाचन तंत्र को पाचन के लिए भोजन मिल गया है। अब आप पहले इस भोजन को पचाने में लगे पाचन तंत्र को स्पीड पकड़ने दें। उसके बाद कुछ और खाएं।

अगर आप अधिक भोजन करेंगे तो पेट में बननेवाली गैस का निकलना और सिरदर्द का कारण बनेगी। या फिर आपको लगातार एसिडिक डकार आती रहेंगी। जो पूरी तरह असहज कर देनेवाली स्थिति होती है। इसलिए इससे बचने के लिए जरूरी है कि आप खाने की आदत पर नियंत्रण रखें। पानी की मात्रा बढाएं नियमित भोजन करे मिर्च मसाले कम या बंद करे। चिंता कम करे।

आयुर्वेद में आविपित्तकर चूर्ण 10 ग्राम दिन भर में चूसना हैं। इससे पित्त कम होगा।

कच्चा नारियल सौंफ पेठा खाना भी लाभकारी होता हैं

अभयारिष्ट कुमारीआसव दोनों 10 .10 एम् एल सुबह शाम भोजन के बाद पानी से ले।

## अगर नींद में हाथ पैर चलाते हैं तो हो जाएं सावधान

या आपको अच्छी नींद नहीं आती और रात में सोते वक्त पैर पटकने की आदत है तो सावधान हो जाइए आप पार्किंसंस का शिकार हो सकते हैं। अध्ययन के मुताबिक विशेषकर पुरुषों में यह संकेत पार्किंसंस रोग से जुड़े एक विकार का संकेत हो सकता है। आंखों को जल्दी.जल्दी मीचने की आदत अक्सर 50 से 70 वर्ष आयु वर्ग के व्यक्तियों को प्रभावित करता है और महिलाओं की तुलना में ऐसा पुरुषों में अधिक पाया जाता है। यह नींद आने में दिक्कत के कारण होती है। जबकि स्वस्थ लोग चैन को नींद सोते हैं तो वहीं आरबीडी से पीड़ित लोग अपने सपनों में जीवित रहते हैं और नींद के दौरान हाथ.पैर चलाते रहते हैं और चिल्लाते हैं। एक रिपोर्ट से पता चला है कि आरबीडी वाले पुरुषों में डोपामाइन की कमी होती है। डोपामाइन ब्रेन में एक केमिकल है जो भावनाओं गतिविधियों खुशी और दर्द की उत्तेजनाओं को प्रभावित करता है। उम्र बढ़ने के साथ.साथ पार्किंसंस रोग के विकसित होने का जोखिम बढ़ता चला जाता है। मस्तिष्क में तंत्रिका कोशिकाओं का समूह जो डोपमाइन को बनाता है काम करना बंद कर देता है जिस कारण पार्किंसंस रोग होता है।

पार्किंसंस रोग को हिंदी में कम्पाघात कहते है यह एक मानसिक विकार है जो केन्द्रीय तंत्रिका तंत्र से जुड़ा हुआ रोग है इस रोग की खोज सन 1817 में पार्किन्सन द्वारा की गई थी इसिलिय इसे पार्किंसंस रोग कहते है यह धीरे धीरे बढ़ने वाला रोग है जिसका शुरुआत में पता नहीं चलता जब यह रोग किसी व्यक्ति को हो जाता है तो वह दैनिक दिनचर्या भी ठीक ढंग से करने में अक्षम हो जाता है क्योंकि इस रोग में रोगी व्यक्ति का शरीर कंपकंपाता रहता है व्यक्ति का पूरा शरीर कांपता रहता है ये लक्षण आम तौर पर दिखाई नहीं देते लेकिन जब रोगी कोई कार्य करता है तो उसके हाथ या पैर कांपने लगते है वैसे अगर रोग तीव्र अवस्था में है तो आसानी से व्यक्ति को पहचाना जा सकता है पार्किंसंस रोगव्यक्ति की अंतिम अवस्था में दिखाई पड़ती है अर्थात बुढ़ापे में इस रोग के होने की आशंका अधिक होती है रोग उत्पन्न होने के बाद यह रोगी को अक्षम करने वाला होता है।

# करवा चौथ पर ऐसे बनी रहें तरोताजा



करवा चौथ का दिन हर सुहागन के लिए खास होता है। इस दिन तरोताजा बने रहने करवा चौथ की सरगी पर ध्यान दें यह काफी खास होती है इसलिए उसमें कुछ खास चीजों को शामिल किया जाता है ताकि सारा दिन आप उर्जावान महसूस करें।

**सरगी में मिठाई**

करवा चौथ की सुबह सरगी में आप जो भी खाती हैं उससे हो सकता है कि दिन में आपको हाजमे की समस्या हो जाए इसलिए खाने के बाद आप मिठाई जरुर खाएं इससे आपको दिन में चक्कर नहीं आएंगे।

**फ्रूट और ड्राई फ्रूट्स**

करवा चौथ का व्रत रखने से पहले फ्रूट्स और ड्राई फ्रूट्स जरुर खाएं। इन्हें खाने से आप दिनभर हेल्दी फील करेंगी और आपको भूख नहीं लगेगी। मुट्ठी भर ड्राई फ्रूट्स खाने से आपको सारे विटामिन और मिनरल मिल जाएंगे। शूगर लेवल ठीक रहेगा थकान महसूस नहीं होगी और आपका एनर्जी लेवल भी ठीक रहेगा।

**नारियल पानी**

नारियल पानी पीने से आपको दिनभर प्यास नहीं लगेगी। करवा चौथ का व्रत बिना कुछ खाए और बिना पिए रखना होता है ऐसे में दिनभर आपको प्यास न लगे इसलिए आप सुबह सरगी खाने के बाद सूर्योदय से पहल नारियल पानी जरुर पिएं।

**रोटी और सब्जी**

सरगी में रोटी और सब्जी जरुर खाएं। रोटी गेहूं के आटे से बनती है जो पचने में आसान होती है और दिनभर आपका ब्लड प्रेशर भी कंट्रोल में रखती है। इसके साथ हरी सब्जी खाने से आपको सारे फाइबर्स भी मिल जाते हैं। रोटी और सब्जी खाने के बाद आपको दिनभर भूख नहीं लगती और आपकी एनर्जी भी बनी रहती है।

**दिन भर रहें व्यस्त**

व्रत के दिन भूख न लगे इसके लिए सबसे जरुरी है व्यस्त रहना। ऐसे में इस दिन दोस्तों और परिवार के समस्यों के साथ खुद को व्यस्त रखें। भूख की ओर ध्यान न जाए इसलिए आप घर के ऐसे काम भी कर सकती हैं जिसमें कम ऊर्जा लगे।

**शाम की चाय**

कई महिलाएं करवा चौथ की शाम को पूजा करने के बाद चाय आदि पी लेती हैं। यदि आप ऐसे ही लोगों में शामिल हैं तो ध्यान रखें कि चाय में पर्याप्त मात्रा में दूध होए खाली पेट कम दूध वाली चाय पीने से आपको एसिडिटी और पेट दर्द की समस्या हो सकती है। शाम की पूजा के बाद नींबू पानी भी पी सकती हैं।

**व्रत खोलने के बाद**

चांद निकलने के बाद जब आप व्रत खोले तो बहुत ज्यादा तेल खाने से दूर रहें। दिन भर खाली पेट रहने के कारण अचानक से ऑयली फूड खाने से एसिडिटी परेशान कर सकती है। व्रत तोड़ने के बाद कार्बोहाइड्रट और प्रोटीन से भरपूर हेल्दी फूड खाएं ताकि शरीर को खोई ऊर्जा वापिस मिल सके। साथ ही रात में सोने से पहले कम से कम तीन से चार गिलास पानी जरुर पिएंए ताकि शरीर में दिनभर हुई पानी की कमी दूर हो सके। सोने से पहले एक गिलास नींबू पानी भी पाचन में मदद करेगा।

करवाचौथ पर मेंहंदी शगुन की निशानी मानी जाती है। इसलिए हर महिला चाहती है कि उसके हाथों में खूब गहरी मेहंदी चढ़े। कई बार हाथों में मेहंदी गहरी नही चढ़ती है ऐसे में कुछ ऐसे टिप्स की सहायता से आप इस करवाचौथ पर अपनी मेहंदी का रंग गाढ़ा रचा सकती हैं।

मेहंदी लगाने से पहले हाथों को अच्छी तरह से साफकरें और नीलगिरी या मेहंदी का तेल जरूर लगाएं।

हाथों में लगी मेहंदी सूखने के बाद उस पर अचार का तेल लगाएं।

मेहंदी लगाने के बाद उस पर नींबू व चीनी को मिक्स कर घोल लगा कर सूखने के लिए छोड़ दें।

मेहंदी को हटाने से 30 मिनट पहले सरसों के तेल को अपने हाथों में लगा लें। सरसों का तेल हथेलियों पर लगाने से मेहंदी आसानी से निकल जाती है और रंग गहरा होता है।

# ਸਾਡਾ ਪੰਜਾਬ ਸੋਨੇ ਦੀ ਚਿੜੀ ਹੈ,ਪਰ ਸੋਨੇ ਵਰਗੀ ਸੋਚ ਨਹੀਂ ਸਾਡੇ ਲੋਕਾਂ ਦੀ ਤੇ ਹੁਕਮਰਾਨਾਂ ਦੀ

ਪੰਜਾਬ ..ਪੰਜ ਆਬ ਤੋਂ ਬਣਿਆ ਭਾਵ ਪੰਜ ਦਰਿਆਵਾਂ ਦਾ ਪੰਜਾਬ ਅੱਜ ਪਾਣੀ ਪੱਖੋਂ ਵੀ ਪਿਛੜਿਆ ਜੇਹਾ ਜਾਪ ਰਿਹਾ ਹੈ ਸਾਡਾ ਪੰਜਾਬ ,ਕਾਰਨ ਵੰਡਣ ਵਾਲਿਆਂ ਦੀ ਸੋਚ ਮਾੜੀ ਨਿਕਲੀ ,ਪੰਜਾਬ ਦਾ ਪਾਣੀ ਹੋਰਨਾਂ ਸੂਬਿਆਂ ਨੂੰ ਫ਼ਰੀ ਸੇਵਾ ਦੇ ਤੌਰ ਤੇ ਜਾ ਰਿਹਾ,ਤੇ ਪੰਜਾਬ ਦੇ ਲੋਕ ਧਰਤੀ ਦੀ ਛਾਤੀ ਨੂੰ ਪਾੜਕੇ ਪਾਣੀ ਥੱਲ੍ਹੇ ਤੋਂ ਕੱਢ ਰਹੇ ਨੇ, ਪੰਜਾਬ ਦੇ ਪਾਣੀਆਂ ਉੱਤੇ ਆਖਿਰ ਪੰਜਾਬ ਦੇ ਲੋਕਾਂ ਦਾ ਹੱਕ ਕਿਉਂ ਨਹੀਂ,ਪੰਜਾਬ ਦੇ ਲੋਕਾਂ ਲਈ ਨਹਿਰੀ ਦਰਵਾਜ਼ੇ ਕਿਉਂ ਨਹੀਂ ਖੁੱਲ੍ਹਦੇ ਜੇ ਖੁੱਲ੍ਹਦੇ ਵੀ ਹਨ ਤਾਂ ਹੜਾ ਵੇਲ੍ਹੇ ਕਿਉਂ ਖੋਲ੍ਹੇ ਜਾਂਦੇ ਹਨ,ਕੀ ਪੰਜਾਬ ਦੇ ਹਿੱਸੇ ਸਿਰਫ਼ ਤੇ ਸਿਰਫ਼ ਤਬਾਹੀ ਹੀ ਆਵੇਗੀ।ਅਖ਼ੀਰ ਪੰਜਾਬ ਦੇ ਸਿਆਸਤਦਾਨਾਂ ਨੇ ਪੰਜਾਬ ਦੀ ਉੱਨਤੀ ਲਈ ਆਪਣਾ ਬਣਦਾ ਯੋਗਦਾਨ ਕਿਉਂ ਨਹੀਂ ਪਾਇਆ। ਅੱਜ ਸਾਡੇ ਪੰਜਾਬ ਦਾ ਅੰਨਦਾਤਾ ਕਿਸਾਨ ਆਪਣੇ ਹੱਕਾਂ ਲਈ ਪੂਰੀ ਲੁਕਾਈ ਲਈ, ਥਾਂ ਥਾਂ ਤੇ ਮੋਰਚੇ ਲਾਈ ਬੈਠਾ ਹੈ, ਉਹ ਚਾਹੇ ਪੈਟਰੋਲ ਪੰਪ ਹੋਣ,ਰੇਲਵੇਂ ਟਰੈਕ ਹੋਣ,ਸ਼ੰਭੂ ਮੋਰਚਾ ਤੇ,ਪੰਜਾਬ ਦੇ ਟੂਲ ਪਲਾਜ਼ਾ, ਸਭ ਤੇ ਸਾਡੇ ਕਿਸਾਨ ਆਗੂ ਮੋਰਚੇ ਸੰਭਾਲੀ ਬੈਠੇ ਹਨ,ਜ਼ੇਕਰ ਵੇਖਿਆ ਜਾਵੇ ਤਾਂ ਇਸ ਮੋਰਚੇ ਵਿੱਚ ਛੋਟੇ ਬੱਚਿਆਂ ਦੇ ਨਾਲ ਨਾਲ ਬਜ਼ੁਰਗ ਔਰਤਾਂ ਵੀ ਆਪਣੀ ਆਪਣੀ ਭੂਮਿਕਾ ਨਿਭਾਉਂਦੇ ਨਜ਼ਰ ਆ ਰਹੇ ਹਨ,ਪਰ ਕੀ ਇਹ ਸਾਡੇ ਲੀਡਰਾਂ ਦੀ ਨਲਾਇਕੀ ਤੇ ਪੰਜਾਬ ਨਾਲ ਇੱਕ ਤਰਾਂ ਦਾ ਪੱਖਪਾਤ ਨਹੀਂ ਕੀਤਾ ਗਿਆ, ਕੀ ਅਸੀਂ ਇਮਾਨਦਾਰੀ ਨਹੀਂ ਵਿਖਾਈ ਜਾਂ ਸਾਡੇ ਸਿਆਸਤਦਾਨਾਂ ਨੇ ਕਦੇ ਆਪਣੀ ਡਿਊਟੀ ਸਮਝੀ ਹੀ ਨਹੀਂ,ਇਹ ਲੋਕ ਸਾਡੇ ਭਲੇ ਲਈ ਬਣਾਏ ਸੀ,ਜਾਂ ਪੰਜਾਬ ਦੇ ਲੋਕਾਂ ਦੇ ਹੱਕਾਂ ਉੱਤੇ ਡਾਕੇ ਮਰਵਾਉਣ ਲਈ ਜੋ ਅਸੀਂ ਤੁਸੀਂ ਚੁਣਕੇ ਭੇਜੇ ਸੀ, ਕਿ ਪੰਜਾਬ ਦੇ ਲੋਕਾਂ ਦੀ ਗੱਲ ਕਰਨਗੇ, ਪੰਜਾਬ ਦੀ ਗੱਲ ਕਰਨਗੇ, ਪਰ ਕਿ ਕਦੇ ਸੋਚਿਆ ਸੀ ਕੀ ਇਹ ਵਫ਼ਾਦਾਰੀ ਵਿਖਾਉਣ ਦੇ ਬਦਲੇ ਆਪਣੇ ਆਪ ਤੇ ਆਪਣੇ ਜ਼ਮੀਰ ਵੇਚ ਦੇਂਣਗੇ।ਆਪਣੀਆਂ ਜਾਇਦਾਤਾਂ ਬਣਾਉਣ ਲਈ ਪੰਜਾਬ ਤੇ ਪੰਜਾਬ ਦੇ ਲੋਕਾਂ ਦੇ ਹੱਕਾਂ ਦੀ ਹੀ ਬਲ਼ੀ ਦੇ ਦੇਂਣਗੇ,ਭਾਵ ਪੰਜਾਬ ਨੂੰ ਕੋਡੀਆ ਦੇ ਭਾਅ ਵੇਚ ਦੇਂਣਗੇ,ਪੰਜਾਬ ਦੇ ਕੁਦਰਤੀ ਸਰੋਤਾਂ ਨੂੰ ਬਿਨਾਂ ਸ਼ਰਤ ਪੰਜਾਬ ਦੇ ਭਲੇ ਗੱਲ ਕਰਿਆ ਬਗ਼ੈਰ ਹੀ ਆਪਣਿਆਂ ਨੂੰ ਖੁਸ਼ ਕਰਨ ਲਈ ਪੰਜਾਬ ਦੇ ਭਵਿੱਖ ਨੂੰ ਦਾਅ ਤੇ ਲਗਾ ਦੇਂਣਗੇ,ਨਾ ਇਹਨਾਂ ਨੇ ਕੁਦਰਤ ਪ੍ਰਤੀ ਕੋਈ ਇਮਾਨਦਾਰੀ ਵਿਖਾਈ,ਇੱਕ ਗੱਲ ਸਮਝ ਤੋਂ ਬਾਹਰ ਹੁੰਦੀ ਪਈ ਹੈ ਕੀ ਸਾਡੇ ਪੰਜਾਬ ਦੇ ਲੋਕਾਂ ਦੀ ਸੋਚਣ ਸ਼ਕਤੀ ਮਰ ਗਈ ਹੈ ਜਾਂ ਸਾਡੇ ਸਿਆਸਤਦਾਨਾਂ ਦੀ ਸੋਚ ਦਾ ਮਿਆਰ ਬੇਈਮਾਨੀ ਵੱਲ ਜ਼ਿਆਦਾ ਝੁਕਾ ਹੁੰਦਾ ਜਾ ਰਿਹਾ ਹੈ।ਕੀ ਪੈਸੇ ਅਸੀਂ ਅਮਰ ਹੋਣ ਲਈ ਕਮਾ ਰਹੇ ਹਾਂ,ਜਾਂ ਆਪਣੀ ਭੁੱਖ ਨੂੰ ਮਾਰਨ ਦਾ ਯਤਨ ਕਰ ਰਹੇ ਹਾਂ। ਸਾਡੇ ਪੰਜਾਬ ਦਾ ਭਵਿੱਖ ਬਾਹਰਲੇ ਮੁਲਕਾਂ ਵਿੱਚ ਗ਼ੁਲਾਮੀ ਦੇ ਰੂਪ ਵਿੱਚ ਜਾਂ ਉਸ ਦੇਸ਼ ਨੂੰ ਤੱਰਕੀ ਵੱਲ ਲੈਕੇ ਜਾਣ ਲਈ ਯੋਗਦਾਨ ਪਾ ਰਿਹਾ ਹੈ, ਤੇ ਸਾਡੇ ਖ਼ਾਲੀ ਹੁੰਦੇ ਜਾ ਰਹੇ ਪੰਜਾਬ ਦੀ ਕੋਈ ਗੱਲ ਕਰਨੋ ਅਸਮਰੱਥ ਸਾਡੇ ਲੋਕ ਤੇ ਲੀਡਰ ਚੁੱਪੀ ਧਾਰੀ ਬੈਠੇ ਪੰਜਾਬ ਉੱਜੜਨ ਦੀ ਰਾਹ ਵੇਖ ਰਹੇ ਹਨ,ਮੂੰਹ ਵਿੱਚ ਜ਼ੁਬਾਨ ਹੁੰਦਿਆਂ ਹੋਇਆਂ ਵੀ ਅਸੀਂ ਗੁੰਗੇ ਲੱਗ ਰਹੇ ਹਾਂ,ਅਸੀਂ ਉੱਚੀ ਸੋਚ ਰੱਖਣ ਵਾਲੇ ਵੀ ਅੱਜ ਬੇਅਕਲੇ ਜਿਹੇ ਹੋਏ ਪਏ ਹਾਂ,ਜਦ ਪਤਾ ਹੈ ਇੱਕ ਦਿਨ ਮਰਨਾ ਹੀ ਹੈ ਤਾਂ ਘੁੱਟ ਘੁੱਟ ਕੇ ਕਿਉਂ ਮਰਨਾ,ਕਹਿੰਦੇ ਨੇ ਕੀ ਮਰਨਾ ਵੀ ਏਦਾਂ ਦਾ ਮਰੀਏ ਕੀ ਮੌਤ ਵੀ ਫ਼ਕਰ ਕਰੇ,ਅਸਲ ਵਿੱਚ ਪੰਜਾਬ ਦੇ ਲੋਕ ਵੀ ਕਦੇ ਪੰਜਾਬ ਪ੍ਰਤੀ ਵਫ਼ਾਦਾਰ ਨਹੀਂ ਸੀ,ਜੇ ਪੰਜਾਬ ਦੇ ਲੋਕ ਜਾਂ ਅੱਗੇ ਤੁਰਨ ਵਾਲੇ ਸਿਆਸੀ ਲੋਕਾਂ ਨੇ ਵਫ਼ਾਦਾਰੀ ਵਿਖਾਈ ਹੁੰਦੀ ਤਾਂ ਅੱਜ ਪੰਜਾਬ ਦੁਨੀਆਂ ਦਾ ਨੰਬਰ ਇੱਕ ਸੂਬਾ ਹੋਣਾ ਸੀ,ਆਖ਼ਰਕਾਰ ਪੰਜਾਬ ਕੋਲ ਘਾਟ ਕਿ ਸੀ,ਕੁਦਰਤ ਪੰਜਾਬ ਤੇ ਪੂਰੀ ਤਰ੍ਹਾਂ ਮਿਹਰਵਾਨ ਸੀ ਤੇ ਅੱਜ ਵੀ ਹੈ, ਪਰ ਸਾਡੇ ਸਮਾਜ ਦੀ ਸੋਚ ਗ਼ੁਲਾਮੀ ਤੇ ਲਾਲਚ ਵਿੱਚ ਬੱਝੀ ਪਈ ਹੈ, ਅਸੀਂ ਆਪਣੀ ਸੋਚ ਤੋਂ ਅਜ਼ਾਦ ਨਹੀਂ ਹੋਏ,ਬੇਈਮਾਨਾਂ ਕੋਲੋਂ ਕਿੱਥੇ ਅਜ਼ਾਦ ਹੋ ਜਾਵਾਂਗੇ। ਅੱਜ ਕਿਸਾਨ ਧਰਨਿਆਂ ਤੇ ਬੈਠੇ ਹਨ,ਨੌਜਵਾਨ ਰੁਜ਼ਗਾਰ ਲਈ ,ਬਾਹਰਲੇ ਮੁਲਕ ਜਾ ਰਹੇ ਹਨ,ਕਾਮਿਆਂ ਨੂੰ ਆਪਣੇ ਹੱਕਾਂ ਲਈ ਹਰ ਰੋਜ਼ ਧਰਨੇ ਹੜਤਾਲਾਂ ਕਰਨੀਆਂ ਪੈ ਰਹੀਆਂ ਹਨ,ਸਿਹਤ ਸਹੂਲਤਾਂ ਜ਼ੀਰੋ ਹੁੰਦੀਆਂ ਜਾ ਰਹੀਆਂ ਹਨ,ਪੜ੍ਹਾਈ ਨਾ ਹੋਣ ਕਰਕੇ ਸਰਕਾਰੀ ਸਕੂਲਾਂ ਨੂੰ ਜਿੰਦਰੇ ਲੱਗ ਰਹੇ ਹਨ,ਹਰੇਕ ਵਿਅਕਤੀ ਸੋਚ ਰਿਹਾ ਹੈ ਕਿ ਸਾਡਾ ਆਉਣ ਵਾਲਾ ਭਵਿੱਖ ਕਿ ਹੋਵੇਗਾ, ਸਾਡੇ ਲੋਕਾਂ ਦੀ ਸੋਚ ਕਿੱਧਰ ਨੂੰ ਪਸਾਰ ਕਰੇਗੀ,ਸਾਡੇ ਹੁਕਮਰਾਨ ਪੰਜਾਬ ਤੇ ਪੰਜਾਬ ਦੇ ਲੋਕਾਂ ਨੂੰ ਕੀ ਸੇਧ ਦੇਣ ਗੇ, ਬਹੁਤ ਸਾਰੇ ਸਵਾਲਾਂ ਦੇ ਜ਼ਵਾਬ ਅਧੂਰੇ ਛਾਤੀਆਂ ਵਿੱਚ ਪੜਥਲੀ ਮਚਾ ਰਹੇ ਹਨ। ਗੱਲ ਲੋਕਾਂ ਦੀ ਨਹੀਂ ਪੂਰੇ ਪੰਜਾਬ ਦੀ ਹੈ ਸਾਡੇ ਪੰਜਾਬ ਦੇ ਭਵਿੱਖ ਦੀ ਹੈ, ਪੰਜਾਬ ਦੀ ਖੁਸ਼ਹਾਲੀ ਦੀ ਹੈ, ਪੰਜਾਬ ਨੂੰ ਹੁਨਰਮੰਦ ਤੇ ਰੁਜ਼ਗਾਰ ਦੇ ਖ਼ੇਤਰ ਵਿੱਚ ਇੱਕ ਅਹਿਮ ਸਥਾਨ ਦਿਵਾਉਣ ਦੀ ਹੈ, ਗੱਲ ਪੰਜਾਬ ਦੇ ਕੁਦਰਤੀ ਸਰੋਤਾਂ ਨੂੰ ਸਾਂਭਣ ਦੀ ,ਅਸਲੀਅਤ ਵਿੱਚ ਪੰਜਾਬ ਦੇ ਹਰੇਕ ਮੁੱਦੇ ਨੂੰ ਵਿਚਾਰਣ ਦੀ ਗੱਲ ਹੈ, ਪਹਿਲਾਂ ਹਰੇਕ ਫ਼ਾਇਦਾ ਪੰਜਾਬ ਲਈ ਸੋਚਣ ਤੇ ਪੰਜਾਬ ਲਈ ਲੈਕੇ ਆਉਣ ਦੀ ਗੱਲ ਹੈ, ਪਰ ਇਹ ਸੋਚ ਰੱਖਣ ਵਾਲੇ ਵਿਰਲੇ ਹੀ ਪੰਜਾਬ ਨੂੰ ਮਿਲਣ,ਪਰ ਪੰਜਾਬ ਦੇ ਲੋਕਾਂ ਤੇ ਪੰਜਾਬ ਦੇ ਹੱਕ ਲੁੱਟਣ ਵਾਲਿਆਂ ਵਿੱਚ ਤੇ ਪੰਜਾਬ ਦੇ ਆਪਣਿਆਂ ਨੇ ਬਹੁਤ ਯੋਗਦਾਨ ਪਾਇਆ ਤੇ ਤੱਰਕੀ ਵੀ ਕੀਤੀ,ਪਰ ਕਿਸੇ ਨੂੰ ਲੁੱਟਕੇ ਤੇ ਕਿਸੇ ਦਾ ਵਿਸ਼ਵਾਸ਼ ਤੋੜਕੇ ਕੀਤੀ ਤੱਰਕੀ ਵੀ ਕਿਸ ਕੰਮ ਦੀ,ਕੰਮ ਉਹ ਕਰੀਏ ਜਿਸ ਵਿੱਚ ਸਭ ਦਾ ਭਲਾ ਹੋਵੇ, ਆਪਣੇ ਆਪ ਲਈ ਤਾਂ ਜਾਨਵਰ ਤੇ ਪਸ਼ੂ ਵੀ ਕਰੀ ਜਾਂਦੇ ਹਨ,ਸੋ ਉਮੀਦ ਕਰਦਾ ਹਾਂ ਕੀ ਹੁਣ ਵੀ ਵੇਲਾ ਹੈ ਮੇਰੇ ਪੰਜਾਬ ਵਾਸੀਆਂ ਤੇ ਪੰਜਾਬ ਦੇ ਅਖੌਤੀ ਹੁਕਮਰਾਨਾਂ ਲਈ ਕੀ ਉਹ ਪੰਜਾਬ ਤੇ ਪੰਜਾਬ ਦੇ ਲੋਕਾਂ ਲਈ ਇਮਾਨਦਾਰੀ ਦਾ ਪੱਲ੍ਹਾ ਫੜ ਲੈਣ ਤੇ ਮੇਰਾ ਪੰਜਾਬ ਫ਼ਿਰ ਖੁਸ਼ਹਾਲੀ ਦੀ ਲੀਹ ਤੇ ਆ ਜਾਵੇ।

**ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ** 98550 36444

# ਕੀ ਹਵਾ ਨੂੰ ਦੂਸ਼ਿਤ ਤੇ ਪਾਣੀਆਂ ਨੂੰ ਜ਼ਹਿਰੀਲਾ ਬਣਾਉਣ ਵਾਲਾ ਅਸਲ ਦੋਸ਼ੀ ਪੰਜਾਬ ਦਾ ਕਿਸਾਨ ਹੈ ਜਾਂ ਕੋਈ ਹੋਰ... ?



ਕਦੇ ਕਦੇ ਤਾਂ ਲੱਗਦਾ ਹੈ ਕੀ ਸਾਡੀਆਂ ਸਰਕਾਰਾਂ ਨੂੰ ਪੰਜਾਬ ਤੇ ਪੰਜਾਬ ਦੇ ਕਿਸਾਨਾਂ ਤੇ ਆਮ ਲੋਕਾਂ ਨਾਲ ਵਾਹਲਾ ਹੀ ਪਿਆਰ ਹੈ, ਖ਼ਾਸ ਕਰਕੇ ਕੇਂਦਰ ਸਰਕਾਰ ਤੇ ਬਹੁਤੀ ਹੀ ਮੇਹਰਵਾਨੀ ਵਿਖਾ ਰਹੀ ਹੈ ਪੰਜਾਬ ਉੱਤੇ। ਅਖ਼ੀਰ ਕਿਉਂ ਕੇਂਦਰ ਸਰਕਾਰ ਸ਼ੁਰੂ ਤੋਂ ਹੀ ਪੰਜਾਬ ਨਾਲ ਮਤਰੇਈ ਮਾਂ ਵਰਗਾ ਸਲੂਕ ਕਰਦੀ ਰਹੀ ਹੈ,ਕਿਉਂ ਪੰਜਾਬ ਵਾਰੇ ਹੀ ਮਾੜੇ ਸੁਪਨੇ ਤੇ ਖ਼ਿਆਲ ਲੈਂਦੀ ਰਹਿੰਦੀ ਹੈ।

ਪੰਜਾਬ ਤੇ ਪੰਜਾਬ ਦੇ ਆਮ ਲੋਕ ਸਰਬੱਤ ਦਾ ਭਲਾ ਮੰਗਣ ਵਾਲਿਆਂ ਨਾਲ ਕੇਂਦਰ ਸਰਕਾਰ ਕਿਉਂ ਵਿਤਕਰਾ ਕਰ ਰਹੀ ਹੈ, ਅੱਜ ਭਾਵੇਂ ਦਿੱਲੀ ਦੀ ਕੇਂਦਰ ਸਰਕਾਰ ਕੋਲ ਕਿਸਾਨੀ ਤੇ ਕਿਸਾਨਾਂ ਦੇ ਦੁਖ ਸੁਣਨ ਲਈ ਕੁੱਝ ਪਲ਼ ਦੀ ਵੀ ਵਿਹਲ ਨਹੀਂ,ਸਿਵਾ ਨਫ਼ਰਤ ਫੈਲਾਉਣ ਦੇ ,ਪਰ ਪੰਜਾਬ ਦੇ ਲੋਕਾਂ ਤੇ ਪੰਜਾਬ ਦੇ ਲਈ ਨਵੇਂ ਨਵੇਂ ਲੋਕ ਵਿਰੋਧੀ ਤੇ ਪੰਜਾਬ ਵਿਰੋਧੀ ਕਾਨੂੰਨ ਜ਼ਰੂਰ ਪਾਸ ਹੋ ਜਾਂਦੇ ਹਨ।ਇਹਨਾਂ ਲੋਕ ਵਿਰੋਧੀ ਬਿੱਲਾਂ ਕਰਕੇ ਭਾਵੇਂ ਕਿਸੇ ਦੀ ਜਾਨ ਹੀ ਕਿਉਂ ਨਾ ਚਲੀ ਜਾਵੇ।ਇਨਸਾਨੀਅਤ ਦਾ ਕਿਉਂ ਨਾ ਕਤਲੇਆਮ ਹੋ ਜਾਵੇ,ਪਰ ਜ਼ਿੱਦ ਬੜੀ ਜ਼ਰੂਰ ਰੱਖਣੀ ਹੈ।

ਭਾਜਪਾ ਦੀ ਸਰਕਾਰ ਜਦੋਂ ਦੀ ਸੱਤਾ ਉੱਤੇ ਕਾਬਜ਼ ਹੋਈ ਹੈ, ਪੂਰੇ ਭਾਰਤ ਲਈ ਖ਼ਾਸ ਕਰਕੇ ਆਮ ਲੋਕਾਂ ਤੇ ਕਿਰਤੀਆਂ ਲਈ ਸਿਰਦਰਦੀ ਬਣੀ ਹੋਈ ਹੈ, ਸਭ ਤੋਂ ਪਹਿਲਾਂ ਦਿੱਲੀ ਦੀ ਕੇਂਦਰ ਸਰਕਾਰ ਨੇ ਨੋਟਬੰਦੀ ਕੀਤੀ ,ਜੀ. ਐਸ.ਟੀ.ਲਾਇਆ,ਚੰਗੇ ਭਲੇ ਕੰਮਾਂ ਕਾਰਾਂ ਨੂੰ ਜਿਵੇਂ ਬਰੇਕਾਂ ਹੀ ਲੱਗ ਗਈਆਂ ਹੋਣ, ਹਰੇਕ ਵਰਗ ਮੁਸ਼ਕਿਲਾਂ ਨਾਲ ਲੜ ਰਿਹਾ ਹੈ, ਕੇਂਦਰ ਦੀ ਸਰਕਾਰ ਨੂੰ ਪੂਰੀ ਤਰ੍ਹਾਂ ਭੰਡ ਰਿਹਾ ਹੈ, ਪਰ ਵੇਖਿਆ ਗਿਆ ਹੈ ਕਿ ਦਿੱਲੀ ਕਦੇ ਪੰਜਾਬ ਲਈ ਵਫ਼ਾਦਾਰ ਬਣੀ ਹੀ ਨਹੀਂ,ਹਮੇਸ਼ਾਂ ਹੀ ਪੰਜਾਬ ਨੂੰ ਮੁਕਾਉਣ ਤੇ ਥੱਲ੍ਹੇ ਲਾਉਣ ਦੀਆਂ ਨੀਤੀਆਂ ਘੜੀਆਂ ਗਈਆਂ।

ਹੁਣੇ ਹੁਣੇ ਸੁਣਨ ਵਿੱਚ ਆਇਆ ਹੈ ਕੀ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਲਈ ਇੱਕ ਹੋਰ ਨਵਾਂ ਫੁਰਮਾਨ ਲੈਕੇ ਆਈ ਹੈ, ਜਿਵੇਂ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਭਾਵ ਪਰਾਲੀ ਨੂੰ ਅੱਗ ਲਗਾਈ ਤਾਂ ਸਰਕਾਰ ਇੱਕ ਕਰੋੜ ਤੱਕ ਜ਼ੁਰਮਾਨਾ ਤੇ ਪੰਜ ਸਾਲ ਦੀ ਸਜ਼ਾ ਦੇਣ ਦੀ ਵਿਉਂਤਬੰਦੀ ਬਣਾ ਰਹੀ ਹੈ, ਹਾੜੀ ਦੀ ਫ਼ਸਲ ਹੋਵੇ ਭਾਵੇਂ ਸੌਣੀ ਦੀ ਫ਼ਸਲ ਇਹ ਦੋ ਫ਼ਸਲਾਂ ਨੇ ਜਿਵੇਂ ਪੂਰਾ ਮੁਲਕ ਦੂਸ਼ਿਤ ਕਰਕੇ ਰੱਖ ਦਿੱਤਾ ਹੋਵੇ, ਉੱਝ ਭਾਵੇ ਪੰਜਾਬ ਨੂੰ ਕੋਈ ਚੇਤੇ ਵੀ ਨਾ ਕਰੇ ਪਰ ਇਹ ਦੋ ਫ਼ਸਲਾਂ ਦੌਰਾਨ ਪੰਜਾਬ ਤੇ ਕਿਸਾਨ ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ਾਂ ਵਿੱਚੋਂ ਸਭ ਤੋਂ ਅਗਲੀ ਲਾਈਨ ਵਿੱਚ ਜ਼ਰੂਰ ਖੜ੍ਹਾ ਹੁੰਦਾ ਹੈ। ਸਰਵੇਖਣ ਕਰਨ ਵਾਲ਼ੇ ਤੇ ਇਹ ਵੀ ਆਖਦੇ ਹਨ ਕੀ ਪੰਜਾਬ ਦੇ ਪਾਣੀਆਂ ਵਾਂਗੂ ਹੁਣ ਪੰਜਾਬ ਦੀ ਹਵਾ ਵੀ ਜ਼ਹਿਰੀਲੀ ਬਣਦੀ ਜਾ ਰਹੀ ਹੈ, ਕੀ ਇਸ ਦਾ ਦੋਸ਼ੀ ਪੰਜਾਬ ਤੇ ਪੰਜਾਬ ਦਾ ਕਿਸਾਨ ਪਾਇਆ ਜਾਵੇਂਗਾ ਜਾਂ ਹੈ, ਕੀ ਸੱਚ ਕੁੱਝ ਹੋਰ ਜੋ ਅਸੀਂ ਤੁਸੀਂ ਵੇਖਦਿਆਂ ਹੋਇਆ ਵੀ ਅਣਦੇਖਿਆ ਕਰ ਰਹੇ ਹਾਂ ਜਾਂ ਅਣਦੇਖਿਆ ਕਰ ਦਿੱਤਾ ਜਾਂਦਾ ਹੈ, ਏਦਾਂ ਕਿਉ..? ਚਲੋ ਸਾਡੇ ਦਿਲ ਦੀ ਤੱਸਲੀ ਲਈ ਮੰਨ ਲੈਂਦੇ ਹਾਂ ਕੀ ਪੰਜਾਬ ਦਾ ਕਿਸਾਨ ਇਹਨਾਂ ਦੋ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਖ਼ਤਮ ਕਰਨ ਲਈ ਪ੍ਰਦੂਸ਼ਣ ਫੈਲਾਉਣ ਲਈ ਸਭ ਤੋਂ ਮੋਹਰੀ ਹੈ,ਖੇਤੀਬਾੜੀ ਦੀਆਂ ਫਸਲਾਂ ਤਿਆਰ ਕਰਨ ਲਈ ਵਰਤਣ ਵਾਲੇ ਕੀਟਨਾਸ਼ਕਾਂ ਨਾਲ ਪਾਣੀ ਨੂੰ ਦੂਸ਼ਿਤ ਤੇ ਜ਼ਹਿਰੀਲਾ ਬਣਾ ਰਿਹਾ ਹੈ ਜਾਂ ਬਣਾ ਦਿੱਤਾ ਗਿਆ ਹੈ।ਕੀ ਤੁਸੀਂ ਸਾਰੇ ਸਹਿਮਤੀ ਪ੍ਰਗਟ ਕਰਦੇ ਹੋ ,ਜੇ ਹਾਂ ਤਾਂ ਕਿਉਂ..?ਇਹ ਸੀ ਇੱਕ ਪੱਖ ਤੇ ਆਉ ਦੂਸਰੇ ਪੱਖ ਵਾਰੇ ਪੰਜਾਬ ਦੇ ਹਾਲਾਤਾਂ ਉੱਤੇ ਨਜ਼ਰ ਘੁਮਾਉਂਦੇ ਹਾਂ, ਪੰਜਾਬ ਵਿੱਚ ਹਜ਼ਾਰਾਂ ਫੈਕਟਰੀਆਂ ਤੇ ਕਾਰਖ਼ਾਨੇ ,ਭੱਠੇ,ਭੱਠੀਆਂ ,ਬੜੇ ਬੜੇ ਮਿੱਲ ਹਰ ਰੋਜ਼ ਬਿਨਾਂ ਖੜ੍ਹੇ ਬਿਨਾਂ ਰੁਕੇ ਲਗਾਤਾਰ ਚੱਲਦੇ ਰਹਿੰਦੇ ਹਨ,ਜਿਨ੍ਹਾਂ ਵਿੱਚੋਂ ਜ਼ੋ ਗਿਣਤੀ ਮਿਣਤੀ ਕੀਤਿਆਂ ਬਿਨਾਂ ਹੀ ਨਾ ਕਿਸੇ ਦੀ ਨਜ਼ਰ ਪੈਣ ਵਾਲਾ ਧੂੰਆਂ ਸਾਡੇ ਸਾਫ਼ ਸੁਥਰੇ ਅਸਮਾਨ ਨੂੰ ਪਲ ਪਲ ਗੰਧਲਾ ਤੇ ਹਵਾ ਨੂੰ ਦੂਸ਼ਿਤ ਕਰ ਰਿਹਾ ਹੈ, ਤੇ ਇਹਨਾਂ ਫੈਕਟਰੀਆਂ,ਮਿੱਲਾਂ, ਕਾਰਖਾਨਿਆਂ, ਭੱਠੀਆਂ ਵਿੱਚੋ ਨਿਕਲਣ ਵਾਲਾ ਜ਼ਹਿਰੀਲਾ ਕੈਮੀਕਲ ਲੱਖਾਂ ਟਨ ਹਰ ਰੋਜ ਸਾਡੇ ਪਾਣੀਆਂ ਵਿੱਚ ਘੁਲ਼ ਰਿਹਾ ਹੈ,ਧਰਤੀ ਦੇ ਅੰਦਰ ਰਸ ਰਿਹਾ ਹੈ ਜਾਂ ਇਹਨਾਂ ਦਾ ਵਹਾਅ ਸਿੱਧੇ ਤੌਰ ਤੇ ਸਾਡੇ ਨਦੀਆਂ ਤੇ ਦਰਿਆਵਾਂ ਦੇ ਵਿੱਚ ਸੁੱਟਿਆ ਜਾਂਦਾ ਹੈ।ਜਿਸ ਨਾਲ ਕਈ ਵਾਰੀ ਸਮੁੰਦਰੀ ਜੀਵ ਭਾਵ ਮੱਛੀਆਂ ਮਾਰੀਆ ਵੀ ਗਈਆਂ ਹਨ,ਪਰ ਚੁੱਪ ਫੇਰ ਵੀ ਕਿਉਂ..?

ਪਰ ਇਹ ਮਹਾਨ ਲੋਕ ਨੇ , ਨਾ ਇਹ ਪਾਣੀਆਂ ਨੂੰ ਜ਼ਹਿਰੀਲਾ ਕਰਦੇ ਹਨ,ਨਾ ਇਹਨਾਂ ਦਾ ਹਰ ਰੋਜ਼ ਨਿਕਲਣ ਵਾਲਾ ਧੂਆਂ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ, ਪਤਾ ਹੈ ਕਿਉਂ ਨਹੀਂ ਕਰਦਾ ਕਿਉਂਕਿ ਇਹ ਲੋਕ ਬਿਜ਼ਨਸ ਮੈਂਨ ਲੋਕਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ,ਪੰਜਾਬ ਦੀ ਤੱਰਕੀ ਵਿੱਚ ਹਿੱਸਾ ਪਾਉਂਦੇ ਹਨ,ਸਿਆਸੀ ਲੋਕਾਂ ਦਾ ਹੱਥ ਸਿਰ ਉੱਤੇ ਹਰ ਪਲ ਰਹਿੰਦਾ ਹੈ, ਬਹੁਤੇ ਕਾਰਖ਼ਾਨੇ ਤੇ ਫੈਕਟਰੀਆਂ ਵੀ ਸਿਆਸੀ ਲੀਡਰਾਂ ਦੀ ਹੁੰਦੀਆਂ ਹਨ,ਇਸ ਲਈ ਇਹ ਨਾ ਪਾਣੀਆਂ ਨੂੰ ਗੰਧਲਾ ਕਰਦੇ ਹਨ ਤੇ ਨਾ ਹਵਾ ਵਿੱਚ ਪ੍ਰਦੂਸ਼ਣ ਫੈਲਾਉਂਦੇ ਹਨ,ਇਹ ਤੇ ਕਾਪਰੇਟ ਘਰਾਣਿਆਂ ਵਿੱਚ ਆਉਂਦੇ ਹਨ,ਜਿਨ੍ਹਾਂ ਦੇ ਸਾਰੇ ਗੁਨਾਹ ਵੀ ਮੁਆਫ਼ ਹਨ ਤੇ ਕਾਨੂੰਨ ਵੀ ਇਹਨਾਂ ਦੀ ਤਰਫਦਾਰੀ ਕਰਨ ਲਈ ਹਾਜ਼ਰ ਹੈ।

ਪਰ ਪਾਣੀਆਂ ਤੇ ਹਵਾ ਨੂੰ ਦੂਸ਼ਿਤ ਕਰਨ ਵਾਲਾ ਤੇ ਕਿਸਾਨ ਹੀ ਹੈ, ਜਿਸ ਦੀਆਂ ਫ਼ਸਲਾਂ ਵਾਲਾ ਧੂਆਂ ਸਭ ਨੂੰ ਕੌੜਾ ਲੱਗਦਾ ਹੈ ,ਪਰ ਕਾਰਖਾਨਿਆਂ ,ਮਿੱਲਾਂ,ਫੈਕਟਰੀਆਂ ਦਾ ਧੂੰਆਂ ਮਿੱਠਾ ਤੇ ਅੰਮ੍ਰਿਤ ਲੱਗਦਾ ਹੈ, ਆਖਰ ਕਿਉਂ ਪੰਜਾਬ ਤੇ ਪੰਜਾਬ ਦੇ ਲੋਕਾਂ ਲਈ ਨਫ਼ਰਤ ਚੁੱਕੀ ਫ਼ਿਰਦੇ ਹੋ,ਕਿਉਂ ਪੰਜਾਬੀ ਦਿਲਾਂ ਦੇ ਰਾਜੇ ਹੋਕੇ ਵੀ ਕੇਂਦਰ ਸਰਕਾਰ ਦੇ ਦਿਲੀ ਥਾਂ ਨਾ ਬਣਾ ਪਾਏ, ਕਿਉਂ ਪੰਜਾਬ ਦੇ ਹੀ ਹਿੱਸੇ ਦੁੱਖਾਂ ਦੇ ਦਰਿਆ ਆਏ,ਕਿਉਂ ਪੰਜਾਬ ਨੂੰ ਉਜਾੜਨ ਦੀ ਤਿਆਰੀ ਵਾਰ ਵਾਰ ਕੀਤੀ ਜਾਂਦੀ ਹੈ, ਸਵਾਲ ਤੇ ਬਹੁਤ ਨੇ ਪਰ ਜ਼ਵਾਬ ਕੋਈ ਨਹੀਂ ਦੇਣ ਵਾਲਾ,ਕਿਉਂਕਿ ਕਿ ਜ਼ਵਾਬ ਉਹ ਹੀ ਦੇਂਣਗੇ ਜੋ ਵਫ਼ਾਦਾਰ ਹੋਂਣਗੇ,ਪਰ ਜਦੋਂ ਨਹਾਉਣ ਲੱਗੇ ਤਾਂ ਵੇਖਿਆ ਕੀ ਹਮਾਮ ਵਿੱਚ ਸਾਰੇ ਦੇ ਸਾਰੇ ਹੀ ਨੰਗੇ ਸੀ ,ਜ਼ਵਾਬ ਕੌਣ ਦਿੰਦਾ।ਕੀ ਮੈਂ ਕੱਪੜੇ ਪਾਏ ਹੋਏ ਨੇ।

ਅਖ਼ੀਰ ਵਿੱਚ ਇਹੋ ਕਹਾਂਗਾ ਕੀ ਗੱਲ ਜੇ ਪਰਾਲ਼ੀ ਫੂਕਣ ਦੀ ਹੈ ਉਹ ਤੇ ਸਾਲ ਵਿੱਚ ਨੂੰ ਇੱਕ ਵਾਰ ਫੂਕੀ ਜਾਂਦੀ ਹੈ ਉਸ ਤੇ ਪੰਜਾਬ ਦਾ ਕਿਸਾਨ ਦੋਸ਼ੀ ਠਹਿਰਾਇਆ ਜਾਂਦਾ ਹੈ, ਪਰ ਜੋ ਫੈਕਟਰੀਆਂ ਤੇ ਮਿੱਲਾਂ ਮਹੀਨੇ ਦੇ 30 ਦਿਨ ਤੇ ਸਾਲ ਦੇ 12 ਮਹੀਨੇ ਚੱਲਦੇ ਹਨ,ਕਿ ਸਰਕਾਰ ਉਹਨਾਂ ਪ੍ਰਤੀ ਜਾਗਰੂਕ ਹੋਵੇਂਗੀ ਜਾਂ ਆਪਣੀ ਬਣਦੀ ਹੋਈ ਡਿਊਟੀ ਤੇ ਭੂਮਿਕਾ ਨਿਭਾਵੇਗੀ ਜਾਂ ਵੋਟਾਂ ਲਈ ਫੰਡਾਂ ਦੇ ਰੂਪ ਵਿੱਚ ਸਿਰਫ਼ ਤੇ ਸਿਰਫ਼ ਪੈਸਾ ਇਕੱਠਾ ਕਰਕੇ ਕਿਸਾਨ ਨੂੰ ਹੀ ਦੋਸ਼ੀ ਠਹਿਰਾਇਆ ਜਾਵੇਂਗਾ, ਕੀ ਸਰਕਾਰ ਫੈਕਟਰੀਆਂ, ਕਾਰਖਾਨਿਆਂ, ਮਿੱਲਾਂ ,ਭੱਠੀਆਂ ,ਵਾਲਿਆਂ ਉੱਤੇ ਕੋਈ ਕਾਰਵਾਈ ਕਰੇਂਗੀ ਜਾਂ ਸਭ ਕੁੱਝ ਅੰਦਰ ਖ਼ਾਤੇ ਚੱਲਦਾ ਹੀ ਰਹੇਗਾ,ਤੇ ਦੋਸ਼ੀ ਤੇ ਗੁਨਾਹਗਾਰ ਪੰਜਾਬ ਤੇ ਪੰਜਾਬ ਦਾ ਕਿਸਾਨ ਹੀ ਪਾਇਆ ਜਾਵੇਂਗਾ,ਵਿਚਾਰ ਤੁਹਾਡੇ ਆਪਣੇ ਆਪਣੇ ।

**ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ** 98550 36444

# ਵਿਦੇਸ਼ੀ ਪੰਜਾਬੀ ਅਖ਼ਬਾਰਾਂ ਪੰਜਾਬੀ ਸਾਹਿਤ ਦੀ ਸੇਵਾ ਵਿੱਚ ਮੋਹਰੀ

1970 ਦਹਾਕੇ ਵਿਚ ਪੰਜਾਬੀ ਪੱਤਰਕਾਰੀ ਵਿੱਚ ਇੱਕ ਬਹੁਤ ਵੱਡਾ ਮੋੜ ਆਇਆ ਸੀ। ਉਸ ਸਮੇਂ ਤਕ ਜੋ ਪੰਜਾਬੀ ਦੀਆਂ ਅਖ਼ਬਾਰਾਂ ਸਨ, ਉਨ੍ਹਾਂ ਦਾ ਕੰਮ ਖ਼ਬਰਾਂ ਤੇ ਸੰਪਾਦਕੀ ਤਕ ਸੀਮਿਤ ਸੀ, ਪਾਠਕਾਂ ਦੀ ਆਵਾਜ਼ ਲਈ ਕੋਈ ਖਾਸ ਕਾਲਮ ਨਹੀਂ ਸੀ ਸੰਪਾਦਕੀ ਅਦਾਰੇ ਵਲੋਂ ਜੋ ਪਰੋਸਿਆ ਜਾਂਦਾ ਸੀ, ਪਾਠਕਾਂ ਨੂੰ ਉਹੋ ਹੀ ਹਜ਼ਮ ਕਰਨਾ ਪੈਂਦਾ ਸੀ।ਐਤਵਾਰ ਛੁੱਟੀ ਵਾਲੇ ਦਿਨ ਸਾਹਿਤ ਨੂੰ ਥੋੜ੍ਹੀ ਬਹੁਤ ਥਾਂ ਦਿੱਤੀ ਜਾਂਦੀ ਸੀ,ਸਾਹਿਤ ਵਿਚ ਵਿਅੰਗ ਨੂੰ ਜ਼ਿਆਦਾ ਮੁੱਖ ਰੱਖਿਆ ਜਾਂਦਾ ਸੀ, ਸਾਹਿਤ ਨਾਲ ਸਬੰਧਤ ਲੇਖ, ਕਹਾਣੀਆਂ, ਕਵਿਤਾਵਾਂ ਆਦਿ ਨੂੰ ਵੀ ਥਾਂ ਦਿੱਤੀ ਜਾਂਦੀ ਸੀ ਕੁੱਲ ਮਿਲਾ ਕੇ ਸਾਹਿਤ ਲਈ ਦੋ ਸਫੇ ਸੀਮਤ ਸਨ।ਲੇਖਕ ਵੀ ਅਖ਼ਬਾਰਾਂ ਨੇ ਆਪਣੇ ਰਾਖਵੇਂ ਹੀ ਰੱਖੇ ਹੋਏ ਸਨ, ਨਵੇਂ ਲੇਖਕਾਂ ਨੂੰ ਬਹੁਤਾ ਹੁਲਾਰਾ ਨਹੀਂ ਦਿੱਤਾ ਜਾਂਦਾ ਸੀ। ਸਾਹਿਤ ਲਈ ਉਸ ਸਮੇਂ ਮਹੀਨਾਵਾਰ ਰਸਾਲੇ(ਮੈਗਜੀਨ) ਹਫਤਾਵਾਰੀ ਤੇ ਪੰਦਰਵਾੜੇ ਦੇ ਅਖ਼ਬਾਰ ਨਿਕਲਦੇ ਸਨ। ਜਿਨ੍ਹਾਂ ਵਿੱਚ ਪ੍ਰੀਤ ਲੜੀ,ਨਾਗਮਣੀ,ਆਰਸੀ ਤੇ ਕੌਮੀ ਏਕਤਾ ਮੁੱਖ ਸਨ, ਜੋ ਪੰਜਾਬੀ ਸਾਹਿਤ ਨਾਲ ਭਰਪੂਰ ਹੁੰਦੇ ਸਨ।ਸਥਾਪਤ ਲੇਖਕਾਂ ਦੇ ਨਾਲ ਨਵੀਆਂ ਕਲਮਾਂ ਨੂੰ ਵੀ ਖੁੱਲ੍ਹੀ ਥਾਂ ਦਿੱਤੀ ਜਾਂਦੀ ਸੀ।ਜਿਸ ਵਿੱਚੋਂ ਅਨੇਕਾਂ ਨਵੇਂ ਲੇਖਕ ਪੈਦਾ ਹੋਏ,ਉਸ ਸਮੇਂ ਤਕ ਅਖਬਾਰਾਂ ਦੀ ਪਹੁੰਚ ਸ਼ਹਿਰਾਂ ਤੱਕ ਸੀਮਤ ਸੀ, ਜਿਨ੍ਹਾਂ ਵਿੱਚ ਨੌਕਰੀਸ਼ੁਦਾ ਪਾਠਕ ਜ਼ਿਆਦਾ ਹੁੰਦੇ ਸਨ।ਨੌਜਵਾਨ ਪੀੜ੍ਹੀ ਵਿੱਚ ਅਖ਼ਬਾਰਾਂ ਦੀ ਬਹੁਤੀ ਪੁੱਛਗਿੱਛ ਨਹੀਂ ਸੀ,ਹਾਂ ਕਾਲਜਾਂ ਸਕੂਲਾਂ ਤੇ ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ ਵਿੱਚ ਅਖ਼ਬਾਰ ਪੜ੍ਹੇ ਜਾਂਦੇ ਸਨ। ਨੌਜਵਾਨ ਪੀੜ੍ਹੀ ਜਿਨ੍ਹਾਂ ਵਿਚ ਮੁੱਖ ਵਿਦਿਆਰਥੀ ਹੁੰਦੇ ਸਨ, ਆਪਣੀ ਆਪਣੀ ਪਸੰਦ ਦੇ ਰਸਾਲੇ ਖਰੀਦ ਕੇ ਆਮ ਪੜ੍ਹਦੇ ਸਨ। ਕੁੱਲ ਮਿਲਾ ਕੇ ਇਹ ਕਹਿ ਸਕਦੇ ਹਾਂ ਅਖ਼ਬਾਰਾਂ ਨਾਲੋਂ ਰਸਾਲਿਆਂ ਦੀ ਵਿੱਕਰੀ ਜ਼ਿਆਦਾ ਹੁੰਦੀ ਸੀ, ਤੇ ਪਸੰਦ ਵੀ ਪਾਠਕ ਦਿਲੋਂ ਪਿਆਰ ਕਰਦੇ ਸਨ, ਕਿਸ ਦਿਨ ਬਾਜ਼ਾਰ ਵਿਚ ਆਵੇਗਾ ਦੁਕਾਨਾਂ ਤੇ ਜਾਕੇ ਪੁੱਛਦੇ ਸਨ।

ਅਖ਼ਬਾਰਾਂ ਨੂੰ ਚਲਾਉਣ ਲਈ ਇਸ਼ਤਿਹਾਰਾਂ ਦੀ ਬਹੁਤ ਜ਼ਰੂਰਤ ਹੁੰਦੀ ਹੈ ਸਰਕਾਰ ਨੇ ਕੁਝ ਖਾਸ ਇਸ਼ਤਿਹਾਰ ਦੇਣ ਲਈ ਦੋ ਭਾਸ਼ਾਵਾਂ ਦੇ ਅਖਬਾਰਾਂ ਵਿਚ ਇਸ਼ਤਿਹਾਰ ਦੇਣਾ ਲਾਜ਼ਮੀ ਹੋ ਗਿਆ। ਇੱਕ ਆਪਣੇ ਰਾਜ ਦੀ ਭਾਸ਼ਾ ਤੇ ਦੂਸਰੀ ਕੇਂਦਰੀ ਸਰਕਾਰੀ ਭਾਸ਼ਾ ? ਜਿਸ ਵਿੱਚ ਹਿੰਦੀ ਤੇ ਅੰਗਰੇਜ਼ੀ ਆਉਂਦੀ ਸੀ, ਇਸ ਜ਼ਰੂਰਤ ਕਰਕੇ ਅੰਗਰੇਜ਼ੀ ਤੇ ਹਿੰਦੀ ਅਖ਼ਬਾਰਾਂ ਨੂੰ ਪੰਜਾਬੀ ਭਾਸ਼ਾ ਦੇ ਅਖ਼ਬਾਰ ਕੱਢਣਾ ਲਾਜ਼ਮੀ ਹੋ ਗਿਆ ਤੇ ਪੰਜਾਬੀ ਅਖ਼ਬਾਰਾਂ ਨੂੰ ਹਿੰਦੀ ਜਾਂ ਅੰਗਰੇਜ਼ੀ ਭਾਸ਼ਾ ਦਾ ਅਖ਼ਬਾਰ ਚਾਲੂ ਕਰਨਾ ਅਖ਼ਬਾਰਾਂ ਦੀ ਗਿਣਤੀ ਵਧੀ। ਰਸਾਲਿਆਂ ਦੀ ਵਿੱਕਰੀ ਦੇ ਆਧਾਰ ਤੇ ਅਖ਼ਬਾਰਾਂ ਨੇ ਪੰਜਾਬੀ ਸਾਹਿਤ ਨੂੰ ਪਹਿਲ ਦੇਣੀ ਚਾਲੂ ਕੀਤੀ, ਤਾਂ ਜੋ ਹਰ ਕੋਈ ਪੀੜ੍ਹੀ ਅਖਬਾਰਾਂ ਨਾਲ ਜੁੜ ਸਕੇ। ਸੰਪਾਦਕੀ ਪੰਨੇ ਤੇ ਖ਼ਾਸ ਲੇਖ ਤੇ ਸੰਪਾਦਕ ਦੀ ਡਾਕ ਨੂੰ ਖੁੱਲ੍ਹੀ ਥਾਂ ਦਿੱਤੀ ਜਾਣ ਲੱਗੀ।ਐਤਵਾਰ ਨੂੰ ਸਾਹਿਤਕ ਰੰਗ ਨਾਲ ਭਰਪੂਰ ਚਾਰ ਪੰਨੇ ਹਰ ਕੋਈ ਅਖਬਾਰ ਨੇ ਚਾਲੂ ਕਰ ਦਿੱਤੇ ਬਾਕੀ ਦਿਨਾਂ ਵਿੱਚ ਇੱਕ ਪੰਨਾ ਸਾਹਿਤ ਜਾਂ ਸਮਾਜਿਕ ਸਰੋਕਾਰਾਂ ਨਾਲ ਸਬੰਧਿਤ ਹੁੰਦਾ ਸੀ। ਜੋ ਉਸ ਸਮੇਂ ਤੋਂ ਚਾਲੂ ਹੋਇਆ ਤੇ ਹੁਣ ਤੱਕ ਚੱਲ ਰਿਹਾ ਹੈ।ਸਾਹਿਤ ਤੇ ਸਮਾਜਕ ਸਮਗਰੀ ਛਾਪਣ ਨਾਲ ਅਖਬਾਰਾਂ ਦੀ ਛਪਣ ਗਿਣਤੀ ਧੜਾ ਧੜ ਵਧ ਗਈ,ਸ਼ਹਿਰਾਂ ਤੋਂ ਪਿੰਡਾਂ ਵੱਲ ਅਖ਼ਬਾਰਾਂ ਨੇ ਆਪਣਾ ਮੁੱਖ ਕਰ ਲਿਆ ਹਰ ਅਖ਼ਬਾਰ ਦੇ ਆਪਣੇ ਆਪਣੇ ਪੱਧਰ ਦੇ ਝੰਡੇ ਗੱਡ ਲਏ। ਜਿਸ ਨਾਲ ਰਸਾਲਾ ਵਰਗ ਖ਼ਾਤਮੇ ਵੱਲ ਵਧਣਾ ਚਾਲੂ ਹੋ ਗਿਆ।ਅੱਜ ਹਰ ਅਖ਼ਬਾਰ ਪਾਠਕਾਂ ਲਈ ਇੱਕ ਕਿਤਾਬ ਹੈ, ਰਸਾਲਿਆਂ ਦੇ ਨਾਲ ਕਿਤਾਬਾਂ ਦੀ ਮੰਗ ਵੀ ਘਟ ਗਈ ਹੈ। ਹੁਣ ਕੁਝ ਰਸਾਲੇ ਧੱਕੇ ਨਾਲ ਹੀ ਚੱਲ ਰਹੇ ਹਨ, ਕਿਤਾਬਾਂ ਦੀ ਮੰਗ ਨਹੀਂ ਪਰ ਇੱਕ ਰਿਵਾਜ ਜਾਂ ਵਿਖਾਵਾ ਕਰਕੇ ਕਿਤਾਬਾਂ ਹੁਣ ਆਪਣੇ ਆਪ ਨੂੰ ਲੇਖਕ ਵਿਖਾਉਣ ਲਈ ਸੀਮਿਤ ਗਿਣਤੀ ਵਿੱਚ ਛਪ ਰਹੀਆ ਹਨ। ਜਿਸ ਲੇਖਕ ਦੀ ਜੇਬ ਭਾਰੀ ਹੈ ਉਹ ਕਿਤਾਬ ਛਪਵਾਉਂਦਾ ਹੈ,ਉਸ ਤੋਂ ਬਾਅਦ ਪਾਠਕਾਂ ਵਿੱਚ ਧੱਕੇ ਨਾਲ ਵੰਡਣੀਆਂ ਪੈਂਦੀਆਂ ਹਨ ਜਾਂ ਕੁਝ ਖ਼ਾਸ ਮੇਲਿਆਂ ਤੇ ਕਿਤਾਬਾਂ ਦੀ ਵਿਕਰੀ ਜ਼ਰੂਰ ਹੋ ਜਾਂਦੀ ਹੈ।ਪਰ ਪਾਠਕਾਂ ਦੀ ਮੰਗ ਬਹੁਤ ਥੋੜ੍ਹੀ ਹੈ ਰਸਾਲੇ ਦੇ ਲੇਖਕ ਅਖਵਾਰਾਂ ਵੱਲ ਖਿੱਚੇ ਆ ਗਏ। ਕਿਉਂਕਿ ਅਖ਼ਬਾਰਾਂ ਵੱਲੋਂ ਸੇਵਾਫਲ ਵੀ ਦਿੱਤਾ ਜਾਂਦਾ ਹੈ ਰਚਨਾਵਾਂ ਸਬੰਧੀ ਚਿੱਠੀਆਂ ਛਪ ਦੀਆਂ ਹਨ, ਤੇ ਲੇਖਕਾਂ ਦਾ ਪੱਧਰ ਵੀ ਪਤਾ ਲੱਗ ਜਾਂਦਾ ਹੈ। ਲੇਖਾਂ ਉੱਤੇ ਸਾਰਥਕ ਰੂਪ ਵਿਚ ਪ੍ਰਤੀਕਰਮ ਲੱਗਣਾ ਪੰਜਾਬੀ ਸਾਹਿਤ ਨੂੰ ਨਵਾਂ ਰੰਗ ਦੇ ਗਿਆ, ਅਖ਼ਬਾਰ ਅਦਾਰਾ ਪਾਠਕਾਂ ਦੇ ਨਾਲ ਲੇਖਕਾਂ ਨੂੰ ਵੀ ਬਹੁਤ ਇੱਜ਼ਤ ਮਾਣ ਦਿੰਦੇ ਸਨ ਪਾਠਕ ਸਾਰਥਿਕ ਸਲਾਹਾਂ ਨਾਲ ਕੋਈ ਚਿੱਠੀ ਲਿਖਦਾ ਤਾਂ ਘਰ ਨੂੰ ਚਿੱਠੀ ਦਾ ਜਵਾਬ ਡਾਕ ਰਾਹੀਂ ਦਿੱਤਾ ਜਾਂਦਾ ਸੀ ਤੇ ਚਿੱਠੀ ਅਖ਼ਬਾਰ ਵਿੱਚ ਛਪਦੀ ਸੀ। ਲੇਖਕ ਦੀ ਜੋ ਰਚਨਾ ਛਪਣੀ ਹੁੰਦੀ ਸੀ ਡਾਕ ਰਾਹੀਂ ਉਸ ਨੂੰ ਸੁਨੇਹਾ ਭੇਜ ਦਿੱਤਾ ਜਾਂਦਾ ਸੀ ਕਮਾਲ ਇਹ ਵੀ ਜੋ ਰਚਨਾ ਛਾਪਣੀ ਨਹੀ ਹੁੰਦੀ ਸੀ ਆਪਣੇ ਸੁਝਾਵਾਂ ਸਹਿਤ ਸੰਪਾਦਕ ਸਾਹਿਬ ਡਾਕ ਰਾਹੀਂ ਘਰ ਨੂੰ ਰਚਨਾਵਾਂ ਵਾਪਿਸ ਭੇਜ ਦਿੰਦੇ ਸਨ। ਕੁੱਲ ਮਿਲਾ ਕੇ ਪਾਠਕ ਸੰਪਾਦਕੀ ਅਦਾਰਾ ਤੇ ਲੇਖਕਾਂ ਵਿੱਚ ਬਹੁਤ ਵਧੀਆ ਮੇਲ ਜੋਲ ਸੀ। ਚਿੱਠੀਆਂ ਲਿਖਣ ਵਾਲੇ ਅਨੇਕਾਂ ਪਾਠਕ ਲੇਖਕ ਬਣ ਗਏ ਇੱਕ ਮੈਂ ਵੀ ਹਾਂ ਸੰਪਾਦਕ ਸਾਹਿਬ ਨੇ ਮੈਨੂੰ ਦਫ਼ਤਰ ਬੁਲਾ ਕੇ ਕਿਹਾ ਕਿ ਤੁਸੀਂ ਚਿੱਠੀਆਂ ਬਹੁਤ ਸੋਹਣੀਆਂ ਲਿਖਦੇ ਹੋ ਜੋ ਰਚਨਾਵਾਂ ਸੰਬੰਧੀ ਸਾਰਥਕ ਆਲੋਚਨਾ ਹੁੰਦੀ ਹੈ ਤੁਸੀਂ ਪੂਰਾ ਲੇਖ ਹੀ ਲਿਖ ਕੇ ਭੇਜਿਆ ਕਰੋ, ਚਿੱਠੀ ਛਾਪਣੀ ਮੁਸ਼ਕਲ ਹੈ।ਡਾਕਟਰ ਪ੍ਰੋਫੈਸਰ ਨਾਮ ਲੇਖਕਾਂ ਦੀਆਂ ਰਚਨਾਵਾਂ ਤੇ ਪ੍ਰਤੀਕਰਮ ਬਹੁਤ ਜ਼ਿਆਦਾ ਲੱਗਣ ਲੱਗੇ।ਜੋ ਉਨ੍ਹਾਂ ਨੂੰ ਚੁਬਣ ਲੱਗੇ ਸੰਪਾਦਕੀ ਅਦਾਰੇ ਤਕ ਉਨ੍ਹਾਂ ਦੀ ਪਹੁੰਚ ਸੀ,ਜਿਹੜੇ ਅਖ਼ਬਾਰਾਂ ਵਿੱਚ ਪ੍ਰਤੀਕਰਮ ਲੇਖ ਜਾਂ ਚਿੱਠੀ ਲਗਦੀ ਸੀ, ਉਹ ਸਾਰਾ ਕੁਝ ਬੰਦ ਕਰਵਾ ਦਿੱਤਾ ? ਪੰਜਾਬ ਵਿੱਚ ਜਿੰਨੀਆਂ ਵੀ ਪੰਜਾਬੀ ਅਖ਼ਬਾਰਾਂ ਹਨ, ਕਿਸੇ ਰਚਨਾ ਦੀ ਸਾਰਥਕ ਆਲੋਚਨਾ ਕਰਨਾ ਵੀ ਬੰਦ ਕਰ ਦਿੱਤਾ ਗਿਆ ਹੈ ! ਜਲੰਧਰ ਦੇ ਇਕ ਰੋਜ਼ਾਨਾ ਅਖਬਾਰ ਦੇ ਸੰਪਾਦਕ ਸਾਹਿਬ ਮੈਨੂੰ ਫੋਨ ਕਰਕੇ ਖਾਸ ਤੌਰ ਤੇ ਕਿਹਾ ਤੂੰ ਜੋ ਚਿੱਠੀ ਵਿਚ ਸ਼ਬਦ ਲਿਖੇ ਹਨ ਮੈਨੂੰ ਚੰਗੇ ਨਹੀਂ ਲੱਗਦੇ ਚਿੱਠੀ ਛਾਪਣੀ ਦੂਰ ਦੀ ਗੱਲ ਮੇਰੀਆਂ ਰਚਨਾਵਾਂ ਵੀ ਛਾਪਣੀਆਂ ਬੰਦ ਕਰ ਦਿੱਤੀਆਂ ਸਦਕੇ ਜਾਈਏ ਇਹੋ ਜਿਹੇ ਉੱਚ ਅਧਿਕਾਰੀਆਂ ਦੇ ਮੇਰਾ ਕਿੱਲੇ ਤੋਂ ਰੱਸਾ ਖੋਲ ਕੇ ਬਾਹਰ ! ਮਾਰਚ ਮਹੀਨੇ ਕਰੋਨਾ ਮਹਾਮਾਰੀ ਆ ਗਈ ਭਾਰਤ ਵਿੱਚ ਲਾਕਡਾਊਨ ਲਗਾ ਦਿੱਤਾ,ਲੋਕਾਂ ਤੇ ਮਹਾਂਮਾਰੀ ਦਾ ਜੋ ਅਸਰ ਹੋਇਆ ਸਭ ਜਾਣਦੇ ਹਾਂ ! ਪਰ ਪੰਜਾਬੀ ਅਖਬਾਰਾਂ ਕਰੋਨਾ ਦੀ ਲਪੇਟ ਵਿੱਚ ਬੁਰੀ ਤਰ੍ਹਾਂ ਆ ਗਈਆਂ ਲਾਗ ਦੀ ਬਿਮਾਰੀ ਹੋਣ ਕਾਰਨ ਅਖ਼ਬਾਰਾਂ ਦੀ ਵਿਕਰੀ ਥੋੜ੍ਹੀ ਘਟ ਗਈ ! ਅਖ਼ਬਾਰਾਂ ਦੇ ਸਾਹਿਤਕ ਪੰਨਿਆਂ ਤੇ ਕੋਰੋਨਾ ਦਾ ਕੁਝ ਜ਼ਿਆਦਾ ਹੀ ਅਸਰ ਹੋ ਗਿਆ, ਥਾਂ ਘੱਟ ਕਰ ਦਿੱਤੀ ਗਈ ਤੇ ਲੇਖਕ ਪੱਕੇ ਰੂਪ ਵਿਚ ਸਥਾਪਤ ਕਰ ਦਿੱਤੇ ਸ਼ਾਇਦ ਉਨ੍ਹਾਂ ਨੂੰ ਕਿਸੇ ਖਾਸ ਬਿਲਡਿੰਗਾਂ ਵਿਚ ਬੰਦ ਰੱਖਿਆ ਗਿਆ ਹੈ,ਰਚਨਾਵਾਂ ਕਰੋਨਾ ਲੈ ਕੇ ਨਾ ਆ ਜਾਣ ਹਰ ਅਖਬਾਰ ਨੇ ਰਾਖਵੇਂ ਲੇਖਕ ਹੀ ਛਪ ਰਹੇ ਹਨ !ਆਮ ਮੇਰੇ ਜਿਹੇ ਬਾਹਰ ਕਰ ਦਿੱਤੇ ਗਏ ਨਵੀਆਂ ਕਲਮਾਂ ਲਈ ਕੋਈ ਥਾਂ ਹੀ ਨਹੀਂ ਹੈ, ਪੰਜਾਬ ਦੇ ਪੰਜਾਬੀ ਅਖ਼ਬਾਰਾਂ ਦੇ ਅਦਾਰਿਆਂ ਨੂੰ ਸਾਇਦ ਜਾਣਕਾਰੀ ਨਹੀਂ ਕਿ ਸਾਡੇ ਪਾਠਕ ਸਿਰਫ ਖ਼ਬਰਾਂ ਤੱਕ ਸੀਮਿਤ ਨਹੀਂ, ਸਤਰੰਗੀ ਅਖ਼ਬਾਰਾਂ ਜੋ ਸਾਹਿਤ ਨਾਲ ਪੂਰਨ ਰੂਪ ਵਿਚ ਰੰਗੀਆਂ ਹੁੰਦੀਆਂ ਸਨ ਉਨ੍ਹਾਂ ਦੀ ਜ਼ਰੂਰਤ ਹੈ !ਅਖ਼ਬਾਰਾਂ ਦੀ ਮੰਗ ਘਟੀ ਨਹੀਂ ਅਖ਼ਬਾਰੀ ਅਦਾਰਿਆ ਦੀ ਗਲਤੀ ਕਾਰਨ ਘਟੀ ਹੈ ਛਪਣ ਗਿਣਤੀ ਕਾਰਨ ਆਮਦਨ ਘਟੀ ਹੈ ਸਪਲੀਮੈਂਟ ਧੜਾ ਧੜ ਛਾਪੇ ਜਾ ਰਹੇ ਹਨ ਪਰ ਪਾਠਕਾਂ ਦਾ ਇਸ ਨਾਲ ਕੋਈ ਸਰੋਕਾਰ ਨਹੀਂ ਚਾਰ ਦਹਾਕਿਆਂ ਤੋਂ ਅਖ਼ਬਾਰਾ ਜੋ ਇਕ ਕਿਤਾਬ ਦਾ ਰੂਪ ਧਾਰ ਚੁੱਕੀਆਂ ਸਨ ਉਹ ਨਹੀਂ ਮਿਲਣਗੀਆਂ ਤਾਂ ਪਾਠਕ ਨਹੀਂ ਮਿਲੇਗਾ ?

ਕਰੋਨਾ ਮਹਾਂਮਾਰੀ ਕਾਰਨ ਅਖਵਾਰ ਜ਼ਿਆਦਾ ਆਨਲਾਈਨ ਹੋ ਗਏ ਹਨ। ਦਹਾਕਿਆਂ ਤੋਂ ਜੋ ਪਾਠਕ ਸਿਰਫ਼ ਪੰਜਾਬ ਤੇ ਪੰਜਾਬੀ ਅਖ਼ਬਾਰਾਂ ਤੱਕ ਸੀਮਿਤ ਸਨ,ਉਨ੍ਹਾਂ ਨੂੰ ਆਨਲਾਇਨ ਜਾ ਕੇ ਪਤਾ ਲੱਗਿਆ ਕਿ ਵਿਦੇਸ਼ਾਂ ਵਿਚ ਰੋਜ਼ਾਨਾ ਤੇ ਹਫ਼ਤਾਵਾਰੀ ਅਨੇਕਾਂ ਪੰਜਾਬੀ ਅਖ਼ਬਾਰ ਛਪਦੇ ਹਨ। ਉਨ੍ਹਾਂ ਨੇ ਪੰਜਾਬ ਵਿੱਚ ਛਪਣ ਵਾਲੇ ਪੰਜਾਬੀ ਅਖ਼ਬਾਰਾਂ ਦੇ ਸੰਪਾਦਕ ਜਾਂ ਅਦਾਰਿਆਂ ਨਾਲ ਸਾਹਿਤ ਮਾਫ਼ੀਆ ਨੇ ਮਿਲ ਕੇ ਜੋ ਲੇਖਕਾਂ ਨੂੰ ਛਾਪਣਾ ਬੰਦ ਕਰਵਾ ਦਿੱਤਾ ਸੀ।ਸਾਰੀ ਦੁਨੀਆਂ ਜਾਣਦੀ ਹੈ ਸਾਡੇ ਐੱਨ ਆਰ ਆਈ ਭੈਣ ਭਰਾ ਦੁਖ ਸੁਖ ਦੀ ਘੜੀ ਅੱਗੇ ਹੋ ਕੇ ਖੜ੍ਹਦੇ ਹਨ। ਪਹਿਲਾਂ ਉਨ੍ਹਾਂ ਦੀ ਸੇਵਾ ਧਾਰਮਕ ਸਥਾਨਾਂ ਤੱਕ ਸੀਮਤ ਸੀ ਹੁਣ ਹਸਪਤਾਲ ਅਤੇ ਸਕੂਲ ਨਵੇਂ ਰੂਪ ਵਿੱਚ ਸਥਾਪਤ ਕਰਨ ਲਈ ਮਨ ਅਤੇ ਧਨ ਨਾਲ ਆਪਣੇ ਘਰ ਪੰਜਾਬ ਵਿਚ ਆ ਖੜ੍ਹਦੇ ਹਨ। ਇਸੇ ਤਰ੍ਹਾਂ ਸਾਡੇ ਵਿਦੇਸ਼ੀ ਅਖ਼ਬਾਰਾਂ ਨੇ ਪਛਾੜੇ ਹੋਏ ਲੇਖਕਾਂ ਤੇ ਨਵੇਂ ਲੇਖਕਾਂ ਦਾ ਅੱਗੇ ਹੋ ਕੇ ਹੱਥ ਫੜਿਆ, ਹਰ ਅਖ਼ਬਾਰ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਨ ਲਈ ਹਰ ਸਮੇਂ ਤੱਤਪਰ ਹੈ। ਮੁੱਖ ਰੋਜ਼ਾਨਾ ਅਖ਼ਬਾਰ ਡੇਲੀ ਹਮਦਰਦ,ਸਾਂਝੀ ਸੋਚ,ਪੰਜਾਬ ਟਾਇਮ ਡਰਬੀ,ਪੰਜਾਬੀ ਪੋਸਟ ਹਫ਼ਤਾਵਾਰੀ ਸਾਡੇ ਲੋਕ ਪ੍ਰੀਤਨਾਮਾ, ਪੰਜਾਬ ਮੇਲ ਯੂ ਐਸ ਏ, ਪੰਜਾਬੀ ਟ੍ਰਿਬਿਊਨ ਇੰਟਰਨੈਸ਼ਨਲ, ਖ਼ਬਰਨਾਮਾ, ਹਮਦਰਦ,ਨੈਸਨਲ,ਪਰਦੇਸ ਟਾਇਮਸ ਸਾਰੇ ਚੰਗੇ ਲੇਖਕਾ ਨੂੰ ਪਹਿਲ ਦਿੰਦੇ ਹਨ।ਇੱਥੇ ਸਾਡੇ ਬੁੱਧੀਜੀਵੀ ਸਾਹਿਤ ਸਭਾਵਾਂ ਨਾਅਰੇ ਲਗਾਉਂਦੀਆਂ ਹਨ ਕੇ ਪੰਜਾਬੀ ਬੋਲੀ ਖਤਰੇ ਵਿੱਚ ਹੈ,ਪਰ ਦੇਖੋ ਵਿਦੇਸ਼ੀ ਭੈਣ ਭਰਾ ਆਰਥਕ ਰੂਪ ਵਿੱਚ ਸਾਡੇ ਦੇਸ਼ ਨੂੰ ਮਜ਼ਬੂਤ ਕਰ ਰਹੇ ਹਨ। ਪੰਜਾਬੀ ਮਾਂ ਬੋਲੀਦੀ ਸੇਵਾ ਦੇ ਝੰਡੇ ਉਨ੍ਹਾਂ ਨੇ ਜੋ ਹਰ ਰੂਪ ਵਿੱਚ ਗੱਡੇ ਹੋਏ ਹਨ,ਬੁੱਧੀਜੀਵੀ ਤੇ ਸਾਹਿਤ ਸਭਾਵਾ ਵਾਲਿਓ ਉਧਰ ਨਿਗ੍ਹਾ ਮਾਰ ਕੇ ਦੇਖੋ ਤੁਹਾਡਾ ਸ਼ਰਮ ਨਾਲ ਸਿਰ ਝੁਕ ਜਾਵੇਗਾ।

ਵਿਦੇਸ਼ਾਂ ਵਿਚ ਜੋ ਦੇਖਿਆ ਤੇ ਹੱਡ ਬੀਤੀ - ਤਿੰਨ ਦਹਾਕਿਆਂ ਤੋਂ ਮੈਂ ਮਰਚੈਂਟ ਨੇਵੀ ਵਿੱਚ ਨੌਕਰੀ ਕਰਦਾ ਹਾਂ। ਸਾਰਾ ਯੂਰਪ ਆਸਟ੍ਰੇਲੀਆ ਕੈਨੇਡਾ ਅਮਰੀਕਾ ਮੇਰੇ ਜਹਾਜ਼ ਕੱਚਾ ਤੇਲ ਲੈ ਕੇ ਜਾਂਦੇ ਹਨ ਪੰਜਾਬੀ ਲੋਕਾਂ ਨੂੰ ਮਿਲਣ ਦਾ ਆਮ ਸਮਾ ਮਿਲਦਾ ਰਹਿੰਦਾ ਹੈ।ਸਾਡੇ ਪੰਜਾਬੀ ਜਿੱਥੇ ਵੀ ਗਏ ਹਨ,ਆਪਣੀ ਮਾਂ ਬੋਲੀ ਪੰਜਾਬੀ ਤੇ ਵਿਰਸੇ ਨੂੰ ਨਾਲ ਲੈ ਕੇ ਗਏ ਹਨ। ਆਪਾਂ ਪੰਜਾਬ ਚ ਰਹਿਣ ਵਾਲੇ ਪੰਜਾਬ,ਪੰਜਾਬੀ ਤੇ ਪੰਜਾਬੀਅਤ ਤੋਂ ਹੌਲੀ ਹੌਲੀ ਸਰਕਦੇ ਜਾ ਰਹੇ ਹਾਂ, ਪਰ ਵਿਦੇਸ਼ਾਂ ਵਿੱਚ ਬੈਠੇ ਸਾਡੇ ਭੈਣ ਭਰਾ ਪੰਜਾਬੀ ਮਾਂ ਬੋਲੀ ਦੀ ਸੇਵਾ ਹਰ ਰੂਪ ਵਿੱਚ ਕਰ ਰਹੇ ਹਨ। ਮਨੋਰੰਜਨ ਤੇ ਜਾਣਕਾਰੀ ਲਈ ਟੀ ਵੀ ਰੇਡੀਓ ਤੇ ਅਖ਼ਬਾਰ ਹਰ ਦੇਸ਼ ਵਿੱਚ ਮੌਜੂਦ ਹਨ। ਪੰਜਾਬ ਵਿਚ ਛਪਣ ਵਾਲੇ ਅਖ਼ਬਾਰ ਤਾਂ ਆਪਣੇ ਹਥਿਆਰ ਸੁੱਟਦੇ ਜਾ ਰਹੇ ਹਨ "ਖ਼ੁਦਾ ਰਹਿਮ ਕਰੇ" ਪਰ ਵਿਦੇਸ਼ੀ ਪੰਜਾਬੀ ਅਖ਼ਬਾਰ ਧੜਾ ਧੜ ਮਾਂ ਬੋਲੀ ਪੰਜਾਬੀ ਦੀ ਸੇਵਾ ਵਿੱਚ ਝੰਡੇ ਗੱਡਦੇ ਜਾ ਰਹੇ ਹਨ। ਜੇ ਪੰਜਾਬ ਵਿੱਚ ਛਪਦੇ ਪੰਜਾਬੀ ਅਖ਼ਬਾਰਾਂ ਦਾ ਕਰੋਨਾ ਦਾ ਬੁਖ਼ਾਰ ਨਾ ਉਤਰਿਆ ਤਾਂ ਵਿਦੇਸ਼ੀ ਅਖ਼ਬਾਰ ਹੀ ਪੰਜਾਬੀ ਪੱਤਰਕਾਰੀ ਵੀ ਕੁਰਸੀ ਦੀ ਥਾਂ ਮੱਲ ਲੈਣਗੇ।ਇੱਥੋਂ ਦੇ ਪੰਜਾਬੀ ਅਖ਼ਬਾਰ ਜੋ ਸਾਹਿਤ ਦੇ ਮਾਫ਼ੀਆ ਦੇ ਝੰਡੇ ਥੱਲੇ ਝੁੱਕੇ ਹੋਏ ਹਨ, ਇਹ ਅਖ਼ਬਾਰ ਸਿਰਫ ਖ਼ਬਰਾਂ ਤੱਕ ਹੀ ਸੀਮਤ ਰਹਿ ਜਾਣਗੇ।ਜਿਸ ਤਰ੍ਹਾਂ ਬੇਰੁਜ਼ਗਾਰ ਨੌਜਵਾਨ ਵਿਦੇਸ਼ਾਂ ਨੂੰ ਭੱਜ ਰਹੇ ਹਨ,ਉਹੀ ਹਾਲ ਪੰਜਾਬੀ ਲੇਖਕਾਂ ਦਾ ਹੈ।ਜਦੋਂ ਦਾ ਡਿਜੀਟਲ ਜ਼ਮਾਨਾ ਆਇਆ ਹੈ ਤਾਂ ਕਲਮ ਵਹੁਣ ਵਾਲੇ ਲੇਖਕਾਂ ਨੂੰ ਅਖ਼ਬਾਰਾਂ ਵਾਲੇ ਪੁੱਛਦੇ ਤੱਕ ਨਹੀਂ ਰਚਨਾ ਮਿਲ ਗਈ ਛਾਪਣੀ ਹੈ,ਕਿ ਨਹੀ ਇਸ ਦਾ ਕੋਈ ਨਾਮੋ ਨਿਸ਼ਾਨ ਹੀ ਨਹੀਂ ਹੁੰਦਾ ਪੰਜਾਬ ਦੇ ਅਖ਼ਬਾਰ ਚਿੱਠੀਆਂ ਲਈ ਵੀ ਸੀਮਿਤ ਪਾਠਕ ਹੀ ਰੱਖੇ ਹਨ।ਕਰੋਨਾ ਮਹਾਮਾਰੀ ਦਾ ਅਸਰ ਭਾਰਤ ਤੇ ਜਿਆਦਾ ਨਹੀਂ ਹੋਇਆ ਜੋ ਅਖਬਾਰਾਂ ਤੇ ਹੋ ਗਿਆ ਹੈ ਅਖ਼ਬਾਰੀ ਅਦਾਰੇ ਵਾਲੇ ਚੰਗੀਆਂ ਰਚਨਾਵਾਂ ਖ਼ਰੀਦਣ ਲਈ ਮਜਬੂਰ ਹੋ ਜਾਣਗੇ। ਕਿਉਂਕਿ ਇਨ੍ਹਾਂ ਦਾ ਧੱਕਾ ਮਾਰਿਆ ਹੋਇਆ, ਪੰਜਾਬੀ ਮਾਂ ਬੋਲੀ ਦੀ ਕਲਮ ਜਿਸ ਨੂੰ ਆਈਲੈਟਸ ਜਾਂ ਵੀਜੇ ? ਦੀ ਜ਼ਰੂਰਤ ਨਹੀਂ ਵਿਦੇਸਾਂ ਨੂੰ ਭੱਜੀ ਜਾ ਰਹੀ ਹੈ। ਸਾਡੇ ਪੰਜਾਬ ਛਪਣ ਵਾਲੇ ਪੰਜਾਬੀ ਅਖ਼ਬਾਰ ਬਹੁਤ ਜਲਦੀ ਲੰਗੜੇ ਹੋ ਜਾਣਗੇ ਕਸੂਰ ਪਾਠਕਾਂ ਜਾਂ ਲੇਖਕਾਂ ਦਾ ਨਹੀਂ ਅਖ਼ਬਾਰੀ ਅਦਾਰੇ ਤੇ ਸਾਹਿਤ ਮਾਫ਼ੀਆ ਦੀ ਮਿਲੀ ਭੁਗਤ ਹੈ। ਜਿਸ ਨਾਲ ਇੱਥੋਂ ਦੇ ਪੰਜਾਬੀ ਅਖ਼ਬਾਰ ਆਈ ਸੀ ਯੂ ਉੱਤੇ ਚਲੇ ਗਏ ਹਨ।ਚੰਡੀਗੜ੍ਹ ਛਪਦੀ ਇੱਕ ਪੰਜਾਬੀ ਅਖ਼ਬਾਰ ਦੀ ਸਹਿ ਸੰਪਾਦਕ ਬੀਬਾ ਜੀ ਮੈਂ ਪੁੱਛਿਆ ਕੇ ਮੇਰੇ ਤੇ ਫਲਾਣੇ ਫਲਾਣੇ ਲੇਖਕਾਂ ਦੀਆਂ ਰਚਨਾਵਾਂ ਕਿਉਂ ਨੀ ਛਪ ਰਹੀਆਂ, ਉਸ ਨੇ ਕਿਹਾ ਵੀਰੇ ਮੇਰੇ ਕੋਲ ਕੋਈ ਜਵਾਬ ਨਹੀਂ। ਜੇ ਮੈਂ ਭਾਰਤ ਵਿਚ ਐੱਮ ਐੱਲ ਏ ਤੇ ਐਮ ਪੀ ਨੂੰ ਆਪਣੇ ਕੰਮ ਕਾਰ ਤਾਂ ਕੁਝ ਵੀ ਪਤਾ ਨਹੀਂ ਜੇ ਭੁੱਲ ਚੁੱਕ ਕੇ ਕੁਝ ਚੰਗਾ ਕੰਮ ਕਰ ਦੇਣਗੇ ਤਾਂ ਮੀਡੀਆ ਨੂੰ ਪੁੱਛਣ ਤੇ ਕਹਿਣਗੇ ਇਹ "ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਜੀ ਦੀ ਮੇਹਰਬਾਨੀ ਹੈ" ਸਦਕੇ ਜਾਈਏ। ਅਖ਼ਬਾਰੀ ਅਦਾਰਿਆਂ ਨੂੰ ਕਰੋਨਾ ਦਾ ਬਹਾਨਾ ਲਾ ਕੇ ਪਾਠਕਾਂ ਤੇ ਲੇਖਕਾਂ ਨਾਲ ਧੋਖਾ ਨਹੀਂ ਕਰਨਾ ਚਾਹੀਦਾ ਨਹੀਂ ਤਾਂ ਫੇਰ ਪਾਠਕਾਂ ਤੇ ਲੇਖਕਾਂ ਨੂੰ ਲੱਭਣ ਲਈ ਰੌਸ਼ਨੀ ਦੀ ਜ਼ਰੂਰਤ ਪਵੇਗੀ। ਸ਼ਮਸ਼ਾਦ ਬੇਗਮ ਦਾ ਗੀਤ ਗੁਣ ਗਣਾਉਣਗੇ" ਬੱਤੀ ਬਾਲ ਕੇ ਬਨੇਰੇ ਉੱਤੇ ਰੱਖਨੀ ਆਂ ਗਲੀ ਭੁੱਲ ਨਾ ਜਾਵੇ ਚੰਨ ਮੇਰਾ" -

**ਰਮੇਸ਼ਵਰ ਸਿੰਘ**
9914880392

# ਕੁਝ ਵੀ ਸਿੱਖਣ ਲਈ ਸਮਝਣ ਦੀ ਲੋੜ ਹੁੰਦੀ ਹੈ

ਪਿਆਰੇ ਬੱਚਿਓ ! ਇਕ ਵਾਰ ਇਕ ਸਜ-ਵਿਆਹੀ ਕੁੜੀ ਨੂੰ ਉਸ ਦੇ ਪਤੀ ਨੇ ਕਿਹਾ ਕਿ ਉਹ ਅੱਜ ਸਾਰੇ ਘਰ ਵਾਲਿਆਂ ਨੂੰ ਸੁਆਦਲੀ ਖੀਰ ਰਿੰਨ੍ਹ ਕੇ ਖੁਆਏ। ਦਰਅਸਲ ਕੁੜੀ ਨੂੰ ਖੀਰ ਬਣਾਉਣੀ ਨਹੀਂ ਆਉਂਦੀ ਸੀ, ਪਰ ਉਹ ਆਪਣੇ ਪਤੀ ਸਾਹਮਣੇ ਨੀਵੀਂ ਨਹੀਂ ਸੀ ਹੋਣਾ ਚਾਹੁੰਦੀ। ਇਸ ਲਈ ਉਹ ਝੂਠ ਦਾ ਸਹਾਰਾ ਲੈਂਦੀ ਹੋਈ ਕਹਿਣ ਲੱਗੀ, 'ਤੁਸੀਂ ਦੁੱਧ ਲੈ ਆਓ। ਮੈਂ ਤੁਹਾਨੂੰ ਬਹੁਤ ਹੀ ਵਧੀਆ ਖੀਰ ਰਿੰਨ੍ਹ ਕੇ ਖੁਆਵਾਂਗੀ। ਮੇਰੀ ਬਣੀ ਹੋਈ ਖੀਰ ਤਾਂ ਮੇਰੇ ਘਰ ਦੇ ਉਂਗਲੀਆਂ ਚੱਟ-ਚੱਟ ਕੇ ਖਾਂਦੇ ਸਨ।' ਉਸ ਦਾ ਪਤੀ ਖੀਰ ਲਈ ਦੁੱਧ ਲਿਆ ਕੇ ਉਸ ਨੂੰ ਦੇ ਗਿਆ ਅਤੇ ਖੁਦ ਕੰਮ ਕਰਨ ਚਲਾ ਗਿਆ। ਕੁੜੀ ਬੜੀ ਫਿਕਰਮੰਦ ਹੋਈ ਕਿ ਹੁਣ ਕੀ ਕਰੇ ? ਕਿਸ ਨੂੰ ਪੁੱਛੇ ਖੀਰ ਬਣਾਉਣ ਦਾ ਤਰੀਕਾ ? ਅੰਤ ਉਸ ਨੇ ਉਨ੍ਹਾਂ ਦੇ ਗੁਆਂਢ 'ਚ ਵਸਦੀ ਇਕ ਬੁੱਢੀ ਔਰਤ ਕੋਲੋਂ ਖੀਰ ਰਿੰਨ੍ਹਣ ਦਾ ਢੰਗ ਪੁੱਛਣ ਦਾ ਫੈਸਲਾ ਕੀਤਾ।



ਆਲੇ-ਦੁਆਲੇ ਦੇ ਲੋਕਾਂ ਤੋਂ ਨਜ਼ਰ ਬਚਾ ਕੇ ਉਹ ਬੁੱਢੀ ਦੇ ਘਰ ਗਈ। ਗੁਆਂਢੀਆਂ ਦੀ ਨਵੀਂ ਵਿਆਹੀ ਬਹੂ ਨੂੰ ਆਪਣੇ ਘਰ ਆਈ ਦੇਖ ਕੇ ਬੁੱਢੀ ਬਹੁਤ ਖੁਸ਼ ਹੋਈ। ਖੀਰ ਬਣਾਉਣ ਦਾ ਤਰੀਕਾ ਉਹ ਬੜੇ ਚਾਅ ਨਾਲ ਦੱਸਣ ਲੱਗੀ। ਬੁੱਢੀ ਨੇ ਕਿਹਾ, 'ਪਹਿਲਾਂ ਦੁੱਧ ਉਬਾਲ ਲਈਂ।' ਅੱਗਿਓਂ ਕੁੜੀ ਬੋਲੀ, 'ਇਹ ਤਾਂ ਮੈਨੂੰ ਪਤਾ ਏ।' ਅੱਗਿਓਂ ਬੁੱਢੀ ਦੱਸਣ ਲੱਗੀ, 'ਫਿਰ ਚੌਲਾਂ ਨੂੰ ਪਾਣੀ 'ਚ ਭਿਉਂ ਕੇ ਚੰਗੀ ਤਰ੍ਹਾਂ ਧੋ-ਸੰਵਾਰ ਕੇ ਦੁੱਧ ਵਿਚ ਪਾ ਦੇਵੀਂ।' ਕੁੜੀ ਫਿਰ ਬੋਲੀ, 'ਇਹ ਤਾਂ ਮੈਨੂੰ ਪਤਾ।' ਬੁੱਢੀ ਨੇ ਫਿਰ ਦੱਸਿਆ, 'ਫਿਰ ਥੋੜ੍ਹੀ ਜਿਹੀ ਖੰਡ, ਲੋੜ ਅਨੁਸਾਰ ਬਦਾਮਾਂ ਦੀਆਂ ਗਿਰੀਆਂ ਅਤੇ ਮੇਵਾ ਪਾ ਦੇਵੀਂ।' ਕੁੜੀ ਨੇ ਚਲਾਕੀ ਦਿਖਾਉਂਦੇ ਹੋਏ ਅੱਗਿਓਂ ਕਿਹਾ, 'ਮਾਤਾ ਜੀ, ਇਹ ਤਾਂ ਮੈਨੂੰ ਪਹਿਲਾਂ ਹੀ ਪਤਾ ਸੀ।' ਸਜ-ਵਿਆਹੀ ਕੁੜੀ ਦੁਆਰਾ ਵਾਰ-ਵਾਰ 'ਮੈਨੂੰ ਪਤਾ ਏ-ਮੈਨੂੰ ਪਤਾ ਏ' ਸੁਣ ਕੇ ਬੁੱਢੀ ਨੂੰ ਬੜੀ ਖਿਝ ਚੜ੍ਹੀ। ਉਹਨੂੰ ਪੱਕਾ ਪਤਾ ਲੱਗ ਗਿਆ ਸੀ ਕਿ ਕੁੜੀ ਨੂੰ ਖੀਰ ਬਣਾਉਣੀ ਨਹੀਂ ਆਉਂਦੀ। ਐਵੇਂ ਜ਼ਬਾਨ ਦੀ ਚਤਰਾਈ ਦਿਖਾ ਕੇ ਰਿੰਨ੍ਹਣ-ਪਕਾਉਣ ਦੀ ਮਾਹਿਰ ਬਣਨ ਦਾ ਦਿਖਾਵਾ ਕਰਨਾ ਚਾਹੁੰਦੀ ਏ। ਸੋ, ਬੁੱਢੀ ਨੇ ਕੁੜੀ ਨੂੰ ਪਰਖਣਾ ਚਾਹਿਆ ਅਤੇ ਦੱਸਣ ਲੱਗੀ, 'ਜਿਸ ਵੇਲੇ ਦੁੱਧ ਕੜ੍ਹ ਕੇ ਜ਼ਰਾ ਸੰਘਣਾ ਹੋ ਜਾਵੇ ਤਾਂ ਉਸ ਵਿਚ ਦੋ ਨਿੰਬੂਆਂ ਦਾ ਰਸ ਨਿਚੋੜ ਦੇਵੀਂ। ਬਸ ਵਧੀਆ ਖੀਰ ਤਿਆਰ ਹੋ ਜਾਵੇਗੀ।'

'ਮੈਨੂੰ ਮਾਤਾ ਜੀ ਇਹ ਵੀ ਪਤਾ ਏ', ਕਹਿ ਕੇ ਸਜ-ਵਿਆਹੀ ਕੁੜੀ ਆਪਣੇ ਘਰ ਵੱਲ ਦੌੜ ਗਈ। ਘਰ ਆ ਕੇ ਉਸ ਨੇ ਬੁੱਢੀ ਦੇ ਦੱਸਣ ਅਨੁਸਾਰ ਪਹਿਲਾਂ ਦੁੱਧ ਉਬਾਲਿਆ। ਫਿਰ ਉਸ ਵਿਚ ਚੌਲ ਧੋ ਕੇ ਪਾ ਦਿੱਤੇ। ਉਪਰੰਤ ਖੰਡ, ਸੌਗੀ ਅਤੇ ਬਦਾਮਾਂ ਦੀਆਂ ਗਿਰੀਆਂ ਪਾ ਦਿੱਤੀਆਂ। ਜਦੋਂ ਰਿੱਝ ਕੇ ਦੁੱਧ ਸੰਘਣਾ ਹੋ ਗਿਆ ਤਾਂ ਉਸ ਵਿਚ ਦੋ ਨਿੰਬੂ ਨਿਚੋੜ ਦਿੱਤੇ। ਗਰਮ ਖੀਰ ਵਿਚ ਨਿੰਬੂ ਨਿਚੋੜਨ ਦੀ ਦੇਰ ਸੀ ਕਿ ਦੁੱਧ ਫਟ ਗਿਆ ਅਤੇ ਖੀਰ ਵਿਚ ਖੱਟੇਪਨ ਅਤੇ ਬਕਬਕੇਪਨ ਦਾ ਸੁਆਦ ਪੈਦਾ ਹੋ ਗਿਆ। ਸ਼ਾਮੀਂ ਜਦੋਂ ਨਵੀਂ ਵਿਆਹੀ ਉਸ ਲੜਕੀ ਦਾ ਪਤੀ ਘਰ ਆ ਕੇ ਖੀਰ ਖਾਣ ਲੱਗਾ ਤਾਂ ਖੀਰ ਦਾ ਭਰਿਆ ਚਮਚਾ ਮੂੰਹ 'ਚ ਪਾਉਂਦਿਆਂ ਉਸ ਨੂੰ ਕੁੜੀ ਉੱਤੇ ਅੰਤਾਂ ਦਾ ਗੁੱਸਾ ਆ ਗਿਆ। ਕਹਿਣ ਲੱਗਾ, 'ਅਜਿਹੀ ਖੀਰ ਬਣਾਉਣ ਦੀ ਜਾਚ ਕਿਥੋਂ ਸਿੱਖੀ ਏ ?'

ਉਹ ਪਤੀ ਦਾ ਗੁੱਸਾ ਦੇਖ ਕੇ ਤੁਰੰਤ ਬੋਲੀ ਕਿ ਗੁਆਂਢ ਦੀ ਬੁੱਢੀ ਨੇ ਕਿਹਾ ਸੀ ਕਿ ਖੀਰ ਰਿੰਨ੍ਹ ਕੇ ਅਖੀਰ ਵਿਚ ਨਿੰਬੂ ਨਿਚੋੜ ਦੇਵੀਂ।' ਪਤੀ ਨੂੰ ਬੁੱਢੀ 'ਤੇ ਬੜਾ ਰੋਹ ਆਇਆ। ਉਹ ਬੁੱਢੀ ਦੇ ਘਰ ਜਾ ਕੇ ਉਸ ਦੇ ਗਲ ਪੈ ਗਿਆ। ਅੱਗਿਓਂ ਬੁੱਢੀ ਕਹਿਣ ਲੱਗੀ, 'ਪੁੱਤਰ, ਤੇਰੀ ਵਹੁਟੀ ਮੇਰੇ ਕੋਲੋਂ ਖੀਰ ਰਿੰਨ੍ਹਣ ਦਾ ਤਰੀਕਾ ਸਿੱਖਣ ਆਈ ਸੀ। ਮੈਂ ਜਿਹੜੀ ਵੀ ਗੱਲ ਦੱਸੀ ਜਾਵਾਂ, ਉਹ ਅੱਗਿਓਂ ਕਹੀ ਜਾਵੇ 'ਇਹ ਤਾਂ ਮੈਨੂੰ ਪਤਾ ਏ।' ਉਸ ਦੇ ਵਾਰ-ਵਾਰ ਇਸ ਤਰ੍ਹਾਂ ਕਹਿਣ 'ਤੇ ਮੈਨੂੰ ਵੀ ਗੁੱਸਾ ਆ ਗਿਆ। ਮੈਂ ਉਸ ਨੂੰ ਪਰਖਣ ਲਈ ਉਂਜ ਹੀ ਕਹਿ ਦਿੱਤਾ ਕਿ 'ਨਿੰਬੂ ਨਿਚੋੜ ਦੇਵੀਂ।' ਉਸ ਨੇ ਸੱਚਮੁੱਚ ਖੀਰ ਰਿੰਨ੍ਹ ਕੇ ਵਿਚ ਨਿੰਬੂ ਨਿਚੋੜ ਦਿੱਤੇ। ਦੱਸ ਇਸ ਵਿਚ ਮੇਰਾ ਕੀ ਕਸੂਰ ਏ ? ਕਿਸੇ ਤੋਂ ਕੁਝ ਸਿੱਖਣ ਲਈ, ਸਮਝਣ ਲਈ ਵੀ ਅਕਲ ਦੀ ਲੋੜ ਹੁੰਦੀ ਏ। ਚੁਸਤੀ-ਚਲਾਕੀ ਨਹੀਂ, ਸਗੋਂ ਨਿਮਰਤਾ ਦੀ ਲੋੜ ਹੁੰਦੀ ਏ।' ਇਹ ਗੱਲ ਸੁਣ ਕੇ ਪਤੀ ਸ਼ਰਮਿੰਦਾ ਹੋ ਕੇ ਘਰ ਵਾਪਸ ਆ ਗਿਆ। ਬੁੱਢੀ ਮਾਤਾ ਨੇ ਉਸ ਨੂੰ ਜ਼ਿੰਦਗੀ ਵਿਚ ਕੰਮ ਆਉਣ ਵਾਲਾ ਇਕ ਅਹਿਮ ਨੁਕਤਾ ਸਮਝਾ ਦਿੱਤਾ ਸੀ।



# ਨਵੰਬਰ-84 ਦਾ ਕਤਲੇਆਮ ਅਤੇ ਭਾਰਤ ਵਿਚ ਸਿੱਖੀ ਦਾ ਭਵਿੱਖ

1984 ਦਾ ਸਾਲ, ਹਿੰਦੋਸਤਾਨ ਦੇ ਇਤਿਹਾਸ ਦਾ ਉਹ ਕਾਲਾ ਤੇ ਮਨਹੂਸ ਪੰਨਾ ਹੈ, ਜਿਸ ਨੂੰ ਸਿੱਖ ਰਹਿੰਦੀ ਦੁਨੀਆਂ ਤੱਕ ਯਾਦ ਰੱਖਣਗੇ ਅਤੇ ਭਾਰਤ ਸਰਕਾਰ ਵੱਲੋਂ ਕੀਤੇ ਸਿੱਖ ਕਤਲੇਆਮ ਅਤੇ ਨਸਲਕੁਸ਼ੀ ਦੇ ਆਪਣੇ ਸਮੂਹ ਸਹੀਦਾਂ ਨੂੰ ਯਾਦ ਕਰਕੇ ਹਮੇਸ਼ਾ ਸ਼ਰਧਾ ਦੇ ਫੁੱਲ ਭੇਟ ਕਰਦੇ ਰਹਿਣਗੇ।

ਅਬਲਾਂ ਦੀਆਂ ਇੱਜਤਾਂ ਲੁੱਟੀਆਂ, ਬੋਟਾਂ ਨੂੰ ਕੋਹ ਕੋਹ ਮਾਰਿਆ,
ਤੜਪ ਤੜਪ ਕੇ ਮਰ ਗਿਆ, ਹਰ ਸਰਦਾਰ ਤੇਰੇ ਸ਼ਹਿਰ ਦਾ।
ਜਿੱਥੇ ਦੁੱਧ ਚੁੰਘਦੇ ਬੱਚਿਆਂ ਨੂੰ ਵੀ, ਟਾਇਰ ਪਾ ਕੇ ਸਾੜਿਆ,
ਕੌਣ ਮੂਰਖ ਕਰੇ ਹੁਣ ਦੱਸ, ਇਤਬਾਰ ਤੇਰੇ ਸ਼ਹਿਰ ਦਾ।
ਕੁਝ ਜ਼ਖਮਾਂ 'ਤੇ ਮੱਲ੍ਹਮ ਲੱਗਦੀ, ਜੇ ਕਾਤਲਾਂ ਨੂੰ ਵੇਖਦੇ,
ਪਰ ਇਨਸਾਫ਼ ਤੋਂ ਵੀ ਹੋ ਗਿਆ ਇਨਕਾਰ ਤੇਰੇ ਸ਼ਹਿਰ ਦਾ।
ਹਰ ਖੁਸ਼ੀ ਗਮੀ ਨੂੰ ਭੁੱਲ ਸਕਦੇ, ਭੁੱਲ ਸਕਦੇ ਹਰ ਇੱਕ ਦਾਸਤਾਂ
ਪਰ ਨਹੀਂ ਭੁੱਲਣਾ ਜੋ ਦਿੱਤਾ ਤੋਹਫਾ, ਯਾਰ ਤੇਰੇ ਸ਼ਹਿਰ ਦਾ।

ਜਿਹੜੇ ਲੋਕ ਕਹਿੰਦੇ ਹਨ ਕਿ ਉਨੀ ਸੌ ਚੁਰਾਸੀ ਨੂੰ ਭੁੱਲ ਜਾਵੋ, ਕੀ ਉਨ੍ਹਾਂ ਕਦੇ ਸੋਚਿਆ ਹੈ, ਕਿਸ ਤਰ੍ਹਾਂ ਭੁੱਲਣਗੀਆਂ ਉਹ ਮਾਂਵਾਂ ਜਿਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਪੁੱਤਰਾਂ ਨੂੰ ਕੋਹ ਕੋਹ ਕੇ ਮਾਰਿਆ ਅਤੇ ਜਿਉਂਦੇ ਸਾੜਿਆ ਗਿਆ; ਕਿਵੇਂ ਭੁੱਲ ਜਾਣਗੀਆਂ ਉਹ ਪਤਨੀਆਂ ਜਿਨ੍ਹਾਂ ਦੇ ਸੁਹਾਗ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਲੋਹੇ ਦੀਆਂ ਸਲਾਖ਼ਾਂ ਨਾਲ ਕੁੱਟ ਕੁੱਟ ਕੇ ਮਾਰ ਅਤੇ ਗਲਾਂ 'ਚ ਟਾਇਰ ਪਾ ਕੇ ਸਾੜ ਦਿੱਤੇ ਗਏ। ਕਿਵੇਂ ਭੁੱਲ ਜਾਣਗੇ ਉਹ ਬੱਚੇ ਜਿਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਮਾਪੇ, ਭੈਣ-ਭਰਾ, ਦਾਦਾ-ਦਾਦੀ, ਨਾਨਾ ਨਾਨੀ, ਚਾਚੇ-ਤਾਏ ਜਿਉਂਦੇ ਸਾੜ ਦਿੱਤੇ ਗਏ ? ਕਿਵੇਂ ਭੁੱਲ ਜਾਣਗੀਆਂ ਉਹ ਭੈਣਾਂ ਜਿਨ੍ਹਾਂ ਨੂੰ ਆਪਣਿਆਂ ਦੀ ਮੌਤ ਅਤੇ ਸੋਗ ਦੀਆਂ ਘੜੀਆਂ ਵਿਚ ਬਲਾਤਕਾਰਾਂ ਦਾ ਸ਼ਿਕਾਰ ਹੋਣਾ ਪਿਆ ? ਕਿਸ ਤਰ੍ਹਾਂ ਮਿਟਣਗੇ ਉਨ੍ਹਾਂ ਪੀੜਤਾਂ ਦੇ ਦਿਲ-ਦਿਮਾਗਾਂ ਤੋਂ ਉਹ ਦਰਦਨਾਕ ਦ੍ਰਿਸ਼, ਜਿਨ੍ਹਾਂ ਨੂੰ ਵੇਖ ਵੇਖ ਉਹ ਹਰ ਰੋਜ਼ ਕਈ ਕਈ ਵਾਰ ਮਰਦੇ ਹਨ ? ਕੀ ਕਦੇ ਚੁਰਾਸੀ ਨੂੰ ਭੁੱਲ ਜਾਣ ਲਈ ਕਹਿਣ ਵਾਲਿਆਂ ਨੇ ਉਨ੍ਹਾਂ ਦੇ ਦਰਦ ਨੂੰ ਸਮਝਣ ਦੀ ਕੋਸ਼ਿਸ ਕੀਤੀ ਹੈ ? ਕੀ ਕਦੇ ਉਨ੍ਹਾਂ ਦਾ ਦੁੱਖ ਵੰਡਾਉਣ ਜਾਂ ਘਟਾਉਣ ਦੀ ਕੋਈ ਕੋਸ਼ਿਸ ਕੀਤੀ ਹੈ ? ਕੀ 1984 ਨੂੰ ਭੁੱਲ ਜਾਣ ਲਈ ਕਹਿਣ ਵਾਲੇ, ਉਨ੍ਹਾਂ ਬਜੁਰਗਾਂ, ਮਾਂਵਾਂ, ਵੀਰਾਂ-ਭੈਣਾਂ ਅਤੇ ਬੱਚਿਆਂ ਦੀ ਮਾਨਸਿਕਤਾ ਨੂੰ ਕਦੇ ਸਮਝਣ ਦੀ ਕੋਸ਼ਿਸ ਸਕਣਗੇ ? ਸਿਰਦਾਰ ਕਪੂਰ ਸਿੰਘ ਦਾ ਮੰਨਣਾ ਹੈ ਕਿ ਸਿੱਖਾਂ ਨੂੰ ਆਪਣੇ ਨਾਲ ਹੋਏ ਧੋਖੇ ਅਤੇ ਅਵਿਸ਼ਵਾਸ ਦਾ ਅਹਿਸਾਸ ਦੇਸ਼ ਦੀ ਆਜ਼ਾਦੀ ਤੋਂ ਤੁਰੰਤ ਬਾਅਦ ਉਦੋਂ ਹੀ ਹੋ ਗਿਆ ਸੀ, ਜਦੋਂ ਉਨ੍ਹਾਂ ਨੂੰ ਆਪਣੀਆਂ ਕੁਰਬਾਨੀਆਂ ਬਦਲੇ ਜ਼ਰਾਇਮ ਪੇਸ਼ਾ ਕੌਮ ਹੋਣ ਦਾ ਖਿਤਾਬ ਦਿੱਤਾ ਗਿਆ ਸੀ। ਬੜੀ ਚਲਾਕੀ ਅਤੇ ਗੁਮਰਾਹਕੁਨ ਤਰੀਕੇ ਨਾਲ ਆਜ਼ਾਦ ਭਾਰਤ ਦੇ ਸੰਵਿਧਾਨ ਵਿਚ ਇਸ ਦੀ ਧਾਰਾ 25 ਰਾਹੀਂ ਸਿੱਖਾਂ ਨੂੰ ਹਿੰਦੂ ਧਰਮ ਦਾ ਇੱਕ ਹਿੱਸਾ ਗਰਦਾਨਿਆ ਗਿਆ ਸੀ, ਜਿਸ ਦਾ ਸਿੱਖ ਉਸ ਵੇਲੇ ਤੋਂ ਲੈ ਕੇ ਅੱਜ ਤੱਕ ਵਿਰੋਧ ਕਰਦੇ ਆ ਰਹੇ ਹਨ। ਇਥੇ ਹੀ ਬੱਸ ਨਹੀਂ, ਬਾਕੀ ਸੂਬਿਆਂ ਦੀ ਤਰਜ਼ ਅਤੇ ਭਾਸ਼ਾ ਦੇ ਆਧਾਰ 'ਤੇ ਬਣੇ ਹੋਰ ਸੂਬਿਆਂ ਵਾਂਗ, ਪੰਜਾਬੀ ਸੂਬਾ ਲੈਣ ਲਈ ਸਿੱਖਾਂ ਨੂੰ 13 ਸਾਲ ਸੰਘਰਸ਼ ਕਰਨਾ ਪਿਆ ਤਾਂ ਕਿਧਰੇ ਹਰਿਆਣਾ ਅਤੇ ਹਿਮਾਚਲ ਨੂੰ ਪੰਜਾਬ ਨਾਲੋਂ ਵੱਖ ਕਰਕੇ 1966 ਵਿਚ ਮਿਨੀ ਪੰਜਾਬੀ ਸੂਬਾ ਹੋਂਦ ਵਿਚ ਆਇਆ ਜਿਸ ਵਿਚ ਕਦੇ ਵੀ ਲੋਕਤੰਤਰਕ ਤਰੀਕੇ ਨਾਲ ਚੁਣੀ ਨਿਰੋਲ ਸਿੱਖਾਂ ਦੀ ਕਿਸੇ ਵੀ ਸਰਕਾਰ ਨੂੰ ਕੇਂਦਰੀ ਹਿੰਦ ਸਰਕਾਰ ਨੇ ਆਪਣਾ ਸਮਾਂ ਕਾਲ ਪੂਰਾ ਨਹੀਂ ਕਰਨ ਦਿੱਤਾ। ਸਾਲ 1984 ਵਿਚ ਸਿੱਖ ਅਤੇ ਸਿੱਖੀ 'ਤੇ ਹੋਏ ਦੋ ਵੱਡੇ ਹਮਲਿਆਂ ਨੇ, ਸਿੱਖ ਕੌਮ ਨੂੰ ਆਪਣੇ ਹੀ ਮੁਲਕ ਵਿਚ, ਗੁਲਾਮ ਹੋਣ ਦਾ ਅਹਿਸਾਸ ਕਰਵਾ ਦਿੱਤਾ ਹੈ, ਜਿਸ ਸਦਕਾ ਹੁਣ ਬਹੁਤ ਸਾਰੇ ਸਿੱਖ ਇਹ ਗੱਲ ਸਮਝਣ ਲੱਗ ਪਏ ਹਨ ਕਿ ਭਾਰਤ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਦੇ ਚਾਰ ਮੁੱਖ ਪਹਿਲੂ ਹਨ। ਪਹਿਲਾ: ਸਿੱਖ ਅਤੇ ਸਿੱਖਾਂ ਦੀ ਪਹਿਚਾਣ ਨੂੰ ਖ਼ਤਮ ਕਰਨਾ ਅਤੇ ਉਨ੍ਹਾਂ ਦੇ ਧਾਰਮਿਕ ਮਸਲਿਆਂ ਵਿਚ ਦਖ਼ਲਅੰਦਾਜ਼ੀ ਕਰਨਾ। ਦੂਜਾ: ਸਿੱਖ ਵਿਰਸੇ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਅਤੇ ਸਿੱਖ ਧਰਮ ਵਿਚ ਮਿਲਾਵਟ ਕਰਨਾ। ਤੀਜਾ: ਸਿੱਖਾਂ ਨੂੰ ਆਤਮ-ਨਿਰਭਰ, ਆਜ਼ਾਦ ਹੋਣ ਅਤੇ ਰਾਜ ਕਰਨ ਤੋਂ ਰੋਕਣਾ ਅਤੇ ਪੰਜਾਬ ਵਿਚ ਸਿੱਖਾਂ ਦੀ ਬਹੁਗਿਣਤੀ ਨੂੰ ਘਟਾਉਣਾ। ਚੌਥਾ: ਪੰਜਾਬ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨਾ ਅਤੇ ਇਸ ਦੇ ਸਾਧਨਾਂ ਦੀ ਲੁੱਟ-ਖਸੁੱਟ ਕਰਨਾ ਜਿਸ ਵਿਚ ਭਾਖੜਾ ਡੈਮ ਦੀ ਬਿਜਲੀ, ਨਹਿਰੀ ਪਾਣੀ ਅਤੇ ਲਾਹੌਰ ਦੀ ਥਾਂ ਤੇ ਪੰਜਾਬ ਲਈ ਬਣਾਈ ਰਾਜਧਾਨੀ ਚੰਡੀਗੜ੍ਹ ਆਦਿ ਸ਼ਾਮਲ ਹਨ।

ਭਾਵੇਂ ਇਹ ਗੱਲ ਬਹੁਤੀ ਹੈਰਾਨੀ ਵਾਲੀ ਨਹੀਂ, ਪਰ ਸੱਚ ਹੈ ਕਿ ਹਿੰਦੋਸਤਾਨ ਵਿਚ ਮੀਡੀਆ 'ਤੇ ਪੂਰੀ ਤਰ੍ਹਾਂ ਬਹੁਮੱਤ ਹਿੰਦੂ ਜਮਾਤ ਦਾ ਕਬਜ਼ਾ ਹੈ ਜਿਸ ਨੇ ਹਮੇਸ਼ਾ ਹੀ ਘੱਟ ਗਿਣਤੀਆਂ ਅਤੇ ਸਿੱਖਾਂ ਪ੍ਰਤੀ ਪੱਖਪਾਤੀ ਹੋਣ ਦਾ ਸਬੂਤ ਦਿੱਤਾ ਹੈ। 'ਮੀਡੀਆ ਸਟੱਡੀਜ਼ ਗਰੁਪ ਦਿੱਲੀ' ਦੀ ਰਿਪੋਰਟ ਵਿਚ ਸਰਗਰਮ ਪੱਤਰਕਾਰਾਂ ਦੀ ਇੱਕ ਸਰਵੇਖਣ ਟੀਮ ਵੱਲੋਂ ਤਿਆਰ ਕੀਤੇ ਗਏ ਇੱਕ ਸਾਧਾਰਨ ਚਾਰਟ ਤੋਂ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਜੋ ਇਸ ਪ੍ਰਕਾਰ ਹੈ:

| ਹਿੰਦੂ | ਮੁਸਲਮਾਨ | ਈਸਾਈ | ਸਿੱਖ |
|---|---|---|---|
| ਭਾਰਤ ਵਿਚ ਕੁੱਲ ਆਬਾਦੀ ਦਾ ਹਿੱਸਾ | | | |
| 81% | 13% | 2% | 2% |
| ਹਿੰਦੀ ਦਾ ਪ੍ਰਿੰਟ ਮੀਡੀਆ | | | |
| 97% | 2% | 0% | 0% |
| ਅੰਗਰੇਜ਼ੀ ਦਾ ਪ੍ਰਿੰਟ ਮੀਡੀਆ | | | |
| 90% | 3% | 4% | 0% |
| ਇਲੈਕਟ੍ਰਾਨਿਕ ਹਿੰਦੀ ਮੀਡੀਆ | | | |
| 90% | 6% | 1% | 0% |
| ਇਲੈਕਟ੍ਰਾਨਿਕ ਅੰਗਰੇਜ਼ੀ ਮੀਡੀਆ | | | |
| 85% | 0% | 13% | 2% |
| ਕੁੱਲ | | | |
| 90% | 3% | 4% | 1% |

ਇਸ ਚਾਰਟ ਤੋਂ ਇੱਕ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖਾਂ ਨੂੰ ਆਪਣੀ ਗੱਲ ਆਪਣਿਆਂ, ਦੇਸ਼ ਵਾਸੀਆਂ ਅਤੇ ਦੁਨੀਆਂ ਦੇ ਹੋਰ ਲੋਕਾਂ ਤੱਕ ਪਹੁੰਚਾਣ ਲਈ ਹਰ ਤਰ੍ਹਾਂ ਦੇ ਮੀਡੀਏ ਅਤੇ ਵੱਖ ਵੱਖ ਭਾਸ਼ਾਵਾਂ ਰਾਹੀਂ ਪਹੁੰਚਾਉਣ ਵੱਲ ਖਾਸ ਧਿਆਨ ਦੇਣ ਦੀ ਸਖ਼ਤ ਜ਼ਰੂਰਤ ਹੈ। ਵਿਦੇਸ਼ਾਂ ਵਿਚਲਾ ਸਿੱਖ ਮੀਡੀਆ ਕੁਝ ਹੱਦ ਤੱਕ ਆਪਣਾ ਰੋਲ ਨਿਭਾ ਰਿਹਾ ਹੈ ਪਰ ਇਸ ਦਾ ਵੀ ਕਾਫੀ ਹਿੱਸਾ ਅਤੇ ਸਮਾਂ ਆਪਸੀ ਵਿੱਤਕਰੇ, ਮੱਤ-ਭੇਦਾਂ, ਇਸ਼ਤਿਹਾਰਾਂ ਅਤੇ ਨਿੱਜੀ ਸ਼ੋਹਰਤਬਾਜ਼ੀ ਦੇ ਧੱਕੇ ਚੜ੍ਹ ਜਾਂਦਾ ਹੈ। ਅੱਜ ਲੋੜ ਹੈ ਥੋੜ੍ਹਾ ਹੋਰ ਸੁਹਿਰਦ ਹੋਣ ਦੀ। ਸ਼ਾਇਦ ਇਹੀ ਕਾਰਨ ਹੈ ਕਿ ਸਿੱਖ ਕੌਮ ਆਪਣੇ ਨਾਲ ਵਾਪਰੀਆਂ ਅਤੇ ਵਾਪਰ ਰਹੀਆਂ ਘਟਨਾਵਾਂ ਨੂੰ ਸਿੱਖ ਸੰਦਰਭ ਵਿਚ ਵੇਖਣ ਅਤੇ ਸਮਝਣ ਵਿਚ ਅਸਮਰਥ ਰਹੀ ਹੈ ਜਿਸ ਦਾ ਸਬੂਤ ਬਹੁਤ ਸਾਰੇ ਸਿੱਖਾਂ ਵੱਲੋਂ ਅਜੇ ਵੀ ਸਰਕਾਰ ਅਤੇ ਬਹੁਮਤ ਪ੍ਰੈਸ ਵੱਲੋਂ ਇਸਤੇਮਾਲ ਕੀਤੇ ਅਤੇ ਕੀਤੇ ਜਾ ਰਹੇ ਪ੍ਰਚਾਰ ਅਤੇ ਸ਼ਬਦਾਂ ਦਾ ਇਸਤੇਮਾਲ ਕਰਨਾ ਸ਼ਾਮਿਲ ਹੈ ਜਿਵੇਂ ਕਿ 'ਸਾਕਾ ਨੀਲਾ ਤਾਰਾ' ਆਦਿ। ਬਹੁਤ ਸਾਰੇ ਸਿੱਖ ਚਿੰਤਕਾਂ ਅਤੇ ਵਿਦਵਾਨਾਂ ਦਾ ਵਿਚਾਰ ਹੈ ਕਿ ਸਿੱਖ ਸੰਦਰਭ ਵਿਚ ਇਨ੍ਹਾਂ ਘਟਨਾਵਾਂ ਨੂੰ ਕ੍ਰਮਵਾਰ 'ਅੰਮ੍ਰਿਤਸਰ ਦੀ ਲੜਾਈ' ਅਤੇ 'ਸਰਕਾਰੀ ਕਤਲੇਆਮ' ਜਾਂ 'ਸਿੱਖ ਨਸਲਕੁਸ਼ੀ' ਦੇ ਨਾਮ ਨਾਲ ਸੱਦਿਆ ਜਾਣਾ ਚਾਹੀਦਾ ਸੀ ਕਿਉਂਕਿ ਜੂਨ 1984 ਦੀ ਇਹ ਲੜਾਈ ਭਾਰਤੀ ਫੌਜ ਅਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਕੁਝ ਧਰਮੀ ਸਿੱਖਾਂ ਵਿਚਕਾਰ ਸੀ, ਭਾਵ ਦਿੱਲੀ ਦੇ ਤਖਤ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਚਕਾਰ ਸੀ ਜਿਸ ਵਿਚ ਮੁੱਠੀ ਭਰ ਸਿੰਘਾਂ ਨੇ ਖਾਲਸੇ ਦੇ ਸਵਾ ਸਵਾ ਲੱਖ ਨਾਲ ਲੜਨ ਦੇ ਇਤਿਹਾਸ ਨੂੰ ਇੱਕ ਵਾਰ ਫਿਰ ਦੁਹਰਾ ਦਿੱਤਾ। ਜੇਕਰ ਇਹ ਲੜਾਈ ਸਿਰਫ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਨੂੰ ਬਾਹਰ ਕੱਢਣ ਤੱਕ ਹੀ ਸੀਮਤ ਹੁੰਦੀ ਤਾਂ ਪੰਜਾਬ ਦੇ ਅਨੇਕਾਂ ਹੋਰ ਗੁਰਦੁਆਰਿਆਂ 'ਤੇ ਫੌਜੀ ਹਮਲੇ ਦੀ ਕੀ ਲੋੜ ਸੀ ਜਿਥੋਂ ਫੌਜ ਵਿਰੁਧ ਗੋਲੀ ਚਲਾਏ ਜਾਣ ਦੀ ਕਿਸੇ ਵੀ ਥਾਂ ਤੋਂ ਕੋਈ ਖਬਰ ਨਹੀਂ। ਨਵੰਬਰ 1984 ਦੀ ਘਟਨਾ ਨੂੰ ਦੰਗੇ ਨਹੀਂ ਕਿਹਾ ਜਾ ਸਕਦਾ ਇਹ ਤਾਂ ਸਿੱਖਾਂ ਦਾ ਸਮੇਂ ਦੀ ਸਰਕਾਰ ਵੱਲੋਂ ਕੀਤਾ ਗਿਆ 'ਕਤਲੇਆਮ' ਅਤੇ 'ਨਸਲਕੁਸ਼ੀ' ਸੀ। ਦੰਗੇ ਉਹ ਹੁੰਦੇ ਹਨ- ਜਦੋਂ ਦੋ ਧਿਰਾਂ ਆਪਸ ਵਿਚ ਲੜਦੀਆਂ ਹੋਣ। ਪਰ ਨਵੰਬਰ 1984 ਵਿਚ ਤਾਂ ਸਿੱਖਾਂ ਵੱਲੋਂ ਕਿਸੇ ਧਿਰ 'ਤੇ ਕੋਈ ਹਮਲਾ ਨਹੀਂ ਕੀਤਾ ਗਿਆ ਸਗੋਂ ਸਿੱਖਾਂ ਨੂੰ ਤਾਂ ਉਨ੍ਹਾਂ ਦੇ ਆਪਣੇ ਹੀ ਘਰਾਂ ਵਿਚ ਜਾਂ ਜਿੱਥੇ ਵੀ ਕੋਈ ਸਿੱਖ ਮਿਲਿਆ ਧਾੜਵੀਆਂ ਦੀ ਫੌਜ ਨੇ ਜਾਨੋਂ ਮਾਰ ਦਿੱਤਾ। ਸਿੱਖ ਨਸਲਕੁਸ਼ੀ ਵਿਚ ਸਥਾਨਕ ਪੁਲਿਸ, ਪ੍ਰਸ਼ਾਸਨ ਅਤੇ ਰਾਜਨੀਤਕ ਲੀਡਰਾਂ ਦੇ ਆਪਸੀ ਤਾਲ-ਮੇਲ ਦੇ ਪੁਖਤਾ ਸਬੂਤ ਮੌਜੂਦ ਹੋਣ ਦੇ ਬਾਵਜੂਦ ਵੀ ਭਾਰਤੀ ਅਦਾਲਤਾਂ ਵੱਲੋਂ ਕਾਤਲਾਂ ਅਤੇ ਕਾਤਲਾਂ ਦੀਆਂ ਭੀੜਾਂ ਵਿਰੁਧ ਕੋਈ ਕਾਰਵਾਈ ਨਹੀਂ ਹੋਈ। ਇੱਥੋਂ ਤੱਕ ਕਿ ਮੁੱਖ ਦੋਸ਼ੀਆਂ ਵਿਰੁਧ ਐਫ ਆਈ ਆਰ ਤੱਕ ਦਰਜ ਕਰਵਾਉਣ ਲਈ ਸਿੱਖਾਂ ਨੂੰ 13 ਸਾਲ ਜਦੋਜਹਿਦ ਕਰਨੀ ਪਈ। ਉਪਰੰਤ ਚਾਰਜਸ਼ੀਟ ਪੇਸ਼ ਕਰਵਾਉਣ ਵਿਚ ਹੋਰ 7 ਸਾਲ ਲੱਗੇ ਜਦੋਂਕਿ ਇੰਦਰਾ ਗਾਂਧੀ ਨੂੰ ਮਾਰਨ ਵਾਲਿਆਂ ਨੂੰ 2 ਸਾਲ ਵਿਚ ਹੀ ਫਾਂਸੀ 'ਤੇ ਲਟਕਾ ਦਿੱਤਾ ਗਿਆ। ਇਸ ਦੂਹਰੇ ਮਾਪ-ਦੰਡ ਸਦਕਾ ਸਿੱਖਾਂ ਦੇ ਮਨਾਂ ਵਿਚੋਂ ਹੁਣ ਭਾਰਤੀ ਨਿਆਂ ਪ੍ਰਣਾਲੀ ਤੋਂ ਬਿਲਕੁਲ ਵਿਸ਼ਵਾਸ ਉਠ ਚੁੱਕਾ ਹੈ।

1984 ਦੇ ਦੁਖਾਂਤ ਦੇ ਸਮਕਾਲੀ ਲੋਕ, ਗਾਂਧੀਵਾਦੀ ਸੋਚ ਰੱਖਣ ਵਾਲੇ ਮੀਡੀਏ ਵੱਲੋਂ ਨਿਭਾਈ ਅਤੇ ਨਿਭਾਈ ਜਾ ਰਹੀ ਭੂਮਿਕਾ ਤੋਂ ਭਲੀਭਾਂਤ ਜਾਣੂ ਹਨ। ਉਹ ਇਹ ਵੀ ਜਾਣਦੇ ਹਨ ਕਿ ਕਿਸ ਤਰ੍ਹਾਂ ਵਿਦੇਸ਼ੀ ਪ੍ਰੈਸ ਨੂੰ ਪੰਜਾਬ ਤੋਂ ਦੂਰ ਰੱਖਿਆ ਗਿਆ ਅਤੇ ਕਿਸ ਤਰ੍ਹਾਂ ਸੰਤ ਜਰਨੈਲ ਸਿੰਘ ਖਾਲਸਾ ਵਰਗੇ ਇੱਕ ਸੱਚੇ ਸੁੱਚੇ ਸਿੱਖ ਦੀ ਛਵੀ ਵਿਗਾੜ ਕੇ ਲੋਕਾਂ ਸਾਹਮਣੇ ਪੇਸ਼ ਕੀਤੀ ਜਾਂਦੀ ਰਹੀ। ਪਰ ਸੰਤ ਜਰਨੈਲ ਸਿੰਘ ਖਾਲਸਾ ਆਪਣੇ ਨਾਂ ਨਾਲ ਜੁੜੇ ਸਬਦਾਂ ਸੰਤ, ਜਰਨੈਲ ਅਤੇ ਖਾਲਸਾ 'ਤੇ ਪੂਰਾ ਉਤਰਿਆ। ਅੱਜ ਤੱਕ ਕੋਈ ਅਜਿਹਾ ਸਬੂਤ ਨਜ਼ਰ ਨਹੀਂ ਆਇਆ ਜੋ ਇਹ ਸਿੱਧ ਕਰਦਾ ਹੋਵੇ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਸਿੱਧੇ ਤੌਰ 'ਤੇ ਕਿਸੇ ਦੀ ਜਾਨ ਲਈ ਹੋਵੇ ਪਰ ਇਸ ਗੱਲ ਦੇ ਸਬੂਤ ਜ਼ਰੂਰ ਮਿਲਦੇ ਹਨ ਕਿ ਉਹ ਹਰ ਇਨਸਾਨ ਨੂੰ ਆਪੋ-ਆਪਣੇ ਧਰਮ ਵਿਚ ਪਰਪੱਕ ਵੇਖਣਾ ਚਾਹੁੰਦੇ ਸਨ। ਅੱਜ ਸਿੱਖਾਂ ਨੂੰ ਵੱਧ ਤੋਂ ਵੱਧ ਗਿਣਤੀ ਅਤੇ ਭਾਸ਼ਾਵਾਂ ਵਿਚ ਹਰ ਪ੍ਰਕਾਰ ਦਾ ਆਪਣਾ ਮੀਡੀਆ ਸਥਾਪਤ ਕਰਕੇ ਆਪਣੇ ਦੇਸ਼ ਵਾਸੀਆਂ ਅਤੇ ਦੁਨੀਆਂ ਦੇ ਲੋਕਾਂ ਨੂੰ ਇਹ ਗੱਲ ਸਮਝਾਉਣ ਦੀ ਸਖ਼ਤ ਜ਼ਰੂਰਤ ਹੈ ਕਿ ਸਿੱਖ ਇਨਸਾਨੀਅਤ ਦਾ ਪਹਿਰੇਦਾਰ ਹੈ ਕਿਸੇ ਦਾ ਦੁਸ਼ਮਣ ਨਹੀਂ। ਨੌਜਵਾਨਾਂ ਨੂੰ ਇਸ ਕੰਮ ਵਿਚ ਅੱਗੇ ਆਉਣਾ ਚਾਹੀਦਾ ਹੈ। ਸਿੱਖ ਕਿਸੇ ਵੀ ਕੌਮ, ਜਾਤ ਜਾਂ ਧਰਮ ਦਾ ਵਿਰੋਧੀ ਨਹੀਂ ਸਗੋਂ ਸਾਰੀਆਂ ਕੌਮਾਂ, ਜਾਤਾਂ ਅਤੇ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹੈ। ਸਿੱਖ ਹਰ ਵੇਲੇ ਸਰਬੱਤ ਦਾ ਭਲਾ ਮੰਗਣ ਵਾਲਾ ਵਿਅਕਤੀ ਹੈ ਅਤੇ ਮੁਨੱਖਤਾ ਦੇ ਹਰ ਦੁੱਖ-ਸੁੱਖ ਦਾ ਭਾਈਵਾਲ ਹੈ। ਸਿੱਖ ਸਿਰਫ ਜ਼ੁਲਮ ਅਤੇ ਜ਼ਾਬਰ ਦਾ ਵਿਰੋਧੀ ਹੈ। ਸਿੱਖਾਂ ਵੱਲੋਂ ਆਹੁਤੀਆਂ ਦੇ ਕੇ ਦੂਜੇ ਧਰਮਾਂ ਅਤੇ ਲੋਕਾਂ ਦੀ ਰੱਖਿਆ ਕਰਨ ਦੀਆਂ ਬਹੁਤ ਸਾਰੀਆਂ ਇਤਿਹਾਸਕ ਮਿਸਾਲਾਂ ਵੀ ਮੌਜੂਦ ਹਨ। ਅੱਜ ਹਰ ਸਿੱਖ ਨੂੰ ਸਿੱਖਾਂ ਨਾਲ ਹੋ ਰਹੇ ਵਿਤਕਰੇ, ਭੇਦ-ਭਾਵ, ਧਰਮ ਅਤੇ ਉਨ੍ਹਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ, ਤਸ਼ੱਦਦ, ਕਤਲੇਆਮ ਅਤੇ ਨਸਲਕੁਸ਼ੀ ਦੇ ਕਾਰਣਾਂ ਨੂੰ ਜਾਣਨ, ਸੋਚਣ, ਸਮਝਣ ਅਤੇ ਵਿਚਾਰਨ ਦੀ ਲੋੜ ਹੈ। ਇਤਿਹਾਸ ਗਵਾਹ ਹੈ ਕਿ ਭਾਰਤੀ ਹੁਕਮਰਾਨ, ਗਾਂਧੀਵਾਦੀ ਸੋਚ ਨਾਲ, ਭਾਰਤ ਵਿਚ ਵਸਦੀਆਂ ਘੱਟਗਿਣਤੀਆਂ ਅਤੇ ਬਹੁ-ਕੌਮਾਂ ਨੂੰ ਹਿੰਦੂ ਧਰਮ ਵਿਚ ਤਬਦੀਲ ਕਰਨ ਲਈ ਲਗਾਤਾਰ ਕਾਨੂੰਨੀ, ਪ੍ਰਬੰਧਕੀ ਅਤੇ ਰਾਜਨੀਤਕ ਸਾਧਨਾਂ ਦਾ ਇਸਤੇਮਾਲ ਕਰਦੇ ਹੋਏ, ਖ਼ਤਮ ਕਰਦੇ ਆ ਰਹੇ ਹਨ। ਗਾਂਧੀਵਾਦੀ ਸੋਚ ਦੇ ਇਨ੍ਹਾਂ ਭਾਰਤੀ ਹੁਕਮਰਾਨਾਂ ਨੂੰ ਆਪਣੇ ਮਨਸੂਬੇ ਪੂਰੇ ਕਰਨ ਵਿਚ ਸਭ ਤੋਂ ਵੱਡੀ ਚੁਣੌਤੀ ਸਿੱਖਾਂ ਤੋਂ ਹੈ ਜਿਸ ਕਰਕੇ ਪਿਛਲੇ ਕੁਝ ਸਾਲਾਂ ਤੋਂ ਉਨ੍ਹਾਂ ਦੀ ਪੂਰੀ ਤਾਕਤ ਸਿੱਖ ਅਤੇ ਸਿੱਖੀ ਨੂੰ ਖਤਮ ਕਰਨ 'ਤੇ ਲੱਗੀ ਹੋਈ ਹੈ। ਆਉ ਸਾਰੇ ਰਲ ਕੇ ਜ਼ਰਾ ਸੋਚੀਏ ਅਤੇ ਵਿਚਾਰੀਏ ਕਿ

ਬੇਜ਼ਾਰੀਆਂ, ਲਾਚਾਰੀਆਂ, ਬਦਨਾਮੀਆਂ, ਦੁਸ਼ਵਾਰੀਆਂ,
ਅੱਜ ਸਾਡੇ ਹੀ ਲੇਖੀਂ ਕਿਉਂ ਆਈਆਂ ਇਹ ਸਾਰੀਆਂ ?
ਵਾਰੇ ਜਿਨ੍ਹਾਂ ਲਈ ਸੀਸ, ਚਲਵਾਈਆਂ ਸਿਰਾਂ 'ਤੇ ਆਰੀਆਂ
ਲਾਉਣ ਸਾਡੇ ਹੀ ਖ਼ੂਨ ਵਿਚ ਉਹ ਹੱਸ ਹੱਸ ਤਾਰੀਆਂ।
ਕੁਝ ਸੋਚੀਏ, ਪੜਤਾਲੀਏ, ਰਲ ਲੱਭੀਏ ਇਸ ਦੀ ਵਜ੍ਹਾ
ਕਿ ਅਸਾਂ ਜਿੱਤ ਕੇ ਹੀ ਸਦਾ, ਬਾਜ਼ੀਆਂ ਕਿਉਂ ਹਾਰੀਆਂ ?
ਲੜਦੇ ਰਹੇ ਆਪਸ 'ਚ ਹੀ, ਨਾ ਸਮਝੇ ਹੁਣ ਵੀ ਅਗਰ
ਇਤਿਹਾਸ ਬਣ ਜਾਣੀਆਂ ਇਹ ਵੇਖਿਓ ਸਰਦਾਰੀਆਂ।

**ਲੇਖਕ : ਕੁਲਦੀਪ ਸਿੰਘ ਢੀਂਡਸਾ**
ਫੋਨ: 510-676-4440

# ਖੇਤੀ ਕਾਨੂੰਨ ਅਤੇ ਕਾਰਪੋਰੇਟ ਹੱਲੇ ਦਾ ਟਾਕਰਾ ਜ਼ਰੂਰੀ

ਭਾਰਤ ਅੰਦਰ ਹਜ਼ਾਰਾਂ ਸਾਲਾਂ ਤੋਂ ਚਲੇ ਆ ਰਹੇ ਏਸ਼ਿਆਈ ਪੈਦਾਵਾਰੀ ਢੰਗ ਦੇ ਬਚੇ-ਖੁਚੇ ਅੰਸ਼ ਅਜੇ ਵੀ ਮੌਜੂਦ ਸਨ ਪਰ ਮੋਦੀ ਹਕੂਮਤ ਦੇ ਤਿੰਨ ਖੇਤੀ ਕਾਨੂੰਨ ਭਾਰਤੀ ਜਰੱਈ ਅਰਥਚਾਰੇ ਦੇ ਇਸ ਬਚੇ-ਖੁਚੇ ਪੈਦਾਵਾਰੀ ਢੰਗ ਤੇ ਸਭ ਤੋਂ ਵੱਡੇ, ਵਿਆਪਕ ਅਤੇ ਭਿਆਨਕ ਹੱਲੇ ਹਨ। ਜਿੰਨੇ ਵੱਡੇ ਇਹ ਹੱਲੇ ਹਨ, ਓਨਾ ਹੀ ਵਿਆਪਕ ਅਤੇ ਵੱਡਾ ਕਿਸਾਨਾਂ ਅਤੇ ਹੋਰ ਪੇਂਡੂ ਲੋਕਾਂ ਵੱਲੋਂ ਇਨ੍ਹਾਂ ਹੱਲਿਆਂ ਦਾ ਵਿਰੋਧ ਹੋ ਰਿਹਾ ਹੈ। ਮੋਦੀ ਹਕੂਮਤ ਦਾ ਇਹ ਹੱਲਾ ਅਸਮਾਨ ਵਿਚੋਂ ਟਪਕਿਆ ਅਚਾਨਕ ਵਰਤਾਰਾ ਨਹੀਂ ਸਗੋਂ ਇਹ ਚਿਰਾਂ ਤੋਂ ਇੰਤਜ਼ਾਰ ਕੀਤੇ ਜਾ ਰਹੇ ਵੱਡੇ ਬਿਰਤਾਂਤ ਦਾ ਪਿੱਛੇਤਰੀ ਕਾਂਡ ਹੈ ਅਤੇ ਇਹ ਕਾਨੂੰਨ ਦੁਨੀਆ ਦੇ ਇਤਿਹਾਸ ਦੀ ਸਭ ਤੋਂ ਮਹੱਤਵਪੂਰਨ ਪੂਰਨ ਜਗੀਰੂ ਸਮਾਜਿਕ ਬਣਤਰ ਤੋਂ ਪੂੰਜੀਵਾਦੀ ਪ੍ਰਬੰਧ ਦੀ ਜਬਰੀ ਕਾਇਆ-ਕਲਪ ਦੇ ਆਖਰੀ ਬਿਰਤਾਂਤ ਸਾਬਿਤ ਹੋ ਸਕਦੇ ਹਨ।

ਬਰਤਾਨਵੀ ਰਾਜ ਸਮੇਂ ਭਾਵੇਂ ਭਾਰਤ ਅੰਦਰ ਵੱਖ ਵੱਖ ਕਿਸਮ ਜਰੱਈ ਸਵਾਲਾਂ ਨਾਲ ਸਬੰਧਤ ਕਿਸਾਨੀ ਘੋਲ ਚਲਦੇ ਰਹੇ ਹਨ ਪਰ ਇਹ ਕਿਸਾਨ ਘੋਲ ਅਤੇ ਬਗਾਵਤਾਂ ਦਾ ਖਾਸਾ ਸਥਾਨਕ ਪੱਧਰ ਦਾ ਹੁੰਦਾ ਸੀ ਪਰ ਪਿਛਲੇ ਸਾਲਾਂ ਵਿਚ ਮੱਧ ਪ੍ਰਦੇਸ਼ ਦੇ ਮੰਦਸੌਰ ਵਿਚ ਫ਼ਸਲਾਂ ਦੇ ਮੰਡੀਕਰਨ ਅਤੇ ਭਾਵਾਂ ਦੇ ਮੁੱਦੇ ਤੇ ਸ਼ੁਰੂ ਹੋਇਆ ਮੰਦਸੌਰ ਤੋਂ ਸ਼ੁਰੂ ਹੋਇਆ ਕਿਸਾਨ ਅੰਦੋਲਨ ਸਾਰੇ ਭਾਰਤ ਅੰਦਰ ਫੈਲ ਗਿਆ ਸੀ ਅਤੇ ਇਸ ਅੰਦੋਲਨ ਦੌਰਾਨ ਭਾਰਤ ਭਰ ਵਿਚ 250 ਕਿਸਾਨ-ਮਜ਼ਦੂਰ ਜਥੇਬੰਦੀਆਂ ਦਾ ਪਲੇਟਫਾਰਮ ਵੀ ਹੋਂਦ ਵਿਚ ਆਇਆ ਸੀ।

ਹੁਣ ਮੌਜੂਦਾ ਕਿਸਾਨੀ ਸੰਘਰਸ਼ ਵੀ ਕੁੱਲ ਭਾਰਤ ਤੱਕ ਫੈਲ ਗਿਆ ਹੈ ਅਤੇ ਇਸ ਕਿਸਾਨ ਲਹਿਰ ਨੇ ਪਹਿਲੀ ਵਾਰ ਦੇਸ਼ ਭਰ ਦੀਆਂ ਕਿਸਾਨ-ਮਜ਼ਦੂਰ ਪੱਲੇਦਾਰ ਯੂਨੀਅਨਾਂ, ਨੌਜਵਾਨ ਜਥੇਬੰਦੀਆਂ, ਮੁਲਾਜ਼ਮ ਮਜ਼ਦੂਰ ਟਰੇਡ ਯੂਨੀਅਨਾਂ, ਠੇਕਾ ਮਜ਼ਦੂਰ, ਸਭਿਆਚਾਰਕ ਕਲਾਕਾਰਾਂ ਅਤੇ ਔਰਤਾਂ ਤੱਕ ਲੋਕ ਇਸ ਦੀ ਹਮਾਇਤ ਵਿਚ ਵਧ ਚੜ੍ਹ ਕੇ ਉੱਤਰੇ ਹਨ। ਵਿਆਪਕ ਬਣ ਰਹੀ ਇਸ ਕਿਸਾਨ ਲਹਿਰ ਨੂੰ ਵੋਟ ਵੱਟਤ ਲਈ ਮੌਕਾਪ੍ਰਸਤ ਸਿਆਸੀ ਪਾਰਟੀਆਂ ਨੂੰ ਵੀ ਦਿਖਾਵੇ ਲਈ ਕਿਸਾਨਾਂ ਦੀ ਹਮਾਇਤ ਵਿਚ ਆਉਣਾ ਪੈ ਰਿਹਾ ਹੈ। ਇਹ ਕਿਸਾਨ ਅੰਦੋਲਨ ਬੀਜੇਪੀ ਦੇ ਪ੍ਰਚਾਰ ਤੋਂ ਉਲਟ ਕੇਵਲ ਪੰਜਾਬ, ਹਰਿਆਣਾ, ਪੱਛਮੀ ਯੂਪੀ ਤੱਕ ਸੀਮਤ ਨਹੀਂ ਹੈ ਸਗੋਂ ਇਹ ਕਰਨਾਟਕ, ਤਿਲੰਗਾਨਾ, ਤਾਮਿਲ ਨਾਡੂ, ਆਂਧਰਾ ਪ੍ਰਦੇਸ਼, ਕੇਰਲ, ਉੜੀਸਾ, ਮੱਧ ਪ੍ਰਦੇਸ਼, ਰਾਜਸਥਾਨ, ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼, ਬੰਗਾਲ, ਬਿਹਾਰ, ਮਹਾਰਾਸ਼ਟਰ, ਗੁਜਰਾਤ ਆਦਿ ਅੰਦਰ ਵੀ ਚਲ ਰਿਹਾ ਹੈ। ਪੰਜਾਬ ਅੰਦਰ 31 ਅਤੇ ਭਾਰਤ ਦੀਆਂ 250 ਕਿਸਾਨ-ਮਜ਼ਦੂਰ ਜਥੇਬੰਦੀਆਂ ਦੀ ਤਾਲਮੇਲ ਕਮੇਟੀ ਵੱਲੋਂ ਸੰਘਰਸ਼ ਲਈ ਸੱਦੇ ਇਸ ਨੂੰ ਹੋਰ ਵਿਆਪਕ ਬਣਾ ਦਿੱਤਾ ਹੈ।

ਕਿਸਾਨ ਸੰਘਰਸ਼ ਦੀ ਤੇਜ਼ ਕਾਂਗ ਨੇ ਬੀਜੇਪੀ ਦੇ ਐਂਨਡੀਏ ਦੇ ਗੱਠਜੋੜ ਵਿਚ ਤਰੇੜਾਂ ਪਾ ਦਿੱਤੀਆਂ ਹਨ। ਵੱਡੇ ਬਾਦਲ ਅਤੇ ਅਕਾਲ਼ੀ ਦਲ ਨੂੰ ਪਹਿਲਾਂ ਮੋਦੀ ਦੇ ਖੇਤੀ ਅਰਡੀਨੈਂਸਾਂ ਵਿਚ ਕੁਝ ਵੀ ਗ਼ਲਤ ਦਿਖਾਈ ਨਹੀਂ ਦਿੰਦਾ ਸੀ ਅਤੇ ਬੀਜੇਪੀ ਦੇ ਕੇਂਦਰੀ ਖੇਤੀ ਮੰਤਰੀ ਤੋਮਰ ਤੋਂ ਇਨ੍ਹਾਂ ਆਰਡੀਨੈਂਸਾਂ ਦੇ ਪ੍ਰਸ਼ੰਸਾ ਪੱਤਰਾਂ ਲਿਖਾਈ ਫਿਰ ਰਿਹਾ ਸੀ। ਬੀਜੇਪੀ ਨਾਲ 'ਨਹੁੰ ਮਾਸ' ਦੇ ਰਿਸ਼ਤੇ ਦੀ ਸੁਗੰਧ ਖਾਣ ਵਾਲੇ ਅਕਾਲੀ ਦਲ ਦੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਅਸਤੀਫਾ ਦੇ ਕੇ ਕਿਸਾਨਾਂ ਦੀ ਹਮਾਇਤ ਵਿਚ ਰੋਡ ਮਾਰਚ ਕਰਨਾ ਪਿਆ।

ਬਰਤਾਨਵੀ ਸਾਮਰਾਜੀਆਂ ਨੇ ਭਾਰਤੀ ਖੇਤੀ ਅਰਥਚਾਰੇ ਭਾਰਤੀ ਨੀਲ, ਪਟਸਨ, ਰਬੜ, ਕਪਾਹ, ਚਾਹ, ਕੌਫੀ, ਕਣਕ, ਚੌਲ, ਗਰਮ ਮਸਾਲੇ, ਖਣਿਜ ਪਦਾਰਥਾਂ ਦੀ ਬੇਕਿਰਕ ਲੁੱਟ ਖਸੁੱਟ ਕੀਤੀ ਸੀ ਪਰ ਮੋਦੀ ਹਕੂਮਤ ਦੇ ਲਿਆਂਦੇ ਤਿੰਨ ਕਾਨੂੰਨ ਖੇਤੀ ਅਰਥਚਾਰੇ ਲਈ ਬਰਤਾਨਵੀ ਹਕੂਮਤ ਵੱਲੋਂ ਲਿਆਂਦੇ ਸਾਰੇ ਕਾਨੂੰਨਾਂ ਨਾਲੋਂ ਕਿਤੇ ਵਧ ਘਾਤਕ ਹਨ। 1947 ਦੀ ਸੱਤਾ ਬਦਲੀ ਤੋਂ ਬਾਅਦ ਸਾਮਰਾਜਵਾਦ ਅਤੇ ਭਾਰਤੀ ਪੂੰਜੀਪਤੀਆਂ ਦੀਆਂ ਵੱਡੀਆਂ ਕੰਪਨੀਆਂ ਭਾਰਤੀ ਖੇਤੀ ਅਰਥਚਾਰੇ ਦੀ ਮਹਿੰਗੀਆਂ ਵਸਤਾਂ ਅਤੇ ਸੇਵਾਵਾਂ ਰਾਹੀਂ ਭਾਰਤੀ ਲੋਕਾਂ ਦਾ ਖ਼ੂਨ ਨਿਚੋੜ ਰਿਹਾ ਸੀ ਪਰ ਮੋਦੀ ਹਕੂਮਤ ਨੇ 'ਅੰਡਰ ਅਚੀਵਰ' ਮਨਮੋਹਨ ਸਿੰਘ ਦੇ ਸਾਰੇ ਰਿਕਾਰਡ ਤੋੜ ਕੇ 'ਮੇਕ ਇਨ ਇੰਡੀਆ', 'ਸਕਿੱਲ ਇੰਡੀਆ', 'ਡਿਜੀਟਲ ਇੰਡੀਆ' ਆਦਿ ਦੇ ਨਾਂ ਤੇ ਸਾਮਰਾਜੀ ਦੇਸ਼ਾਂ ਲਈ ਭਾਰਤ ਦੇ ਦਰਵਾਜ਼ੇ ਚੁਪੱਟ ਖੋਲ੍ਹ ਦਿੱਤੇ ਹਨ ਅਤੇ ਅਪਨਿਵੇਸ਼ ਦੇ ਨਾਂ ਥੱਲੇ ਭਾਰਤ ਦੇ ਸਾਰੇ ਸਰਕਾਰੀ ਅਦਾਰਿਆਂ ਦੀ ਅਡਾਨੀਆਂ, ਅੰਬਾਨੀਆਂ ਅਤੇ ਸਾਮਰਾਜੀ ਬਹੁਕੌਮੀ ਕੰਪਨੀਆਂ ਨੂੰ ਕੌਡੀਆਂ ਦੇ ਭਾਅ ਸੇਲ 'ਤੇ ਲਾ ਦਿੱਤੀ ਹੈ। ਯੂਪੀਏ ਸਰਕਾਰ ਸਮੇਂ ਹੀ ਭਾਰਤ ਆਰਥਿਕ ਸੰਕਟ ਵਿਚ ਫਸ ਰਿਹਾ ਸੀ ਪਰ ਮੋਦੀ ਹਕੂਮਤ ਦੇ ਜੀਐੱਸਟੀ, ਨੋਟਬੰਦੀ ਆਦਿ ਦੇ ਆਪਾਸ਼ਾਹ ਤੁਗਲਕੀ ਫੈਸਲਿਆਂ ਨੇ ਦੇਸ਼ ਦੀ ਆਰਥਿਕਤਾ ਬੇਰੁਜ਼ਗਾਰੀ ਅਤੇ ਗੰਭੀਰ ਆਰਥਿਕ ਸੰਕਟ ਵਿਚ ਧੱਕ ਦਿੱਤੀ ਹੈ। ਕਰੋਨਾ ਨੂੰ ਨਜਿੱਠਣ ਲਈ ਮੋਦੀ ਵੱਲੋਂ ਮਨਮਾਨੇ ਢੰਗ ਨਾਲ ਦੇਸ਼ ਦੇ ਲੋਕਾਂ ਉਪਰ ਯਕਦਮ ਲਾਕਡਾਊਨ ਮੜ੍ਹਨ ਨੇ ਦੇਸ਼ ਦੇ ਕਰੋੜਾਂ ਪਰਵਾਸੀ ਮਜ਼ਦੂਰਾਂ ਨੂੰ ਦੁਸ਼ਵਾਰੀਆਂ ਵਿਚ ਧੱਕ ਦਿੱਤਾ ਅਤੇ ਭਾਰਤੀ ਆਰਥਿਕਤਾ ਨੂੰ ਸਾਰੀ ਦੁਨੀਆ ਤੋਂ ਵੱਧ ਆਰਥਿਕ ਮੰਦੀ ਮਨਫੀ 24 ਪ੍ਰਤੀਸ਼ਤ ਵਿਚ ਧੱਕ ਦਿੱਤਾ ਹੈ। ਰੱਬ ਆਸਰੇ ਛੱਡੀ ਖੇਤੀਬਾੜੀ ਨੂੰ ਛੱਡ ਕੇ ਆਰਥਿਕਤਾ ਦੇ ਸਾਰੇ ਖੇਤਰਾਂ ਦੀ ਪੈਦਾਵਾਰ ਦਰ ਮਨਫੀ ਵਿਚ ਚਲੀ ਗਈ ਹੈ। ਪਹਿਲਾਂ ਦੇਸੀ-ਵਿਦੇਸ਼ੀ ਕੰਪਨੀਆਂ ਭਾਰਤੀ ਮੰਡੀ ਵਿਚ ਆਪਣਾ ਮਾਲ ਹੀ ਵੇਚਦੀਆਂ ਸਨ ਪਰ ਹੁਣ ਮੋਦੀ ਹਕੂਮਤ ਨੇ ਫਾਸ਼ੀਵਾਦੀ ਢੰਗ ਨਾਲ 'ਠੇਕਾ ਖੇਤੀ' ਲਾਗੂ ਕਰਨ ਕਰ ਕੇ ਖੇਤੀ ਅਰਥਚਾਰੇ ਦੀਆਂ ਚਾਬੀਆਂ ਅਡਾਨੀਆਂ-ਅੰਬਾਨੀਆਂ ਵਰਗੇ ਦੇਸੀ ਕਾਰਪੋਰੇਟਾਂ ਅਤੇ ਕਾਰਗਲ ਵਰਗੀਆਂ ਵਿਦੇਸ਼ੀ ਬਹੁਕੌਮੀ ਕੰਪਨੀਆਂ ਨੂੰ ਸਾਂਭਣ ਲਈ ਤਿੰਨ ਖੇਤੀ ਕਾਨੂੰਨ ਬਣਾ ਦਿੱਤੇ ਹਨ।

ਇਹ ਤਿੰਨ ਕਾਨੂੰਨ ਵਿਸ਼ਵ ਵਪਾਰ ਸੰਸਥਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਲਿਆਂਦੇ ਗਏ ਹਨ। ਵਿਸ਼ਵ ਵਪਾਰ ਸੰਸਥਾ ਦੀ ਬਾਲੀ (ਇੰਡੋਨੇਸ਼ੀਆ) ਵਿਚ ਮੰਤਰੀ ਪੱਧਰੀ ਮੀਟਿੰਗ ਵਿਚ ਤਕੜੇ ਦੇਸ਼ਾਂ ਨੇ ਭਾਰਤੀ ਸਰਕਾਰ ਵੱਲੋਂ ਫ਼ਸਲਾਂ ਦੀ ਸਰਕਾਰੀ ਖਰੀਦ ਕਰਨ, ਐੱਮਐੱਸਪੀ ਲਾਗੂ ਕਰਨ, ਖੇਤੀ ਸਬਸਿਡੀਆਂ ਦੇਣ ਅਤੇ ਸਰਕਾਰ ਵੱਲੋਂ ਏਪੀਐੱਮਸੀ ਮੰਡੀਆਂ ਨੂੰ ਡਬਲਿਊਟੀਓ ਦੀਆਂ ਸ਼ਰਤਾਂ ਦੀ ਉਲੰਘਣਾ ਕਰਾਰ ਦੇ ਕੇ ਇਨ੍ਹਾਂ ਨੂੰ ਬੰਦ ਕਰਨ ਦੀ ਸਖ਼ਤੀ ਨਾਲ ਚਿਤਾਵਨੀ ਦਿੱਤੀ ਸੀ ਪਰ ਮਨਮੋਹਨ ਸਿੰਘ ਸਰਕਾਰ ਨੇ ਭਾਰਤ ਵੱਲੋਂ ਖਾਧ ਸੁਰੱਖਿਆ ਕਾਨੂੰਨ ਲਾਗੂ ਕਰਨ ਦਾ ਵਾਸਤਾ ਪਾ ਕੇ ਵਿਸ਼ਵ ਵਪਾਰ ਸੰਸਥਾ ਵੱਲੋਂ 'ਸ਼ਾਂਤੀ ਕਲਾਜ਼' ਤਹਿਤ ਐੱਮਐੱਸਪੀ ਅਤੇ ਸਰਕਾਰੀ ਖਰੀਦ ਜਾਰੀ ਰੱਖ ਕੇ ਦਸੰਬਰ 2017 ਤੱਕ ਬਦਲਵੇਂ ਪ੍ਰਬੰਧ ਕਰਨ ਦੀ ਇਜਾਜ਼ਤ ਮੰਗੀ ਸੀ। ਇਸ ਮੁਹਲਤ ਤੋਂ ਬਾਅਦ ਭਾਰਤ ਵੱਲੋਂ ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਤੇ ਭਾਰਤ ਦਾ ਕੇਸ ਵਿਸ਼ਵ ਵਪਾਰ ਸੰਸਥਾ ਦੀ ਝਗੜਾ ਨਿਬੇੜੂ ਕੋਰਟ ਕੋਲ ਦਰਜ ਕਰਨ ਦੀ ਧਮਕੀ ਦਿੱਤੀ ਹੋਈ ਸੀ ਅਤੇ ਇਨ੍ਹਾਂ ਸ਼ਰਤਾਂ ਦੀ ਪੂਰਤੀ ਲਈ ਮੋਦੀ ਸਰਕਾਰ ਨੇ ਸ਼ਾਂਤਾ ਕਮੇਟੀ ਕਾਇਮ ਕੀਤੀ ਸੀ ਪਰ ਮੋਦੀ ਹਕੂਮਤ ਵਿਸ਼ਵ ਵਪਾਰ ਸੰਸਥਾ ਦੀਆਂ ਇਹ ਸ਼ਰਤਾਂ ਕਿਸਾਨਾਂ-ਮਜ਼ਦੂਰਾਂ ਅਤੇ ਹੋਰ ਲੋਕਾਂ ਦੇ ਸੰਭਾਵੀ ਵਿਰੋਧ ਕਾਰਨ ਲਾਗੂ ਨਹੀਂ ਕਰ ਸਕੀ ਸੀ। ਹੁਣ ਕਰੋਨਾ ਮਹਾਮਾਰੀ ਦੀ ਆਫ਼ਤ ਦਾ ਬਹਾਨਾ ਬਣਾ ਕੇ ਮੋਦੀ ਸਰਕਾਰ ਨੇ ਲੌਕਡਾਊਨ, ਕਰਫਿਊ ਤੇ ਅੰਦਰੂਨੀ ਐਮਰਜੈਂਸੀ ਵਰਗੇ ਹਾਲਾਤ ਪੈਦਾ ਕਰ ਦਿੱਤੇ ਹਨ ਅਤੇ ਅਨੇਕਾਂ ਹੋਰ ਕਾਨੂੰਨਾਂ ਸਮੇਤ ਤਿੰਨ ਖੇਤੀ ਕਾਨੂੰਨਾਂ ਦੇ ਲੋਕਾਂ ਤੇ ਮੜ੍ਹ ਦਿੱਤੇ ਹਨ। ਇਨ੍ਹਾਂ ਕਾਨੂੰਨਾਂ ਨਾਲ ਮੋਦੀ ਹਕੂਮਤ ਨੇ ਸਾਮਰਾਜੀ ਅਤੇ ਭਾਰਤੀ ਪੂੰਜੀਵਾਦੀ ਕਾਰਪੋਰੇਟਾਂ ਦਾ ਖੇਤੀਬਾੜੀ ਸੈਕਟਰ ਉਪਰ ਪੂਰਨ ਅਧਿਕਾਰ ਸਥਾਪਤ ਕਰਨ ਦੇ ਹਾਲਾਤ ਪੈਦਾ ਕਰ ਦਿੱਤੇ ਹਨ। ਇਨ੍ਹਾਂ ਦੇਸੀ-ਵਿਦੇਸ਼ੀ ਕਾਰਪੋਰੇਟ ਕੰਪਨੀਆਂ ਨੇ ਕਿਸਾਨਾਂ ਦੀ ਪ੍ਰਵਾਹ ਕੀਤੇ ਬਿਨਾ ਹੀ ਮੋਦੀ ਹਕੂਮਤ ਉਪਰ ਦਬਾਅ ਬਣਾ ਕੇ 2018 ਵਿਚ ਆਪਣੀ ਮਨਮਰਜ਼ੀ ਦਾ ਠੇਕਾ ਖੇਤੀ ਕਾਨੂੰਨ ਪਾਸ ਕਰਵਾ ਲਿਆ ਸੀ। ਮਦ ਨੇ ਇਹ ਸਾਰਾ ਕਾਨੂੰਨ ਆਪਣੇ ਕਾਰਪੋਰੇਟ ਅਡਾਨੀ-ਅੰਬਾਨੀਆਂ ਦੇ ਹਿਤ ਪੂਰਨ ਲਈ ਬਣਾਇਆ ਗਿਆ ਹੈ। ਇਸ ਠੇਕਾ ਕਾਨੂੰਨ ਦਿਓ ਕੱਦ ਐਗਰੀ ਬਿਜਨੈਸ ਕੰਪਨੀਆਂ ਅਤੇ ਕਿਸਾਨਾਂ ਵਿਚਕਾਰ ਗੈਰ-ਬਰਾਬਰਾਂ ਦੇ ਸਮਝੌਤਿਆਂ ਨੂੰ ਜਨਮ ਦਿੰਦਾ ਹੈ ਅਤੇ ਇਨਸਾਫ਼ ਦਾ ਪੱਲੜਾ ਹਮੇਸ਼ਾਂ ਵੱਡਿਆਂ ਦੇ ਪੱਖ ਵਿਚ ਝੁਕਿਆ ਹੁੰਦਾ ਹੈ। ਕਿਸਾਨ ਫ਼ਸਲਾਂ ਦੇ ਬੀਜ, ਰਸਾਇਣ ਅਤੇ ਹੋਰ ਇਨਪੁੱਟਸ ਲਈ ਐਗਰੀ ਬਿਜਨੈਸ ਕੰਪਨੀਆਂ ਤੇ ਨਿਰਭਰ ਹੁੰਦਾ ਹੈ ਅਤੇ ਕੰਪਨੀਆਂ ਫ਼ਸਲ ਦੀ ਕੁਅਇਲਟੀ ਆਦਿ ਦਾ ਬਹਾਨਾ ਬਣਾ ਕੇ ਕਿਸਾਨਾਂ ਨਾਲ ਸਮਝੌਤੇ ਨੂੰ ਕਦੇ ਵੀ ਤੋੜਨ ਦੇ ਸਮਰੱਥ ਹੁੰਦੀਆਂ ਹਨ। ਉਹ ਕਿਸਾਨਾਂ ਦੀ ਸਾਰੀ ਫ਼ਸਲ ਨੂੰ ਚੁੱਕਣ ਦਾ ਕਦੇ ਵੀ ਸਮਝੌਤਾ ਨਹੀਂ ਕਰਦੀਆਂ ਅਤੇ ਬਾਕੀ ਫ਼ਸਲ ਨੂੰ ਕੌਡੀਆਂ ਭਾਅ ਸੁੱਟਣ/ਵੇਚਣ ਲਈ ਕਿਸਾਨ ਖੱਜਲ ਖੁਆਰ ਹੋਣ ਨੂੰ ਸਰਾਪੇ ਰਹਿੰਦੇ ਹਨ। ਕਾਨੂੰਨ ਅਨੁਸਾਰ ਕੰਪਨੀਆਂ ਨੇ ਕਿਸਾਨਾਂ ਨਾਲ ਪੰਜ ਸਾਲਾਂ ਲਈ ਸਮਝੌਤਾ ਕਰਨਾ ਹੁੰਦਾ ਹੈ ਪਰ ਇਸ ਸਮੇਂ ਦੌਰਾਨ ਕਿਸਾਨ ਦੇ ਸਾਰੇ ਇਨਪੁੱਟਸ ਇੰਜਣ ਅਤੇ ਹੋਰ ਸੰਦ ਬੇਕਾਰ ਹੋਣ ਨਾਲ ਉਹ ਖੇਤੀਬਾੜੀ ਕਰਨ ਤੋ ਅਸਮਰਥ ਹੋ ਜਾਂਦੇ ਹਨ ਅਤੇ ਭਾਰਤ ਵਰਗੇ ਦੇਸ਼ ਅੰਦਰ ਖੇਤੀਬਾੜੀ ਧੰਦੇ ਨੂੰ ਛੱਡ ਕੇ ਖੇਤੀ ਕਿਸਾਨਾਂ ਦਾ ਧੰਦਾ ਖੁੱਸ ਜਾਂਦਾ ਹੈ। ਠੇਕਾ ਖੇਤੀ ਸਿਸਟਮ ਭਾਰਤ ਦੇ ਭਾਈਚਾਰਕ ਰਿਸ਼ਤਿਆਂ ਦੀ ਤਬਾਹੀ ਦਾ ਕਾਰਨ ਬਣੇਗਾ। ਭਾਰਤ ਦੀ ਮੌਜੂਦਾ ਕਿਸਾਨ ਲਹਿਰ ਭਾਰਤ ਦੇ ਇਤਿਹਾਸ ਦੀ ਨਵੀਂ ਵਾਰਤਾ ਲਿਖ ਸਕਦੀ ਹੈ ਅਤੇ ਰੂਸ ਦੇ 1905 ਇਨਕਲਾਬ ਵਾਂਗ ਭਾਰਤ ਦੇ ਆਉਣ ਵਾਲੇ ਇਤਿਹਾਸ ਲਈ ਮੀਲ ਲਈ ਪੱਥਰ ਸਾਬਿਤ ਹੋ ਸਕਦੀ ਹਨ। ਇਹ ਤਾਂ ਹੀ ਸੰਭਵ ਹੈ, ਜੇ ਭਾਰਤ ਦੇ ਕਿਸਾਨ-ਮਜ਼ਦੂਰਾਂ ਦੇ ਹਿੱਤ ਵਿਚ ਖੜ੍ਹਨ ਵਾਲੇ ਚਿੰਤਨਸ਼ੀਲ ਬੁਧੀਜੀਵੀਆਂ ਅਤੇ ਕਿਸਾਨ ਅੰਦੋਲਨ ਚਲਾ ਰਹੇ ਮਜ਼ਦੂਰ-ਕਿਸਾਨ ਜਥੇਬੰਦੀਆਂ ਦੇ ਆਗੂ ਇਸ ਕਿਸਾਨ ਲਹਿਰ ਨੂੰ ਸੁਚਾਰੂ ਢੰਗ ਅਤੇ ਜ਼ਿੰਮੇਵਾਰੀ ਨਾਲ ਚਲਾਉਣ ਅਤੇ ਉਨ੍ਹਾਂ ਸਿਰ ਇਹ ਇਤਿਹਾਸਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੇਸੀ-ਵਿਦੇਸ਼ੀ ਕਾਰਪੋਰੇਟਾਂ ਵੱਲੋਂ ਤਿੰਨ ਖੇਤੀ ਕਾਨੂੰਨਾਂ ਰਾਹੀਂ ਵਿੱਢੇ ਸਾਂਝੇ ਹੱਲੇ ਦਾ ਜੁਰਅਤ ਅਤੇ ਸੋਝੀ ਨਾਲ ਟਾਕਰਾ ਕਰਨ।

**ਲੇਖਕ : ਮੋਹਨ ਸਿੰਘ (ਡਾ.)**
**ਸੰਪਰਕ:** 78883-27695

# ਮਰਿਆਦਾ ਭੁੱਲ ਕੇ ਕੂੜ ਪ੍ਰਚਾਰਕ ਬਣੇ ਭਾਰਤ ਦੇ ਨਿਊਜ਼ ਚੈਨਲ

ਕੁਝ ਇਕ ਨੂੰ ਛੱਡ ਕੇ ਭਾਰਤੀ ਇਲੈਕਟ੍ਰਾਨਿਕ ਮੀਡੀਆ (ਨਿਊਜ਼ ਚੈਨਲ) ਇਸ ਵੇਲੇ ਨੈਤਿਕਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਿਆ ਹੈ। ਭਾਰਤ ਦੀ ਡੁੱਬਦੀ ਹੋਈ ਅਰਥ ਵਿਵਸਥਾ, ਰਸਾਤਲ ਵੱਲ ਜਾ ਰਹੀ ਜੀਡੀਪੀ, ਭੁੱਖਮਰੀ, ਗ਼ਰੀਬੀ, ਨਾਬਰਾਬਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਕੋਰੋਨਾ ਆਦਿ ਦੇ ਪ੍ਰਕੋਪ ਨੂੰ ਭੁੱਲ ਕੇ ਅਰਥਹੀਣ ਖ਼ਬਰਾਂ ਦਾ ਕਚੂੰਮਰ ਕੱਢਣ 'ਤੇ ਲੱਗੇ ਹੋਏ ਹਨ। ਪੁਲਵਾਮਾ ਵਿਖੇ (14 ਫਰਵਰੀ 2019) ਸੀਆਰਪੀਐੱਫ 'ਤੇ ਹੋਏ ਫਿਦਾਈਨ ਹਮਲੇ ਅਤੇ ਚੀਨ ਨਾਲ ਚੱਲ ਰਹੇ ਸਰਹੱਦੀ ਵਿਵਾਦ ਵੇਲੇ ਤਾਂ ਅਜਿਹੇ ਚੈਨਲਾਂ ਨੇ ਜਨਤਾ ਨੂੰ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਸੀ ਕਿ ਬਸ ਜੰਗ ਲੱਗੀ ਕਿ ਲੱਗੀ। ਖ਼ਬਰਾਂ ਵੇਖ ਕੇ ਲੱਗਦਾ ਸੀ ਕਿ ਭਾਰਤੀ ਫ਼ੌਜ ਚੀਨ ਅਤੇ ਪਾਕਿਸਤਾਨ ਵੱਲ ਕੂਚ ਕਰਨ ਲਈ ਬਸ ਚੈਨਲਾਂ ਦੇ ਹੁਕਮਾਂ ਦੀ ਉਡੀਕ ਕਰ ਰਹੀ ਹੈ। ਨਿਊਜ਼ ਐਂਕਰ ਇਸ ਤਰ੍ਹਾਂ ਉੱਛਲ-ਕੁੱਦ ਰਹੇ ਸਨ ਜਿਵੇਂ ਭਾਰਤ ਦੀਆਂ ਅੰਤਰ ਮਹਾਦੀਪੀ ਮਿਜ਼ਾਈਲਾਂ ਦਾ ਕੰਟਰੋਲ ਇਨ੍ਹਾਂ ਦੇ ਹੱਥ 'ਚ ਹੋਵੇ। ਚੀਨ ਨੂੰ ਤਾਂ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਾਨਪੁਰ ਦੇ ਬਦਮਾਸ਼ ਵਿਕਾਸ ਦੂਬੇ ਦਾ, ਜਿਸ ਨੇ ਅੱਠ ਪੁਲਿਸ ਵਾਲਿਆਂ ਦੀ ਹੱਤਿਆ ਕਰ ਕੇ ਉਸ ਨੂੰ ਤਬਾਹੀ ਤੋਂ ਬਚਾ ਲਿਆ! ਇਸ ਹੱਤਿਆਕਾਂਡ ਤੋਂ ਬਾਅਦ ਸਾਰੇ ਚੈਨਲਾਂ ਵਾਲੇ ਚੀਨ ਅਤੇ ਪਾਕਿਸਤਾਨ ਨੂੰ ਭੁੱਲ ਕੇ ਵਿਕਾਸ ਦੂਬੇ ਦੇ ਪਿੱਛੇ ਹੱਥ ਧੋ ਕੇ ਪੈ ਗਏ। ਲੋਕਾਂ ਦੀ ਵਿਕਾਸ ਦੂਬੇ ਦੀਆਂ ਖ਼ਬਰਾਂ ਤੋਂ ਉਸ ਵੇਲੇ ਜਾਨ ਛੁੱਟੀ ਜਦੋਂ ਉਸ ਦਾ 10 ਜੁਲਾਈ ਨੂੰ ਇਕ ਪੁਲਿਸ ਮੁਕਾਬਲੇ ਵਿਚ ਅੰਤ ਹੋ ਗਿਆ। ਫਿਰ ਸਾਡੇ ਮਹਾਨਾਇਕ ਅਮਿਤਾਭ ਬੱਚਨ ਅਤੇ ਉਸ ਦੇ ਪਰਿਵਾਰ ਨੂੰ ਕੋਰੋਨਾ ਹੋ ਗਿਆ। ਸਾਰੇ ਚੈਨਲ ਕੈਮਰੇ ਲੈ ਕੇ ਉਸ ਦੇ ਘਰ ਅਤੇ ਹਸਪਤਾਲ ਵਿਚ ਵੜਨ ਤਕ ਪਹੁੰਚ ਗਏ। ਟੀਵੀ 'ਤੇ ਸਿਰਫ਼ ਇਹ ਖ਼ਬਰਾਂ ਆਉਣ ਲੱਗੀਆਂ ਕਿ ਅੱਜ ਅਮਿਤਾਭ ਬੱਚਨ ਨੇ ਥੋੜ੍ਹੇ ਜਿਹੇ ਦਹੀਂ-ਚੌਲ ਖਾਧੇ ਹਨ, ਅੱਜ ਉਸ ਨੇ ਜੂਸ ਪੀਤਾ ਅਤੇ ਅੱਜ ਉਸ ਨੇ ਚਾਰ ਘੰਟੇ ਨੀਂਦ ਲਈ ਹੈ। ਸਾਰੇ ਚੈਨਲਾਂ ਨੂੰ ਇਹ ਪਰੇਸ਼ਾਨੀ ਸੀ ਕਿ ਜਯਾ ਬੱਚਨ ਨੂੰ ਕੋਰੋਨਾ ਕਿਉਂ ਨਹੀਂ ਹੋਇਆ! ਕੀ ਉਸ ਦੀ ਅਮਿਤਾਭ ਬੱਚਨ ਨਾਲ ਨਹੀਂ ਬਣਦੀ? ਨਿਊਜ਼ ਚੈਨਲਾਂ ਦਾ ਸਭ ਤੋਂ ਤਾਜ਼ਾ ਸ਼ਿਕਾਰ ਬਣੀ ਹੈ ਆਤਮ ਹੱਤਿਆ ਕਰਨ ਵਾਲੇ ਐਕਟਰ ਸੁਸ਼ਾਂਤ ਸਿੰਘ ਰਾਜਪੂਤ ਦੀ ਪ੍ਰੇਮਿਕਾ ਰੀਆ ਚੱਕਰਵਰਤੀ। ਸਵੇਰ ਤੋਂ ਸ਼ਾਮ ਤਕ ਸਾਰੇ ਨਿਊਜ਼ ਚੈਨਲ ਸੁਸ਼ਾਂਤ ਸਿੰਘ ਰਾਜਪੂਤ ਦੀ ਆਤਮ ਹੱਤਿਆ ਨੂੰ ਹੱਤਿਆ ਦਾ ਰੂਪ ਦੇਣ 'ਚ ਰੁੱਝ ਗਏ ਹਨ। ਬਿਨਾਂ ਮੁਕੱਦਮਾ ਦਰਜ ਹੋਏ ਅਤੇ ਅਦਾਲਤੀ ਕੇਸ ਚੱਲੇ ਰੀਆ ਇਸ ਵੇਲੇ ਹੱਤਿਆ ਦੀ ਮੁਲਜ਼ਮ ਠਹਿਰਾ ਦਿੱਤੀ ਗਈ ਹੈ ਅਤੇ ਚੈਨਲ ਉਸ ਦੇ ਗਲੇ 'ਚ ਫਾਂਸੀ ਦਾ ਫੰਦਾ ਪਾਉਣ ਲਈ ਤਿਆਰ ਹੋਏ ਬੈਠੇ ਹਨ। ਇਕ ਚੈਨਲ ਨੇ ਤਾਂ ਪੱਤਰਕਾਰੀ ਦੀ ਮਰਿਆਦਾ ਦੀਆਂ ਸਾਰੀਆਂ ਹੱਦਾਂ ਪਾਰ ਕਰਦੇ ਹੋਏ ਇਹ ਦਾਅਵਾ ਕੀਤਾ ਕਿ ਸਾਡੇ ਕੋਲ ਸੁਸ਼ਾਂਤ ਸਿੰਘ ਰਾਜਪੂਤ ਦੀਆਂ ਅਜਿਹੀਆਂ ਐਕਸਕਲੂਸਿਵ ਤਸਵੀਰਾਂ ਹਨ ਜੋ ਪਹਿਲਾਂ ਕਦੇ ਵੀ ਵਿਖਾਈਆਂ ਨਹੀਂ ਗਈਆਂ ਅਤੇ ਉਸ ਦੀ ਲਾਸ਼ ਦੀਆਂ ਤਸਵੀਰਾਂ ਚੈਨਲ 'ਤੇ ਵਿਖਾ ਦਿੱਤੀਆਂ। ਵੇਖ ਕੇ ਮਹਿਸੂਸ ਹੁੰਦਾ ਸੀ ਕਿ ਅਸਲ ਵਿਚ ਇਹ ਸੁਸ਼ਾਂਤ ਸਿੰਘ ਰਾਜਪੂਤ ਦੀਆਂ ਨਹੀਂ ਸਗੋਂ ਭਾਰਤੀ ਇਲੈਕਟ੍ਰਾਨਿਕ ਮੀਡੀਆ ਦੇ ਇਕ ਗ਼ੈਰ ਸੰਜੀਦਾ ਵਰਗ ਦੀਆਂ ਤਸਵੀਰਾਂ ਹਨ। ਇਸ ਤੋਂ ਘਿਨੌਣੀ ਕਰਤੂਤ ਅੱਜ ਤਕ ਕਿਸੇ ਨਿਊਜ਼ ਚੈਨਲ ਨੇ ਨਹੀਂ ਕੀਤੀ ਹੋਵੇਗੀ ਕਿ ਪੀੜਤ ਦੀ ਲਾਸ਼ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਇਸ ਸਾਰੇ ਘਟਨਾਚੱਕਰ 'ਚ ਰੀਆ ਚੱਕਰਵਰਤੀ ਨੂੰ ਸੁਸ਼ਾਂਤ ਸਿੰਘ ਰਾਜਪੂਤ ਨੂੰ ਡਰੱਗਜ਼ ਦੇਣ ਵਾਲੀ, ਉਸ ਦੇ ਪੈਸੇ ਹੜੱਪਣ ਵਾਲੀ ਅਤੇ ਕਤਲ ਕਰਨ ਵਾਲੀ ਔਰਤ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਨਿਊਜ਼ ਚੈਨਲਾਂ ਵਾਲੇ ਦਿਨ-ਰਾਤ ਉਸ ਦੀ ਬਿਲਡਿੰਗ ਦੇ ਬਾਹਰ ਕੈਮਰੇ ਲੈ ਕੇ ਬੈਠੇ ਹੋਏ ਉਸ ਦੇ ਪਰਿਵਾਰ ਨੂੰ ਤੰਗ-ਪਰੇਸ਼ਾਨ ਕਰ ਰਹੇ ਹਨ। ਇੱਥੋਂ ਤਕ ਕਿ ਇਕ ਦਿਨ ਉਨ੍ਹਾਂ ਨੂੰ ਖਾਣਾ ਪਹੁੰਚਾਉਣ ਲਈ ਆਏ ਜ਼ੋਮੈਟੋ ਦੇ ਡਲਿਵਰੀ ਵਾਲੇ ਨੂੰ ਵੀ ਘੇਰ ਲਿਆ ਗਿਆ। ਵਿਚਾਰੇ ਨੇ ਬਹੁਤ ਮੁਸ਼ਕਲ ਨਾਲ ਮੋਟਰਸਾਈਕਲ ਭਜਾ ਕੇ ਖਹਿੜਾ ਛੁਡਾਇਆ। ਚੈਨਲਾਂ ਦੀਆਂ ਇਨ੍ਹਾਂ ਵਧੀਕੀਆਂ ਕਾਰਨ ਪਤਾ ਨਹੀਂ ਰੀਆ ਦੇ ਪਰਿਵਾਰ 'ਤੇ ਕੀ ਗੁਜ਼ਰ ਰਹੀ ਹੋਵੇਗੀ? ਪੇਸ਼ੀ 'ਤੇ ਜਾਂਦੇ ਸਮੇਂ ਇਕ ਦਿਨ ਖਿਝੀ ਤੇ ਘਬਰਾਈ ਹੋਈ ਰੀਆ ਨੇ ਅੰਦਰੋਂ ਆਪਣੀ ਕਾਰ ਦੇ ਬੰਦ ਸ਼ੀਸ਼ੇ 'ਤੇ ਅਰਕ ਮਾਰ ਦਿੱਤੀ ਤਾਂ ਸਾਰਾ ਦਿਨ ਇਹੀ ਵਿਖਾਈ ਗਏ ਕਿ ਇਸ ਨੇ ਅਜਿਹਾ ਇਸ ਲਈ ਕੀਤਾ ਕਿਉਂਕਿ ਇਹ ਅਪਰਾਧੀ ਹੈ ਅਤੇ ਇਸ ਨੇ ਵਿਚਾਰੇ 'ਸ਼ਰੀਫ' ਚੈਨਲ ਵਾਲੇ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਸਾਰੀਆਂ ਵਾਹਯਾਤ ਹਰਕਤਾਂ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਤਫ਼ਤੀਸ਼ ਕਰ ਰਹੀ ਸੀਬੀਆਈ ਦੀ ਜਾਂਚ ਮੁਕੰਮਲ ਹੋਣ ਤੋਂ ਪਹਿਲਾਂ ਹੀ ਕੀਤੀਆਂ ਜਾ ਰਹੀਆਂ ਹਨ। ਇਹ ਅਜੇ ਸਾਬਤ ਨਹੀਂ ਹੋਇਆ ਕਿ ਰੀਆ ਦੋਸ਼ੀ ਹੈ ਜਾਂ ਨਹੀਂ ਅਤੇ ਕੀ ਸੁਸ਼ਾਂਤ ਸਿੰਘ ਰਾਜਪੂਤ ਦੇ ਪਰਿਵਾਰ ਵਾਲੇ ਉਸ 'ਤੇ ਬਿਨਾਂ ਵਜ੍ਹਾ ਇਲਜ਼ਾਮ ਲਗਾ ਰਹੇ ਹਨ? ਜੇ ਉਹ ਦੋਸ਼ੀ ਹੋਈ ਤਾਂ ਆਪੇ ਆਪਣਾ ਅੰਜਾਮ ਭੁਗਤ ਲਵੇਗੀ ਜਦਕਿ ਮੀਡੀਆ ਟਰਾਇਲ ਵਿਚ ਤਾਂ ਉਸ ਨੂੰ ਪਹਿਲਾਂ ਹੀ ਦੋਸ਼ੀ ਸਾਬਤ ਵੀ ਕਰ ਦਿੱਤਾ ਗਿਆ ਹੈ। ਜਾਂਚ ਏਜੰਸੀਆਂ ਵੀ ਸ਼ੱਕ ਦੇ ਘੇਰੇ 'ਚ ਆ ਰਹੀਆਂ ਹਨ। ਉਹ ਜਾਣਬੁੱਝ ਕੇ ਜਾਂਚ ਦੇ ਕੁਝ ਸੰਵੇਦਨਸ਼ੀਲ ਹਿੱਸੇ ਜਿਵੇਂ ਰੀਆ ਅਤੇ ਸੁਸ਼ਾਂਤ ਦੀ ਵ੍ਹਟਸਐਪ ਚੈਟ, ਆਪਣੇ ਚਹੇਤੇ ਚੈਨਲਾਂ ਨੂੰ ਲੀਕ ਕਰ ਰਹੀਆਂ ਹਨ। ਸੁਸ਼ਾਂਤ ਸਿੰਘ ਰਾਜਪੂਤ ਦੇ ਡਾਕਟਰ ਨੇ ਤਾਂ ਹੋਰ ਵੀ ਕਮਾਲ ਦੀ ਬੇਸ਼ਰਮੀ ਵਿਖਾਈ ਹੈ। ਡਾਕਟਰ-ਮਰੀਜ਼ ਦੀ ਗੁਪਤਤਾ ਦੀ ਸਹੁੰ (ਹਿਪੋਕਰੈਟਿਕ ਓਥ) ਚੁੱਕੀ ਹੋਣ ਦੇ ਬਾਵਜੂਦ ਸ਼ੋਹਰਤ ਦੀ ਭੁੱਖ ਅਤੇ ਟੀਵੀ ਚੈਨਲਾਂ 'ਤੇ ਆਪਣੀ ਸ਼ਕਲ ਵਿਖਾਉਣ ਦੇ ਲਾਲਚ ਵਿਚ ਉਸ ਨੇ ਸੁਸ਼ਾਂਤ ਸਿੰਘ ਰਾਜਪੂਤ ਦੇ ਮਾਨਸਿਕ ਤੌਰ 'ਤੇ ਅਸੰਤੁਲਿਤ ਹੋਣ ਅਤੇ ਇਲਾਜ ਦੀ ਸਾਰੀ ਰਿਪੋਰਟ ਹੀ ਚੈਨਲਾਂ ਨੂੰ ਵੇਚ ਦਿੱਤੀ ਹੈ। ਪਤਾ ਨਹੀਂ ਉਸ ਨੇ ਆਪਣੇ ਪੇਸ਼ੇ ਨਾਲ ਗ਼ਦਾਰੀ ਕਰਨ ਦੀ ਕਿੰਨੀ ਕੀਮਤ ਵਸੂਲੀ ਹੋਵੇਗੀ? ਆਪਣੀ ਸਫ਼ਾਈ ਦੇਣ ਲਈ ਰੀਆ ਨੇ ਪਿਛਲੇ ਹਫਤੇ ਇਕ ਭਰੋਸੇਯੋਗ ਸਮਝੇ ਜਾਣ ਵਾਲੇ ਟੀਵੀ ਚੈਨਲ 'ਤੇ ਇੰਟਰਵਿਊ ਦੇ ਕੇ ਮਾਮਲਾ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਇਹ ਸਭ ਵੀ ਉਸ ਦੇ ਉਲਟ ਗਿਆ। ਬਾਕੀ ਸਾਰੇ ਚੈਨਲ ਅਤੇ ਸੋਸ਼ਲ ਮੀਡੀਆ ਵਾਲੇ ਚਾਕੂ ਤਿੱਖੇ ਕਰ ਕੇ ਉਸ ਅਤੇ ਚੈਨਲ ਦੇ ਪਿੱਛੇ ਪੈ ਗਏ ਕਿ ਇਹ ਸਿਰਫ਼ ਹਮਦਰਦੀ ਬਟੋਰਨ ਦਾ ਪਾਖੰਡ ਹੈ। ਰੀਆ ਚੱਕਰਵਰਤੀ ਦੇ ਚਿਹਰੇ 'ਤੇ ਕਿਸੇ ਤਰ੍ਹਾਂ ਦਾ ਦੁੱਖ ਦਿਖਾਈ ਨਹੀਂ ਦੇ ਰਿਹਾ ਸੀ ਅਤੇ ਉਸ ਨੇ ਰਵਾਇਤੀ ਸੋਗ ਵਾਲੇ ਕੱਪੜੇ ਪਾਉਣ ਦੀ ਬਜਾਏ ਜੀਨਜ਼-ਟੀ ਸ਼ਰਟ ਪਹਿਨ ਕੇ ਇੰਟਰਵਿਊ ਕਿਉਂ ਦਿੱਤੀ? ਰੀਆ ਚੱਕਰਵਰਤੀ ਨੇ ਲਗਪਗ ਰੋਂਦੇ ਹੋਏ ਦੱਸਿਆ ਕਿ ਕਿਵੇਂ ਚਿੱਕੜ ਉਛਾਲਣ ਵਾਲੇ ਬਿਜਲਈ ਮੀਡੀਆ ਦੇ ਪ੍ਰਚਾਰ ਨੇ ਉਸ ਦੀ ਅਤੇ ਉਸ ਦੇ ਪਰਿਵਾਰ ਦੀ ਜ਼ਿੰਦਗੀ ਨਰਕ ਬਣਾ ਕੇ ਰੱਖ ਦਿੱਤੀ ਹੈ। ਉਹ ਆਪਣੇ ਘਰ ਤੋਂ ਬਾਹਰ ਪੈਰ ਨਹੀਂ ਰੱਖ ਸਕਦੇ ਅਤੇ ਉਸ ਨੂੰ ਲਗਾਤਾਰ ਜਬਰ-ਜਨਾਹ ਅਤੇ ਕਤਲ ਦੀਆਂ ਧਮਕੀਆਂ ਮਿਲ ਰਹੀਆਂ ਹਨ। ਇਲੈਕਟ੍ਰਾਨਿਕ ਮੀਡੀਆ ਨੇ ਰੀਆ ਚੱਕਰਵਰਤੀ ਨੂੰ ਦੋਸ਼ੀ ਐਲਾਨ ਦਿੱਤਾ ਹੈ ਭਾਵੇਂ ਕਿ ਅਜੇ ਸੀਬੀਆਈ ਦੀ ਜਾਂਚ ਮੁੱਢਲੇ ਪੜਾਅ 'ਤੇ ਹੈ। ਭਾਰਤੀ ਮੀਡੀਆ ਨੇ ਅਜਿਹਾ ਹੀ ਵਿਹਾਰ 2008 ਵਿਚ ਹੋਏ ਅਰੁਸ਼ੀ ਤਲਵਾੜ ਕਤਲ ਕੇਸ ਵਿਚ ਉਸ ਦੀ ਮਾਂ ਨੂਪੁਰ ਤਲਵਾੜ ਨਾਲ ਕੀਤਾ ਸੀ ਜਦੋਂ ਉਸ ਨੇ ਇਕ ਟੀਵੀ ਚੈਨਲ ਨੂੰ ਇੰਟਰਵਿਊ ਦਿੱਤੀ ਸੀ। ਅਗਲੇ ਦਿਨ ਬਾਕੀ ਨਿਊਜ਼ ਚੈਨਲ ਉਸ ਇੰਟਰਵਿਊ ਦੀਆਂ ਧੱਜੀਆਂ ਉਡਾਉਂਦੇ ਰਹੇ ਕਿ ਉਹ ਜ਼ਿਆਦਾ ਦੁਖੀ ਦਿਖਾਈ ਨਹੀਂ ਦੇ ਰਹੀ ਸੀ ਤੇ ਇੰਟਰਵਿਊ ਦੌਰਾਨ ਇਕ ਵਾਰ ਵੀ ਰੋਈ ਕਿਉਂ ਨਹੀਂ? ਉਹ ਗੱਲ ਅਲੱਗ ਹੈ ਕਿ ਉਸ ਕੇਸ 'ਚ ਮੀਡੀਆ ਟਰਾਇਲ ਦੇ ਬਾਵਜੂਦ 12 ਅਕਤੂਬਰ 2017 ਨੂੰ ਅਲਾਹਾਬਾਦ ਹਾਈ ਕੋਰਟ ਨੇ ਤਲਵਾੜ ਜੋੜੇ ਨੂੰ ਅਰੁਸ਼ੀ ਕਤਲਕਾਂਡ ਦੇ ਦੋਸ਼ਾਂ 'ਚੋਂ ਬਰੀ ਕਰ ਦਿੱਤਾ ਸੀ। ਤਲਵਾੜ ਜੋੜੇ ਨੂੰ ਕਈ ਮਹੀਨੇ ਜੇਲ੍ਹ ਵਿਚ ਰਹਿਣਾ ਪਿਆ ਸੀ ਅਤੇ ਕੁੜੀਮਾਰ ਹੋਣ ਦੀ ਜੋ ਬਦਨਾਮੀ ਝੱਲਣੀ ਪਈ ਸੋ ਅਲੱਗ। ਵੈਸੇ ਰੀਆ ਚੱਕਰਵਰਤੀ ਦੀ ਦਾਦ ਦੇਣੀ ਬਣਦੀ ਹੈ ਕਿ ਇੰਨਾ ਦਬਾਅ ਝੱਲਣ ਦੇ ਬਾਵਜੂਦ ਉਹ ਚੱਟਾਨ ਵਾਂਗ ਇਸ ਕੂੜ-ਪ੍ਰਚਾਰ ਦਾ ਸਾਹਮਣਾ ਕਰ ਰਹੀ ਹੈ। ਇਸ ਮੌਕੇ ਦਾਅਵੇ ਨਾਲ ਇਹ ਤਾਂ ਨਹੀ ਕਿਹਾ ਜਾ ਸਕਦਾ ਕਿ ਉਹ ਬੇਗੁਨਾਹ ਹੈ ਪਰ ਮੀਡੀਆ ਨੂੰ ਘੱਟੋ-ਘੱਟ ਸੀਬੀਆਈ ਨੂੰ ਤਾਂ ਉਸ ਦਾ ਕੰਮ ਕਰਨ ਦੇਣਾ ਚਾਹੀਦਾ ਹੈ। ਜੇ ਕਿਤੇ ਸੀਬੀਆਈ ਨੇ ਰੀਆ ਨੂੰ ਕਲੀਨ ਚਿੱਟ ਦੇ ਦਿੱਤੀ, ਜਿਸ ਦੀ ਅੱਜ ਦੇ ਹਾਲਾਤ ਮੁਤਾਬਕ ਉਮੀਦ ਘੱਟ ਹੀ ਲੱਗਦੀ ਹੈ ਤਾਂ ਪਤਾ ਨਹੀਂ ਸਾਡਾ ਕਥਿਤ ਦੇਸ਼ ਭਗਤ ਇਲੈਕਟ੍ਰਾਨਿਕ ਮੀਡੀਆ ਸੀਬੀਆਈ ਦਾ ਕੀ ਹਾਲ ਕਰੇਗਾ। ਸਾਰੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਇਸ ਕੇਸ 'ਚ ਕੋਈ ਰਾਇ ਬਣਾਉਣ ਤੋਂ ਪਹਿਲਾਂ ਨਿਰਪੱਖ ਮੀਡੀਆ ਰਿਪੋਰਟਾਂ ਜ਼ਰੂਰ ਦੇਖਣ-ਸੁਣਨ ਅਤੇ ਪੜ੍ਹਨ।

**ਲੇਖਕ : ਬਲਰਾਜ ਸਿੱਧੂ ਐੱਸਪੀ**

# ’84 ਦਾ ਸਿੱਖ ਕਤਲੇਆਮ





ਪੀੜਤਾਂ ਲਈ ਨਿਆਂ ਦੀ ਆਸ ਲਗਪਗ ਮੁੱਕ ਚੁੱਕੀ ਹੈ। ਆਪਣੇ ਪੁੱਤਰਾਂ ਨੂੰ ਖੋ ਚੁੱਕੀਆਂ ਜ਼ਿਆਦਾਤਰ ਬਜ਼ੁਰਗ ਮਾਵਾਂ ਨਿਆਂ ਦੀ ਉਡੀਕ ਵਿੱਚ ਆਪਣੇ ਦਰਦਾਂ ਨਾਲ ਜਹਾਨੋਂ ਰੁਖ਼ਸਤ ਹੋ ਚੁੱਕੀਆਂ ਹਨ। ਨਿਆਂ ਪ੍ਰਣਾਲੀ ਦੀ ਹੋਣੀ ਅੱਗੇ ਤਿਲਕ ਵਿਹਾਰ ਦੀ ਵਿਧਵਾ ਕਲੋਨੀ ਨੇ ਵੀ ਕਦੋਂ ਦੇ ਗੋਡੇ ਟੇਕ ਦਿੱਤੇ ਹਨ। ਸੈਂਕੜੇ ਪੀੜਤ ਚਸ਼ਮਦੀਦਾਂ ਦੇ ਹਲਫ਼, ਕਈ ਜਾਂਚ ਕਮਿਸ਼ਨ ਤੇ ਕਮੇਟੀਆਂ ਵੱਲੋਂ ਤਸਦੀਕ ਕੀਤੇ ਮੁਜਰਮਾਂ ਨੂੰ ਬਚਾਅ ਰਹੇ ਸਿਆਸੀ ਦਾਅ-ਪੇਚਾਂ ਅੱਗੇ ਕਾਨੂੰਨ ਬੌਣਾ ਸਾਬਿਤ ਹੋਇਆ ਹੈ। ਮੀਡੀਆ ਵਿੱਚ ਵੀ ਆਪਣਾ ਵਜੂਦ ਖੋ ਚੁੱਕੀਆਂ ਚੁਰਾਸੀ ਦੇ ਦੰਗਿਆ ਦੀ ਜਾਂਚ ਨਾਲ ਸਬੰਧਤ ਖ਼ਬਰਾਂ ਅਖ਼ਬਾਰਾਂ ਦੇ ਅਖ਼ੀਰਲੇ ਪੰਨਿਆਂ ਤਕ ਖਿਸਕ ਗਈਆਂ ਹਨ।

# ਸੰਪਰਦਾਇਕ ਕਤਲੇਆਮ ਜਾਂ ਰਾਜਨੀਤਕ ਨਸਲਕੁਸ਼ੀ ?



ਭਾਰਤੀ ਲੋਕਤੰਤਰ ਦੇ ਮੱਥੇ ਦਾ ਕਲੰਕ ਬਣ ਚੁੱਕੇ ਵਹਿਸ਼ੀਪੁਣੇ ਦੇ ਚਾਰ ਦਿਨਾਂ ਦੇ ਜ਼ਖ਼ਮ ਬੱਤੀ ਸਾਲ ਬੀਤ ਜਾਣ ਬਾਅਦ ਵੀ ਸਿੱਖ ਦੰਗਾ ਪੀੜਤਾਂ ਲਈ ਜਿਉਂ ਦੇ ਤਿਉਂ ਹਨ। ਪੀੜਤਾਂ ਲਈ ਨਿਆਂ ਦੀ ਆਸ ਲਗਪਗ ਮੁੱਕ ਚੁੱਕੀ ਹੈ।ਆਪਣੇ ਪੁੱਤਰਾਂ ਨੂੰ ਖੋ ਚੁੱਕੀਆਂ ਜ਼ਿਆਦਾਤਰ ਬਜ਼ੁਰਗ ਮਾਵਾਂ ਨਿਆਂ ਦੀ ਉਡੀਕ ਵਿੱਚ ਆਪਣੇ ਦਰਦਾਂ ਨਾਲ ਜਹਾਨੋਂ ਰੁਖ਼ਸਤ ਹੋ ਚੁੱਕੀਆਂ ਹਨ। ਨਿਆਂ ਪ੍ਰਣਾਲੀ ਦੀ ਹੋਣੀ ਅੱਗੇ ਤਿਲਕ ਵਿਹਾਰ ਦੀ ਵਿਧਵਾ ਕਲੋਨੀ ਨੇ ਵੀ ਕਦੋਂ ਦੇ ਗੋਡੇ ਟੇਕ ਦਿੱਤੇ ਹਨ। ਸੈਂਕੜੇ ਪੀੜਤ ਚਸ਼ਮਦੀਦਾਂ ਦੇ ਹਲਫ਼, ਕਈ ਜਾਂਚ ਕਮਿਸ਼ਨ ਅਤੇ ਕਮੇਟੀਆਂ ਵੱਲੋਂ ਤਸਦੀਕ ਕੀਤੇ ਮੁਜਰਮਾਂ ਨੂੰ ਬਚਾਅ ਰਹੇ ਸਿਆਸੀ ਦਾਅ-ਪੇਚਾਂ ਅੱਗੇ ਕਾਨੂੰਨ ਬੌਣਾ ਸਾਬਿਤ ਹੋਇਆ ਹੈ।ਮੀਡੀਆ ਵਿੱਚ ਵੀ ਆਪਣਾ ਵਜੂਦ ਖੋ ਚੁੱਕੀਆਂ ਚੁਰਾਸੀ ਦੇ ਦੰਗਿਆ ਦੀ ਜਾਂਚ ਨਾਲ ਸਬੰਧਤ ਖ਼ਬਰਾਂ ਅਖ਼ਬਾਰਾਂ ਦੇ ਅਖ਼ੀਰਲੇ ਪੰਨਿਆਂ ਤਕ ਖਿਸਕ ਗਈਆਂ ਹਨ।

ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਵਾਪਰੇ ਸੰਪਰਦਾਇਕ ਦੰਗਿਆਂ ਦੀ ਭੜਕਾਹਟ ਪਿੱਛੇ ਜਾਤੀਵਾਦ ਅਤੇ ਧਾਰਮਿਕ ਸਰੋਕਾਰਾਂ ਦੀ ਭੂਮਿਕਾ ਵਧੇਰੇ ਰਹੀ ਹੈ।ਪਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਨਿਰੋਲ ਰਾਜਨੀਤਕ ਸ਼ਹਿ ’ਤੇ ਅੰਜਾਮ ਦਿੱਤਾ ਗਿਆ।ਵਿਸ਼ੇਸ਼ ਰਾਜਨੀਤਕ ਦਲ ਨੂੰ ਬਚਾਉਣ ਲਈ ਹਿੰਦੂ-ਸਿੱਖ ਸੰਪਰਦਾਇਕ ਦੰਗਿਆਂ ਦੀ ਰੰਗਤ ਦੇਣ ਦੀ ਕੋਸ਼ਿਸ਼ ਕਰਕੇ ਦੋ ਫ਼ਿਰਕਿਆਂ ਦੀ ਏਕਤਾ ਅਤੇ ਦੇਸ਼ ਦੀ ਅਖੰਡਤਾ ਨੂੰ ਦਾਅ ’ਤੇ ਲਾ ਦਿੱਤਾ ਗਿਆ। ਚਾਰ ਦਿਨਾਂ ਵਿੱਚ ਦਿੱਲੀ ਸਮੇਤ ਭਾਰਤ ਦੇ ਕਈ ਸ਼ਹਿਰਾਂ ਵਿੱਚ ਅੱਠ ਹਜ਼ਾਰ ਤੋਂ ਵਧੇਰੇ ਸਿੱਖਾਂ ਨੂੰ ਜਿਉਂਦੇ ਸਾੜ ਕੇ ਮਾਰ ਦਿੱਤਾ ਗਿਆ। ਉਕਤ ਕਤਲੇਆਮ ਇੱਕੋ ਜਿਹੇ ਯੋਜਨਾਬੱਧ ਤਰੀਕੇ ਨਾਲ ਕਾਂਗਰਸ ਦੇ ਸ਼ਾਸਨ ਵਾਲੇ ਪ੍ਰਦੇਸ਼ਾਂ ਵਿੱਚ ਹੀ ਵਧੇਰੇ ਵਾਪਰਿਆ। ਇਸ ਕਤਲੋਗਾਰਦ ਦੇ ਪਿੱਛੇ ਰਾਜਨੀਤਕ ਸ਼ਮੂਲੀਅਤ ਦੇ ਪ੍ਰਤੱਖ ਤੱਥਾਂ ਤੋਂ ਮੁਨਕਰ ਹੋਣਾ ਅਸੰਭਵ ਹੈ।31 ਅਕਤੂਬਰ ਤੋਂ 3 ਨਵੰਬਰ ਤਕ ਦੰਗਿਆਂ ਦੇ ਚਾਰ ਦਿਨਾਂ ਭਿਆਨਕ ਕਤਲੇਆਮ ਵਿੱਚ ਕਈ ਵੱਡੇ ਕਾਂਗਰਸੀ ਆਗੂਆਂ ਦੀ ਸ਼ਮੂਲੀਅਤ ਦੀ ਪੁਸ਼ਟੀ ਵੱਖ-ਵੱਖ ਜਾਂਚ ਕਮਿਸ਼ਨ ਅਤੇ ਕਮੇਟੀਆਂ ਕਰ ਚੁੱਕੀਆਂ ਹਨ।31 ਅਕਤੂਬਰ ਦੇ ਘਟਨਾਕ੍ਰਮ ’ਤੇ ਨਜ਼ਰ ਮਾਰੀ ਜਾਵੇ ਤਾਂ ਕਰੀਬ 9:20 ਵਜੇ ਸ੍ਰੀਮਤੀ ਇੰਦਰਾ ਗਾਂਧੀ ਉੱਪਰ ਉਸ ਦੇ ਅੰਗ ਰੱਖਿਅਕਾਂ ਨੇ ਗੋਲੀਆਂ ਦਾਗ਼ੀਆਂ। ਇੰਦਰਾ ਗਾਂਧੀ ਨੂੰ ਤੁਰੰਤ ਏਮਜ਼ ਹਸਪਤਾਲ ਲਿਜਾਇਆ ਗਿਆ।ਲਗਪਗ ਗਿਆਰਾਂ ਵਜੇ ਆਲ ਇੰਡੀਆ ਰੇਡੀ ’ਤੇ ਸ੍ਰੀਮਤੀ ਗਾਂਧੀ ’ਤੇ ਹਮਲੇ ਦਾ ਪ੍ਰਸਾਰਨ ਭੜਕਾਊ ਤਰੀਕੇ ਨਾਲ ਪੇਸ਼ ਕਰਨਾ ਹੈਰਾਨੀਜਨਕ ਸੀ। ਇਸ ਵਿੱਚ ਵਿਸ਼ੇਸ਼ ਤੌਰ ’ਤੇ ਕਿਹਾ ਗਿਆ ਕਿ ਸ੍ਰੀਮਤੀ ਗਾਂਧੀ ਉੱਪਰ ਗੋਲੀਆਂ ਦਾਗ਼ਣ ਵਾਲੇ ਅੰਗ ਰੱਖਿਅਕ ਸਿੱਖ ਸਨ। ਏਮਜ਼ ਅੱਗੇ ਇਕੱਠੀ ਹੋ ਰਹੀ ਭੀੜ ਨੇ ਭੜਕਾਊ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਸਨ। ਵਿਦੇਸ਼ੀ ਦੌਰਾ ਵਿਚਕਾਰ ਛੱਡ ਕੇ ਪਰਤੇ ਰਾਸ਼ਟਰਪਤੀ ਦੀ ਕਾਰ ਉੱਪਰ ਵੀ ਪੱਥਰ ਮਾਰੇ ਗਏ। ਇਸ ਦੌਰਾਨ ਪੁਲੀਸ ਮੂਕ ਦਰਸ਼ਕ ਬਣੀ ਰਹੀ। ਸ਼ਾਮ ਢਲਦੇ-ਢਲਦੇ ਸਥਾਨਕ ਮੁਹੱਲਿਆਂ ਦੇ ਸਥਾਨਕ ਕਾਂਗਰਸੀ ਆਗੂਆਂ ਦੀ ਅਗਵਾਈ ਵਿੱਚ ਗੁੰਡਿਆਂ ਦੀ ਭੀੜ ਵੱਲੋਂ ਦਿੱਲੀ ਦੇ ਕਈ ਇਲਾਕਿਆਂ ਵਿੱਚ ਵਿਸ਼ੇਸ਼ ਫ਼ਿਰਕੇ ਦੇ ਲੋਕਾਂ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ ਗਈ। ਇਸ ਦੌਰਾਨ ਲਗਪਗ 6:55 ਵਜੇ ਸ਼ਾਮ ਨੂੰ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ ਗਈ। ਤੀਨ ਮੂਰਤੀ ਭਵਨ ਵਿੱਚ ਅੰਤਿਮ ਦਰਸ਼ਨਾਂ ਲਈ ਰੱਖੀ ਇੰਦਰਾ ਗਾਂਧੀ ਦੀ ਦੇਹ ਕੋਲ ਜਮ੍ਹਾਂ ਭੀੜ ਅਤਿ ਭੜਕਾਊ ਨਾਅਰੇ ਮਾਰ ਰਹੀ ਸੀ, ਜਿਸ ਦੇ ਦੂਰਦਰਸ਼ਨ ਉੱਪਰ ਸਿੱਧੇ ਪ੍ਰਸਾਰਣ ਨੇ ਮਾਹੌਲ ਨੂੰ ਹੋਰ ਗੰਭੀਰ ਬਣਾ ਦਿੱਤਾ ਸੀ। ਸਾਬਕਾ ਕਾਨੂੰਨ ਮੰਤਰੀ ਸ਼ਾਂਤੀ ਭੂਸ਼ਣ ਅਨੁਸਾਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਸ਼ਾਂਤ ਚਿੱਤ ਭੜਕਾਊ ਨਾਅਰੇ ਸੁਣਦੇ ਦੂਰਦਰਸ਼ਨ ਉੱਪਰ ਦਿਖਾਈ ਦੇ ਰਹੇ ਸਨ। ਪ੍ਰਿੰਟ ਮੀਡੀਆ ਵਿੱਚ ਇੰਦਰਾ ਗਾਂਧੀ ਦੇ ਕਾਤਲਾਂ ਦਾ ਸਿੱਖ ਹੋਣਾ ਤਾਂ ਮੁੱਖ ਸੁਰਖ਼ੀ ਬਣੀ ਪਰ ਚਾਰ ਦਿਨ ਦਿੱਲੀ ਵਿੱਚ ਵਾਪਰੀ ਕਤਲੋਗਾਰਦ ਦੀ ਸਹੀ ਤਸਵੀਰ ਪੇਸ਼ ਕਰਨ ਤੋਂ ਗੁਰੇਜ਼ ਕੀਤਾ ਗਿਆ।ਪੀੜਤ ਚਸ਼ਮਦੀਦਾਂ ਵੱਲੋਂ ਜਾਂਚ ਕਮੇਟੀਆਂ ਅੱਗੇ ਦਿੱਤੇ ਹਲਫ਼ਨਾਮਿਆਂ ਅਨੁਸਾਰ 31 ਅਕਤੂਬਰ ਦੀ ਰਾਤ ਸਥਾਨਕ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਸਿੱਖਾਂ ਦੇ ਘਰਾਂ ਉੱਪਰ ਵਿਸ਼ੇਸ਼ ਨਿਸ਼ਾਨ ਲਾ ਦਿੱਤੇ। ਰਾਤੋ-ਰਾਤ ਗੁੰਡਾਂ ਅਨਸਰਾਂ ਨੂੰ ਮਿੱਟੀ ਦਾ ਤੇਲ, ਜਲਣਸ਼ੀਲ ਪਾਊਡਰ ਅਤੇ ਲੋਹੇ ਦੇ ਰਾਡ ਵੰਡੇ ਗਏ। ਪਾਲਮ ਕਲੋਨੀ ਅਤੇ ਸੁਲਤਾਨਪੁਰੀ ਵਿੱਚ ਸੱਜਣ ਕੁਮਾਰ, ਦਿੱਲੀ ਸਦਰ ਵਿੱਚ ਜਗਦੀਸ਼ ਟਾਈਟਲਰ, ਯਮੁਨਾ ਪਾਰ ਐਚ.ਕੇ.ਐਲ ਭਗਤ ਅਤੇ ਡਾ. ਅਸ਼ੋਕ ਕੁਮਾਰ ਨੇ ਤ੍ਰਿਲੋਕਪੁਰੀ ਵਿੱਚ ਗੁੰਡਿਆਂ ਦੀ ਭੀੜ ਦੀ ਅਗਵਾਈ ਕੀਤੀ।ਕਮਲਨਾਥ ਦੇ ਗੁਰਦੁਆਰਾ ਬੰਗਲਾ ਸਾਹਿਬ ਕੋਲ ਤਿੰਨ ਸਿੱਖਾਂ ਨੂੰ ਮਾਰਨ ਵਾਲੀ ਭੀੜ ਵਿੱਚ ਹੋਣ ਸਬੰਧੀ ਪੀੜਤਾਂ ਵੱਲੋਂ ਨਾਨਾਵਤੀ ਕਮਿਸ਼ਨ ਅੱਗੇ ਬਿਆਨ ਦਰਜ ਕਰਵਾਏ ਗਏ। ਦੰਗਿਆਂ ਦੀ ਜਾਂਚ ਸਬੰਧੀ ਬਣੀਆਂ ਜੈਨ ਅਗਰਵਾਲ ਕਮੇਟੀ, ਮੋਤੀ ਰੋਸਾ ਕਮੇਟੀ, ਜੈਨ ਬੈਨਰਜੀ ਕਮੇਟੀਆਂ ਨੇ ਵੱਖੋ-ਵੱਖ ਜਾਂਚ ਵਿੱਚ ਸੱਜਣ ਕੁਮਾਰ, ਐਚ.ਕੇ.ਐਲ ਭਗਤ, ਜਗਦੀਸ਼ ਟਾਈਟਲਰ ਅਤੇ ਧਰਮੇਸ਼ ਸ਼ਾਸਤਰੀ ਖ਼ਿਲਾਫ਼ ਦੰਗਿਆਂ ਦੇ ਦੋਸ਼ੀ ਵਜੋਂ ਕੇਸ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ। ਸੀਬੀਆਈ ਅਨੁਸਾਰ ਦਿੱਲੀ ਦੇ ਸਾਰੇ ਮੁਹੱਲਿਆਂ ਵਿੱਚ ਇੱਕੋ ਜਿਹੇ ਔਜ਼ਾਰ ਅਤੇ ਅੱਗ ਲਾਉਣ ਲਈ ਮਿੱਟੀ ਦਾ ਤੇਲ, ਸਫ਼ੇਦ ਜਲਣਸ਼ੀਲ ਪਾਊਡਰ ਦੀ ਵਰਤੋਂ ਕੀਤੀ ਗਈ। ਇੱਕ ਨਵੰਬਰ ਨੂੰ ਦਸ ਵਜੇ ਤਕ ਸਾਰੀ ਦਿੱਲੀ ਮੌਤ ਦਾ ਭਿਆਨਕ ਮੰਜਰ ਬਣ ਚੁੱਕੀ ਸੀ।ਚਾਰੇ ਪਾਸੇ ਅੱਗ ਅਤੇ ਧੂੰਏਂ ਦੇ ਅੰਬਾਰ ਉੱਠ ਰਹੇ ਸਨ। ਦਿੱਲੀ ਦੇ ਨੇੜਲੇ ਇਲਾਕਿਆਂ ’ਚੋਂ ਲੁੱਟਮਾਰ ਅਤੇ ਕਤਲੋਗਾਰਦ ਲਈ ਗੁੰਡਾ ਅਨਸਰਾਂ ਦੇ ਹਜੂਮ 3 ਨਵੰਬਰ ਤਕ ਖ਼ੂਨ ਦੀ ਹੋਲੀ ਖੇਡਦੇ ਰਹੇ। ਦਿੱਲੀ ਪੁਲੀਸ ਅਤੇ ਪ੍ਰਸ਼ਾਸਨ ਨੇ ਗੁੰਡਾ ਟੋਲਿਆਂ ਨੂੰ ਪੂਰੀ ਖੁੱਲ੍ਹ ਦੇ ਦਿੱਤੀ। ਦਿੱਲੀ ਵਿੱਚ ਫ਼ੌਜ ਦੀ ਪੂਰੀ ਬ੍ਰਿਗੇਡ ਹੋਣ ਦੇ ਬਾਵਜੂਦ ਮੇਰਠ ਤੋਂ ਆਰਮੀ ਬੁਲਾ ਕੇ ਦੰਗਾਕਾਰੀਆਂ ਨੂੰ ਪੂਰਾ ਸਮਾਂ ਦੇਣ ਦੀ ਕੋਸ਼ਿਸ਼ ਕੀਤੀ ਗਈ। ਚਾਰ ਦਿਨਾਂ ਵਿੱਚ ਤਿੰਨ ਹਜ਼ਾਰ ਤੋਂ ਵਧੇਰੇ ਸਿੱਖਾਂ ਨੂੰ ਜਿਉਂਦੇ ਸਾੜ ਕੇ ਮਾਰ ਦਿੱਤਾ ਗਿਆ। ਦੋ ਸੌ ਤੋਂ ਵਧੇਰੇ ਔਰਤਾਂ ਅਤੇ ਬੱਚੀਆਂ ਨਾਲ ਬਲਾਤਕਾਰ ਦੀ ਪੁਸ਼ਟੀ ਹੋਈ। ਦੰਗਿਆਂ ਦੇ ਖ਼ਤਮ ਹੋਣ ਤਕ ਪੁਲੀਸ ਵੱਲੋਂ ਸਿਰਫ਼ ਪੰਜ ਐਫ਼ਆਈਆਰ ਹੀ ਦਰਜ ਕੀਤੀਆਂ ਗਈਆਂ।

ਨਾਨਾਵਤੀ ਕਮਿਸ਼ਨ ਅਨੁਸਾਰ ਪੁਲੀਸ ਨੇ ਸ਼ਰ੍ਹੇਆਮ ਕਾਤਲ ਟੋਲਿਆਂ ਦਾ ਸਾਥ ਦਿੱਤਾ ਸੀ। ਤ੍ਰਿਲੋਕਪੁਰੀ ਦੇ ਬਲਾਕ 32 ਵਿੱਚ ਆਤਮ ਰੱਖਿਆ ਲਈ ਇਕੱਠੇ ਹੋਏ ਸਿੱਖਾਂ ਨੂੰ ਇਲਾਕੇ ਦੇ ਥਾਣਾ ਮੁਖੀ ਵੀਰ ਸਿੰਘ ਤਿਆਗੀ ਅਤੇ ਡੀਪੀਸੀ ਸੇਵਾ ਦਾਸ ਨੇ ਨਿਹੱਥੇ ਕਰ ਦੰਗਾਈਆਂ ਦੇ ਹਵਾਲੇ ਕਰ ਦਿੱਤਾ। ਇੱਕ ਨਵੰਬਰ ਦੀ ਇਸ ਹੌਲਨਾਕ ਘਟਨਾ ਵਿੱਚ ਲਗਪਗ 400 ਵਿਅਕਤੀਆਂ ਨੂੰ ਮਿੰਟਾਂ ਵਿੱਚ ਜਿਉਂਦੇ ਸਾੜ ਦਿੱਤਾ ਗਿਆ। ਸਾਰੀ ਦਿੱਲੀ ਵਿੱਚ ਇਹ ਵਰਤਾਰਾ ਤਿੰਨ ਨਵੰਬਰ ਤਕ ਬੇਰੋਕ-ਟੋਕ ਚੱਲਦਾ ਰਿਹਾ। ਕਪੂਰ ਮਿੱਤਲ ਜਾਂਚ ਕਮੇਟੀ ਵੱਲੋਂ ਦੋਸ਼ੀ ਤਸਦੀਕ ਕੀਤੇ ਉਕਤ ਦੋਵਾਂ ਪੁਲੀਸ ਅਫ਼ਸਰਾਂ ਨੂੰ ਸਰਕਾਰ ਵੱਲੋਂ ਵਿਸ਼ੇਸ਼ ਤਰੱਕੀਆਂ ਦਿੱਤੀਆਂ ਗਈਆਂ। ਜਾਂਚ ਕਮੇਟੀ ਵੱਲੋਂ ਦੋਸ਼ੀ ਪਾਏ ਗਏ 72 ਪੁਲੀਸ ਅਫ਼ਸਰਾਂ ਅਤੇ ਮੁਲਾਜ਼ਮਾਂ ਨੂੰ ਅਦਾਲਤ ਅੱਜ ਤਕ ਸਜ਼ਾ ਦੇਣ ਵਿੱਚ ਨਾਕਾਮ ਰਹੀ ਹੈ।

ਦੰਗਿਆਂ ਤੋਂ ਕੁਝ ਦਿਨਾਂ ਬਾਅਦ ਕੋਟ ਕਲੱਬ ਦਿੱਲੀ ਵਿੱਚ ਰਾਜੀਵ ਗਾਂਧੀ ਵੱਲੋਂ ਦਿੱਤੇ ਭਾਸ਼ਣ ਵਿੱਚ ਦੰਗਿਆਂ ਦੀ ਨਿੰਦਾ ਕਰਨ ਦੀ ਥਾਂ ਲੋਕਾਂ ਦੇ ਗੁੱਸੇ ਅਤੇ ਬਦਲੇ ਦੀ ਭਾਵਨਾ ਜਿਹੇ ਭੱਦੇ ਸ਼ਬਦਾਂ ਦੀ ਵਰਤੋਂ ਕੀਤੀ ਗਈ। ਰਾਜੀਵ ਗਾਂਧੀ ਵੱਲੋਂ ਦਿੱਤਾ ਜਨਤਕ ਬਿਆਨ ‘ਜਦੋਂ ਕੋਈ ਦਰੱਖ਼ਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ’ ਅਤਿ ਜ਼ਿੰਮੇਵਾਰ ਅਹੁਦੇ ਉੱਪਰ ਬੈਠੇ ਕਿਸੇ ਭਾਰਤੀ ਰਾਜਨੇਤਾ ਵੱਲੋਂ ਦਿੱਤਾ ਸਭ ਤੋਂ ਸ਼ਰਮਨਾਕ ਬਿਆਨ ਸੀ, ਜੋ ਸਰਕਾਰ ਦੀ ਉਕਤ ਦੰਗਿਆਂ ਪ੍ਰਤੀ ਸਹਿਮਤੀ ਦਾ ਪ੍ਰਤੱਖ ਪ੍ਰਮਾਣ ਹੈ। ਗਾਂਧੀ ਦੇ ਨੇੜਲੇ ਮਿੱਤਰ ਅਭਿਨੇਤਾ ਅਮਿਤਾਭ ਬੱਚਨ ਉੱਪਰ ਪੀੜਤਾਂ ਵੱਲੋਂ ਲੱਗੇ ਭੜਕਾਊ ਬਿਆਨਾਂ ਦੇ ਦੋਸ਼ਾਂ ਦੀ ਸਚਾਈ ਲਈ ਦੂਰਦਰਸ਼ਨ ਦੀ ਰਿਕਾਰਡਿੰਗ ਦੀ ਜਾਂਚ ਅੱਜ ਤਕ ਨਹੀਂ ਕੀਤੀ ਗਈ। ਵਿਡੰਬਨਾ ਇਹ ਹੈ ਕਿ ਬਾਅਦ ਵਿੱਚ ਰਾਜੀਵ ਗਾਂਧੀ ਨੂੰ ਭਾਰਤ ਰਤਨ ਨਾਲ ਨਿਵਾਜਿਆ ਗਿਆ ਤੇ ਅਮਿਤਾਭ ਬੱਚਨ ਨੂੰ ਸਦੀ ਦੇ ਮਹਾਂਨਾਇਕ ਦਾ ਰੁਤਬਾ ਦੇ ਦਿੱਤਾ ਗਿਆ। ਕਾਂਗਰਸ ਦੇ ਤਤਕਾਲੀਨ ਰਾਜਨੀਤਕ ਆਗੂਆਂ ਵੱਲੋਂ ਇਸ ਘਿਨਾਉਣੇ ਕਾਰੇ ਨੂੰ ਸਿੱਖਾਂ ਵਿਰੁੱਧ ਹਿੰਦੂ ਸਮੁਦਾਇ ਦੇ ਰੋਹ ਅਤੇ ਬਦਲੇ ਦੇ ਪ੍ਰਤੀਕਰਮ ਵਜੋਂ ਪੇਸ਼ ਕਰਨ ਦੀ ਖ਼ਤਰਨਾਕ ਅਸਫ਼ਲ ਕੋਸ਼ਿਸ਼ ਕੀਤੀ ਗਈ ਅਤੇ ਰਾਜਨੀਤਕ ਲਾਲਸਾਵਾਂ ਲਈ ਦੇਸ਼ ਦੀ ਸਮੁਦਾਇਕ ਏਕਤਾ ਨੂੰ ਦਾਅ ’ਤੇ ਲਾ ਦਿੱਤਾ ਗਿਆ ਜਦੋਂਕਿ ਇਹ ਨਿਰੋਲ ਰਾਜਨੀਤਕ ਤੌਰ ’ਤੇ ਯੋਜਨਾਬੱਧ ਉਲੀਕਿਆ ਸਿੱਖਾਂ ਦੀ ਨਸਲਕੁਸ਼ੀ ਦਾ ਯਤਨ ਸੀ। ਇਹ ਨਾਜ਼ੀਆਂ ਵੱਲੋਂ ਯਹੂਦੀਆਂ ਉੱਪਰ ਢਾਹੇ ਜ਼ੁਲਮ ਤੋਂ ਵੀ ਭਿਆਨਕ ਸੀ। ਇੱਥੇ ਇਹ ਨਹੀਂ ਭੁੱਲਣਾ ਚਾਹੀਦਾ ਕਿ ਦਿੱਲੀ ਵਿੱਚ ਵੀਹ ਹਜ਼ਾਰ ਤੋਂ ਵੱਧ ਸਿੱਖਾਂ ਦੀ ਜਾਨ ਹਿੰਦੂ ਅਤੇ ਮੁਸਲਿਮ ਭਾਈਚਾਰੇ ਨੇ ਬਚਾ ਕੇ ਮਨੁੱਖਤਾ ਦੀ ਚਿਣਗ ਨੂੰ ਬੁੱਝਣ ਨਹੀਂ ਸੀ ਦਿੱਤਾ। ਸਭ ਤੋਂ ਵੱਧ ਜਾਨੀ ਨੁਕਸਾਨ ਵਾਲੇ ਇਲਾਕੇ ਤ੍ਰਿਲੋਕਪੁਰੀ ਵਿੱਚ ਲਗਪਗ ਛੇ ਸੌ ਸਿੱਖਾਂ ਨੂੰ ਹਿੰਦੂ, ਮੁਸਲਿਮ ਤੇ ਵਾਲਮੀਕਿ ਭਾਈਚਾਰੇ ਨੇ ਬਚਾਇਆ। ਦਿੱਲੀ ਵਾਸੀਆਂ ਵੱਲੋਂ ਮਯੂਰ ਵਿਹਾਰ, ਮੁਨੀਰਕਾ ਆਦਿ ਕਲੋਨੀਆਂ ਵਿੱਚ ਪਹਿਰੇ ਦੇਣ ਤੇ ਆਪਣੇ ਘਰਾਂ ਵਿੱਚ ਸਿੱਖਾਂ ਨੂੰ ਪਨਾਹ ਦੇਣ ਦੀ ਪੁਸ਼ਟੀ ਬਚ ਗਏ ਦੰਗਾ ਪੀੜਤਾਂ ਨੇ ਕੀਤੀ ਹੈ। ‘ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼’ ਅਤੇ ‘ਪੀਯੂਡੀਆਰ’ ਸੰਸਥਾਵਾਂ ਦੇ ਜਾਂਬਾਜ਼ ਰਿਪੋਰਟਰਾਂ ਵੱਲੋਂ ਦੰਗਿਆਂ ਦੌਰਾਨ ਚਾਰ ਦਿਨ ਦਿੱਲੀ ਵਿੱਚ ਥਾਂ-ਥਾਂ ਘੁੰਮ ਕੇ ਪ੍ਰਤੱਖਦਰਸ਼ੀਆਂ ਵਜੋਂ ਸੂਚਨਾਵਾਂ ਇਕੱਠੀਆਂ ਕੀਤੀਆਂ ਗਈਆਂ। ਇਨ੍ਹਾਂ ਵੱਲੋਂ ਜਾਰੀ ਕੀਤੀ ਰਿਪੋਰਟ ‘ਦੋਸ਼ੀ ਕੌਣ’ ਵਿੱਚ ਦੋਸ਼ੀਆਂ ਦੇ ਵੇਰਵਿਆਂ ਦੀ ਜਾਂਚ ਦੀ ਬਜਾਏ ਸਰਕਾਰ ਨੇ ਉਕਤ ਰਿਪੋਰਟ ਦੀਆਂ ਕਾਪੀਆਂ ਜ਼ਬਤ ਕਰ ਕੇ ਪ੍ਰਕਾਸ਼ਨ ’ਤੇ ਰੋਕ ਲਾ ਦਿੱਤੀ। ਤਤਕਾਲੀ ਕਾਂਗਰਸੀ ਆਗੂ ਕਦੇ ਵੀ ਇਸ ਰਾਜਨੀਤਕ ਨਸਲਕੁਸ਼ੀ ਤੋਂ ਮੁਨਕਰ ਨਹੀਂ ਹੋ ਸਕਦੇ। ਹਜ਼ਾਰ ਤੋਂ ਵੱਧ ਚਸ਼ਮਦੀਦ ਗਵਾਹਾਂ ਅਤੇ ਜਾਂਚ ਕਮੇਟੀਆਂ ਦੀ ਤਸਦੀਕ ਦੇ ਬਾਵਜੂਦ ਦੋਸ਼ੀ ਸਜ਼ਾ ਤੋਂ ਦੂਰ ਐਸ਼ੋ-ਆਰਾਮ ਦੀ ਜ਼ਿੰਦਗੀ ਮਾਣ ਰਹੇ ਹਨ। ਅਜਿਹੇ ਦੋਸ਼ੀਆਂ ਦਾ ਬਚਣਾ ਘੱਟ-ਗਿਣਤੀ ਵਰਗਾਂ ਦੇ ਭਰੋਸੇ ਅਤੇ ਦੇਸ਼ ਦੀ ਅਖੰਡਤਾ ਦੋਵਾਂ ਨੂੰ ਕਮਜ਼ੋਰ ਕਰਦਾ ਹੈ। ਨਿਆਂ ਪ੍ਰਣਾਲੀ ਵੱਲੋਂ ਬਿਨਾਂ ਹੋਰ ਦੇਰੀ ਕੀਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਦੁਖਾਂਤ ਦੇ ਪੀੜਤਾਂ ਦੀ ਨਿਆਂ ਪ੍ਰਤੀ ਟੁੱਟਦੀ ਆਸਥਾ ਤੇ ਭਾਰਤੀ ਨਿਆਂਤੰਤਰ ਦੀ ਸਾਖ਼ ਬਚਾਉਣ ਦਾ ਲਗਪਗ ਆਖ਼ਰੀ ਮੌਕਾ ਹੈ।

**- ਹੇਮਜੀਤ ਸਿੰਘ**

# ਕਿਦਵਾ ਏ ਕਾਵਿਸ਼ ਵਿਚ ਬਸ਼ਰ



ਸਰਬਜੀਤ ਕੌਰ ‘ਸਰਬ’

ਕਿਦਵਾ ਸ਼ਬਦ ਫ਼ਾਰਸੀ ਭਾਸ਼ਾ ਦਾ ਹੈ ਜਿਸ ਦਾ ਅਰਥ ‘ਗੁਰੂ’ ਜਾ ‘ਮਾਰਗ ਦਰਸ਼ਕ’ ਤੋਂ ਹੈ ਇਸ ਦੇ ਨਾਲ ਹੀ ਫ਼ਾਰਸੀ ਭਾਸ਼ਾ ਦਾ ਸ਼ਬਦ ਕਾਵਿਸ਼ ਹੈ ਜਿਸ ਦਾ ਅਰਥ ‘ਖੋਜ’ ਹੈ ਬਸ਼ਰ ਦਾ ਅਰਥ ਮਨੁੱਖ ਹੈ। ਇਨ੍ਹਾਂ ਸ਼ਬਦਾ ਦਾ ਮੇਲ ‘ਮਨੁੱਖ ਦੁਆਰਾ ਗੁਰੂ ਦੀ ਖੋਜ’ ਹੈ। ਉਹ ਕਿਦਵਾ ਜੋ ਸੱਚ ਦੇ ਰਾਹ ਤੇ ਚਲਾ ਕੇ ਜ਼ਿੰਦਗੀ ਨੂੰ ਕੋਈ ਮਕਸਦ ਦੇ ਸਕੇ। ਜਿਵੇਂ ਨਾਨਕ ਪਾਤਸ਼ਾਹ ਜੀ ਨੇ ਮਨੁੱਖੀ ਜੀਵਨ ਨੂੰ ਸੇਧ ਦਿੱਤੀ। ਨਾਨਕ ਪਾਤਸ਼ਾਹ ਜੀ ਉਹ ਪੈਗ਼ਬਰੀ ਰੂਹਾਨੀ ਸ਼ੁਆ ਸੀ ਜਿਨ੍ਹਾਂ ਨੇ ਆਮ ਲੋਕਾਈ ਦੀ ਹਿਯਾਤ (ਜ਼ਿੰਦਗੀ) ਨੂੰ ਜ਼ੁਲਮਤ ‘ਚ ਹੀ ਨਹੀਂ ਕੱਢਿਆ ਸੀ ਸਗੋਂ ਉਸ ਅਕਾਲ ਪੁਰਖ ਵੱਲ ਜਾਂਦੇ ਰਾਹ ਤੇ ਵੀ ਪਾਇਆ। ਨਾਨਕ ਪਾਤਸ਼ਾਹ ਜੀ ਆਪ ਲੋਕਾਈ ਵਿਚ ਜਾ ਕੇ ਉਨ੍ਹਾਂ ਨੂੰ ਸੱਚ ਦੀ ਕਿਰਤ ਕਰਨੀ, ਤੇ ਵੰਡ ਕੇ ਛਕਣ ਦਾ ਉਪਦੇਸ਼ ਦਿੰਦੇ ਸੀ। ਪਾਤਸ਼ਾਹ ਜੀ ਨੇ ਜਾਤੀ ਭੇਦ ਬਿਲਕੁਲ ਖ਼ਤਮ ਕਰ ਦਿੱਤਾ ਸੀ ਜਦੋਂ ਉਨ੍ਹਾਂ ਨੇ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ ਦੇ ਸ਼ਬਦਾ ਨੂੰ ਵਜਾਹਤ (ਵਿਸਥਾਰ ਪੂਰਵਕ ਬਿਆਨ ਕਰਨਾ) ਕੀਤਾ। ਵਜ਼ੂਦ ਦੇ ਅਸਲ ਸੱਚ ਨੂੰ ਨਾਸ਼ਰ (ਪ੍ਰਕਾਸ਼ਿਤ ਕਰਨ ਵਾਲੇ), ਤੇ ਖ਼ਿਰਦ ਮੰਦ (ਸਮਝਦਾਰ) ਬਨਾਉਣ ਵਾਲੇ ਨਾਨਕ ਪਾਤਸ਼ਾਹ ਜੀ ਨੇ ਲੋਕਾਈ ਨੂੰ ਜਾਬਿਰ ਤੋਂ ਵੀ ਬਚਾਇਆ। ਪਾਤਸ਼ਾਹ ਜੀ ਨੇ ਮੁਹੱਬਤ ਦੀ ਸ਼ੁਆ ਨਾਲ ਚਰਖ਼ ( ਅਸਮਾਨ) ਵੀ ਹੁੱਬ (ਪਿਆਰ) ਨਾਲ ਜਮੀਲ ਕਰ ਦਿੱਤਾ ਸੀ। ਪਰ ਕਰਬ (ਦੁੱਖ) ਦੀ ਗੱਲ ਹੈ ਕਿ ਅੱਜ ਅਸੀਂ ਉਨ੍ਹਾਂ ਦੁਆਰਾ ਦੱਸੇ ਰਾਹਾਂ ਤੇ ਨਹੀਂ ਚੱਲ ਰਹੇ ਸਗੋਂ ਚੱਲਣ ਦਾ ਕੇਵਲ ਦਿਖਾਵਾ ਕਰ ਰਹੇ ਹਾਂ, ਤੇ ਇਸ ਦਿਖਾਵੇ ਵਿਚ ਹੀ ਅਸੀਂ ਦੁਨਿਆਵੀ ਗੁਰੂਆਂ ਦੀ ਭਾਲ ਵਿਚ ਤੁਰ ਪਏ ਹਾਂ। ਜਿਸ ਨਾਲ ਅਸੀਂ ਆਪਣੀ ਅੰਦਰਲੀ ਸ਼ਕਤੀ ਨੂੰ ਆਪਣੇ ਆਪ ਹੀ ਖ਼ਤਮ ਕਰ ਦਿੱਤਾ ਹੈ। ਬੇਸ਼ਕ ਕੋਈ ਕਿੰਨਾ ਵੀ ਪਾਠ ਪੂਜਾ ਕਿਉਂ ਨਾ ਕਰ ਲਵੇ ਪਰ ਜਦੋਂ ਤੱਕ ਅਸੀਂ ਆਪਣੀ ਅੰਦਰੂਨੀ ਮਾਨਸਿਕਤਾ ਨੂੰ ਨਹੀਂ ਬਦਲ ਸਕਦੇ ?ਦੋ ਤੱਕ ਅਸੀਂ ਨਾ ਹੀ ਉਸ ਬ੍ਰਹਿਮੰਡ ਵਿਚ ਵਸੇ ਸੱਚ ਤੱਕ ਪੁੱਜ ਸਕਾਂਗੇ ਤੇ ਨਾ ਹੀ ਅਸੀਂ ਆਪਣੇ ਅੰਦਰ ਸਬਰ ਨੂੰ ਤਖ਼ਲੀਕ (ਪੈਦਾ ਕਰਨਾ) ਕਰ ਸਕਾਂਗੇ। ਅੱਜ ਦੇ ਇਨਸਾਨ ਅੰਦਰ ਬੇਸ਼ਕ ਗਿਆਨ ਦਾ ਸਮੁੰਦਰ ਹੈ, ਪਰ ਉਸ ਸਮੁੰਦਰ ਦੀ ਆਬ (ਚਮਕ) ਕੁਦਰਤੀ ਨਹੀਂ ਰਹੀ ਸਗੋਂ ਬਾਹਰੀ ਦਿਖਾਵਿਆ ਦੇ ਰਗ਼ਬਤ (ਸ਼ੌਕ) ਨੇ ਉਸ ਅੰਦਰ ਅਨੇਕਾਂ ਅਜਿਹੇ ਵਿਚਾਰਾਂ ਨੂੰ ਪੈਦਾ ਕਰ ਦਿੱਤਾ ਹੈ ਜੋ ਕੇਵਲ ਦੁਨਿਆਵੀ ਰੂਹਾਂ ਨਾਲ ਤੇ ਜੋੜ ਸਕਦੇ ਹਨ ਪਰ ਉਸ ਅਕਾਲ ਪੁਰਖ ਦੇ ਅਸਲ ਭੇਦ ਨਾਲ ਉਸ ਦਾ ਮਿਲਾਪ ਨਹੀਂ ਕਰ ਸਕਦੇ। ਪਰ ਸਾਬਿਤ ਕਦਮ (ਦ੍ਰਿੜ ਇਰਾਦੇ ਵਾਲਾ) ਬਸ਼ਰ (ਮਨੁੱਖ) ਜੋ ਉਸ ਸੱਚ ਦੀ ਭਾਲ ਵਿਚ ਹੈ ਉਸ ਨੂੰ ਹਰ ਧਰਮ ਵਿਚ ਇਕ ਅਕਾਲ ਪੁਰਖ ਨਜ਼ਰ ਆਉਂਦਾ ਹੈ ਉਸ ਨੂੰ ਕਿਸੀ ਪਾਸੇ ਵੀ ਜਅਲ ਸਾਜ਼ (ਧੋਖੇ ਬਾਜ਼) ਬਿਰਤੀ ਵਾਲੀ ਰੂਹ ਨਜ਼ਰ ਨਹੀਂ ਪੈਂਦੀ। ਅਜਿਹੀਆ ਰੂਹਾਂ ਹੀ ਉਸ ਸੱਚ ਦੇ ਨੇੜੇ ਹੋ ਕੇ ਆਪਣੇ ਵਜੂਦ ਨੂੰ ਸ਼ਾਦਾਬ (ਹਰਾ ਭਰਾ) ਬਣਾਉਂਦੀਆਂ ਹਨ। ਕਿਸੇ ਵੀ ਤਰ੍ਹਾਂ ਦਾ ਬੁਗ਼ਜ਼ (ਵੈਰ) ਭਾਵਨਾ ਉਨ੍ਹਾਂ ਦੇ ਕਲਬ ਵਿਚ ਨਹੀਂ ਹੁੰਦੀ। ਅਜਿਹੇ ਬਹਰਾ ਮੰਦ (ਖ਼ੁਸ਼ ਨਸੀਬ) ਰੂਹਾਂ ਨਾਲ ਮੇਲ ਰੱਬੀ ਨਜ਼ਰ ਨਾਲ ਹੀ ਹੁੰਦੇ ਹਨ। ਨਾਨਕ ਪਾਤਸ਼ਾਹ ਜੀ ਨੇ ਮਨੁੱਖੀ ਪਯਾਮ ਵਿਚ ਬਿਹਬੂਦੀ (ਭਲਾਈ) ਤੇ ਬਹਰ ਹਾਲ ਵਿਚ ਵੀ ਸੱਚ ਦਾ ਪੱਲਾ ਨਾ ਛੱਡਣਾ ਤੇ ਪਰਿਵਾਰ ਵਿਚ ਰਹਿੰਦੇ ਹੋਏ ਵੀ ਉਸ ਪਰਮਾਤਮਾ ਨਾਲ ਆਪਣੀ ਬਿਰਤੀ ਨੂੰ ਜੋੜੀ ਰੱਖਣਾ ਜਿਸ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਨਾਨਕ ਪਾਤਸ਼ਾਹ ਜੀ ਨੇ ਫ਼ਰਮਾਇਆ ਹੈ ਕਿ ਬੈਤੁੱਲਾ (ਰੱਬ ਦਾ ਘਰ) ਹਰ ਮਨੁੱਖ ਦੇ ਅੰਦਰ ਹੈ ਉਸ ਨੂੰ ਦੇਖਣ ਨਾਲੋ ਮਹਿਸੂਸ ਕਰਨਾ ਹੀ ਉਸ ਸਾਬਤ (ਸੱਚ) ਦੀ ਅਕੀਦਤ (ਸ਼ਰਧਾ) ਹੈ ਜੋ ਉਸ ਬ੍ਰਹਿਮੰਡ ਵਾਸੀ ਨਾਲ ਮੇਲ ਕਰਵਾਉਂਦਾ ਹੈ। ਸੋ ਜੇਕਰ ਅਸੀਂ ਕਿਦਵਾ ਨਾਲ ਆਪਣਾ ਆਪਾ ਜੋੜਨਾ ਹੈ ਤਾਂ ਇਸ ਦੀ ਕਵੀਸ਼ ਕੇਵਲ ਗੁਰੂ ਗ੍ਰੰਥ ਸਾਹਿਬ ਵਿਚ ਹੀ ਕੀਤੀ ਜਾ ਸਕਦੀ ਹੈ ਤੇ ਇਸ ਨੂੰ ਹਰ ਮਨੁੱਖੀ ਕਲਬ (ਦਿਲ) ਵਿਚ ਵੇਖਣ ਦਾ ਯਤਨ ਕਰਨਾਂ ਚਾਹੀਦਾ ਹੈ। ਇਨਸਾਨ ਦਾ ਜਦੋਂ ਜਨਮ ਹੁੰਦਾ ਹੈ ਉਸ ਦਾ ਮਨ ਕੋਰਾ ਕਾਗਜ਼ ਹੁੰਦਾ ਹੈ। ਪਰ ਜਿਵੇਂ ਦੇ ਲੋਕਾਂ ਵਿਚ ਉਹ ਸਾਬਤ ਰੂਹ ਵਿਚਰਦੀ ਹੈ ਉਵੇਂ ਦੇ ਰੰਗ ਉਸ ਤੇ ਲੱਗਣੇ ਸ਼ੁਰੂ ਹੋ ਜਾਂਦੇ ਹਨ। ਇਹ ਸਮਾਜ ਦੇ ਲੋਕ ਉਸ ਨੂੰ ਧਰਮ ਦਾ ਪਾਠ ਪੜਾਉਂਦੇ ਨੇ ਤੇ ਇਹ ਹੀ ਧਰਮ ਦੇ ਨਾਂਮ ਤੇ ਹਾਸਿਦ (ਈਰਖਾਲੂ) ਬਣਾਉਦੇਂ ਹਨ। ਪਰ ਜੇ ਅਸੀਂ ਬਾਬੇ ਨਾਨਕ ਦੇ ਦੱਸੇ ਰਾਹਾਂ ‘ਤੇ ਹੀ ਚੱਲਣਾ ਸ਼ੁਰੂ ਕਰ ਦੇਇਏ ਤਦ ਸਾਡੀਆਂ ਆਉਣ ਵਾਲੀਆ ਪੀੜੀਆਂ ਧਰਮ ਨਾਲੋ ਉਸ ਇਕ ਦੀ ਇਬਾਦਤ ਕਰਨ ਵਿਚ ਯਾਕੀਨ ਰੱਖਣ ਗਈਆਂ।

# ਮਿੰਨੀ ਕਹਾਣੀ : ਦੇਣ

ਪਿੰਡ ਦੀ ਸੱਥ ਵਿੱਚ ਪੰਚਾਇਤ ਇਕੱਠੀ ਹੋਈ। ਸਰਬਸੰਮਤੀ ਨਾਲ ਮਤਾ ਪਾਸ ਹੋਇਆ ਕਿ ਪਿੰਡ ਦੇ ਵਿਚੋਂ ਨਸ਼ਿਆਂ ਦਾ ਬਿਲਕੁਲ ਸਫ਼ਾਇਆ ਕਰਨਾ ਹੈ। ਗੁਰਮੀਤ ਸਿੰਘ ਨੂੰ ਸਾਰੇ ਪਿੰਡ ਦੇ ਨਸ਼ੱਈ ਮੁੰਡਿਆਂ ਦੀ ਲਿਸਟ ਬਣਾਉਣ ਦੀ ਡਿਊਟੀ ਲਗਾਈ ਗਈ। ਕੋਈ ਵੀਹ ਕੁ ਜਾਣਿਆ ਦੀ ਸੂਚੀ ਬਣਾ ਕੇ ਗੁਰਮੀਤ ਨੇ ਸਰਪੰਚ ਨੂੰ ਦੇ ਦਿੱਤੀ ਜਿਸ ਨੂੰ ਕਿ ਪਹਿਲਾਂ ਹੀ “ਨਸ਼ਾ ਛੁਡਾਊ ਸੰਮਤੀ“ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ ਸੀ।

ਸਮਾਂ ਨਿਸ਼ਚਿਤ ਕਰ ਨਸ਼ਾ ਛੁਡਾਊ ਕੇਂਦਰ ਵਿੱਚ ਸਾਰੇ ਹੀ ਮੁੰਡਿਆਂ ਨੂੰ ਭਰਤੀ ਕਰਵਾ ਦਿੱਤਾ ਗਿਆ। ਸਾਰਾ ਪਿੰਡ ਸਰਪੰਚ ਦੇ ਇਸ ਕਾਰਜ ਤੋਂ ਬਹੁਤ ਖ਼ੁਸ਼ ਸਨ। ਹੌਲੀ ਹੌਲੀ ਬਹੁਤ ਸਾਰੇ ਮੁੰਡਿਆਂ ਨੇ ਨਸ਼ਿਆਂ ਦੀ ਨਾਮੁਰਾਦ ਬੀਮਾਰੀ ਤੋਂ ਨਿਜਾਤ ਪਾ ਲਈ। ਪਰ ਕੁੱਝ ਕੁ ਦੋਸਤ ਹਾਲੇ ਵੀ ਸੈਂਟਰ ਵਿੱਚ ਦਾਖਲ ਸਨ। ਕੁੱਝ ਕੁ ਦਿਨਾਂ ਬਾਅਦ ਜਦ ਸਰਪੰਚ/ਪ੍ਰਧਾਨ ਜੀ ਮੁੰਡਿਆਂ ਦਾ ਹਾਲ ਚਾਲ ਜਾਨਣ ਲਈ ਸੈਂਟਰ ਪਹੁੰਚਿਆ ਤਾਂ ਗੋਪੀ ਕੇ ਲਾਣੇ ਚੋਂ ਗੇਲੀ ਨੇ ਦੱਬਵੀਂ ਜਿਹੀ ਆਵਾਜ਼ ਵਿੱਚ ਪ੍ਰਧਾਨ ਜੀ ਨੂੰ ਕਹਿ ਹੀ ਦਿੱਤਾ ਕਿ ਪ੍ਰਧਾਨ ਜੀ ਤੁਸੀਂ ਬਹੁਤ ਪਰਉਪਕਾਰੀ ਕਾਰਜ ਕੀਤਾ ਹੈ ਕਿਉਂਕਿ ਪਹਿਲਾਂ ਸਰਪੰਚੀ ਦੀ ਚੋਣ ਵਿੱਚ ਆਪ ਨੇ ਹੀ ਸਾਨੂੰ ਇਸ ਚਾਟ ਤੇ ਲਾਇਆ ਤੇ ਹੁਣ ਆਪ ਹੀ ਨਸ਼ਾ ਛੁਡਾਊ ਕਮੇਟੀ ਬਣਾ ਕੇ ਓਹਦੇ ਪ੍ਰਧਾਨ ਬਣਕੇ ਸਾਨੂੰ ਨਸ਼ਿਆਂ ਦੇ ਪ੍ਰਕੋਪ ਚੋਂ ਬਚਾ ਰਹੇ ਹੋਂ ? ਇਹ ਸੱਭ ਆਪ ਦੀ ਹੀ ਦੇਣ ਹੈ। ਸਰਪੰਚ ਸਾਹਿਬ ਜੀ।

ਸਰਪੰਚ ਸਾਹਿਬ ਜਿਵੇਂ ਨਿਰਉੱਤਰ ਹੋ ਗਏ ਸਨ ਉਨ੍ਹਾਂ ਕੋਲ ਗੇਲੀ ਦੀ ਇਸ ਸਮੇਂ ਤੇ ਕਹੀ ਸੱਚੀ ਗੱਲ ਦਾ ਕੋਈ ਜਵਾਬ ਨਹੀਂ ਸੀ।

**-ਜਸਵੀਰ ਸ਼ਰਮਾਂ ਦੱਦਾਹੂਰ 95691-49556**
**ਸ੍ਰੀ ਮੁਕਤਸਰ ਸਾਹਿਬ**




## Need a beautiful Bride



Neeraj Mehra age 25years , handsome , fair complexion ; seeks punjabi speaking. Virishiv horoscope. Highly educated & at present working in Dubai as a bank officer since past 3 years. He is looking for an educated beautiful girl; US citizen. Punjabi speaking. Religion & caste no bar. No dowry required. Neeraj has very loving compassionate nature & is very hardworking. He is looking to start a family with right girl.

**Please contact at : 9172512274 and Email at: Bihalneeraj@gmail.com**

## Need a beautiful Bride



**Jugpreet Singh.DOB: 04-07-1996, Height : 5.10", handsome Gursikh boy. Qualification: Undergraduate Marital Status. Never Married Cast : (Surname) Kochar (Khatri). Working in Aditya Birla fashion & retail Pvt Ltd on Post: Senior CC. His Annual Package: 4 lacs. Own home in Delhi. Jugpreet looking for an educated beautiful girl ; USA citizen. No cast no bar. No Dowry.**

**Contact Father : +91 9990655355, +91 9899795013, +91 9899515784**


# Publish Your METRIMONIAL/CLASSIFIED Advertisement

PREETNAMA ਪ੍ਰੀਤਨਾਮਾ ਖਰਾ ਸੱਚ Online and Print Media

ਜੇਕਰ ਤੁਸੀਂ ਵੀ ਆਪਣੇ ਵਪਾਰ
ਨੂੰ ਵਧਾਉਣਾ ਚਾਹੁੰਦੇ ਹੋ ਤਾਂ
ਅੱਜ ਹੀ ਸਾਡੇ ਨਾਲ ਜੁੜੋ

MATRIMONIAL,
PROPERTY,
RECRUITMENT,
NAME OF CHANGE,
BUSINESS



It's time to
Grow your Business
Advertise with us...

www.preetnama.com
preetnamausa@gmail.com
Contact : +1 201-312-4180

# ਕਰੋਨਾ ਸੰਕਟ ਦੌਰਾਨ ਅਰਬਪਤੀਆਂ ਦੀ ਦੌਲਤ 'ਚ ਬੇਤਹਾਸ਼ਾ ਵਾਧਾ



ਅਰਬਪਤੀ ਜੋ ਨਵੇਂ ਉੱਦਮੀਆਂ ਦਾ ਖ਼ਿਤਾਬ ਲੈ ਚੁੱਕੇ ਹਨ, ਹੁਣ ਵੱਖ ਵੱਖ ਪੈਦਾਵਾਰ ਦੇ ਖੇਤਰਾਂ ਵਿਚ ਸਿਫ਼ਤੀ ਤਬਦੀਲੀ ਲਈ ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਦੀ ਬਾਂਹ ਮਰੋੜ ਕੇ ਹੋਰ ਸਰਮਾਏ ਦੇ ਇਕੱਤਰੀਕਰਨ ਲਈ ਬਿਨਾ ਰੋਕ ਟੋਕ ਅਗਾਂਹ ਵਧ ਰਹੇ ਹਨ। ਨਵੀਆਂ ਤਕਨੀਕਾਂ ਰਾਹੀਂ ਆਰਥਿਕਤਾ ਵਿਚ ਵੱਡੀ ਤਬਦੀਲੀ ਲਈ ਨਵੇਂ ਰਸਤੇ ਕਰੋਨਾ ਦੌਰ ਵਿਚ ਤੇਜ਼ੀ ਨਾਲ ਸ਼ੁਰੂ ਕਰ ਦਿੱਤੇ ਗਏ ਜਿਨ੍ਹਾਂ ਨੂੰ ਨਵੀਂ ਪਹਿਲਕਦਮੀ ਕਿਹਾ ਜਾ ਰਿਹਾ ਹੈ। ਹਕੀਕਤ ਵਿਚ ਇਹ ਵੱਖਰੇ ਕਿਸਮ ਨਾਲ ਦੁਨੀਆ ਦੇ ਹਰ ਕੋਨੇ ਵਿਚ ਤਬਾਹੀ ਨੂੰ ਜਨਮ ਦੇਵੇਗੀ ਜਿਹੜੀ ਮਾਨਵੀ ਆਰਥਿਕ ਇਤਿਹਾਸ ਵਿਚ ਪਹਿਲ ਕਦੀ ਨਹੀਂ ਵਾਪਰੀ। ਇਹ ਵਿਚਾਰ ਆਸਟਰੀਆ ਦੇ ਪ੍ਰਸਿੱਧ ਆਰਥਿਕ ਮਾਹਿਰ ਜੋਸਫ਼ ਸ਼ੂਮਪੇਟਰ ਨੇ ਅਰਬਪਤੀਆਂ ਦੌਲਤ ਵਿਚ ਹੋਏ ਵਾਧੇ ਬਾਰੇ ਸਵਿਟਜ਼ਰਲੈਂਡ ਦੀ ਸੰਸਥਾ ਪੀਡਬਲਯੂਸੀ ਅਤੇ ਯੂਬੀਐੱਸ ਦੀ ਤਾਜ਼ਾ ਰਿਪੋਰਟ ਤੂਫ਼ਾਨਾਂ ਵਿਚ ਸਵਾਰੀ ਕਰਦੇ ਅਰਬਪਤੀ ਘਰਾਣਿਆਂ ਵਿਚ ਦਰਜ ਕੀਤੇ ਹਨ।

ਦੁਨੀਆ ਦੇ ਹਰ ਕੋਨੇ ਤੇ ਕਰੋਨਾ ਸੰਕਟ ਨੇ ਲੋਕਾਂ ਨੂੰ ਦੋ ਡੰਗ ਦੀ ਰੋਟੀ ਤੋਂ ਵੀ ਮੁਥਾਜ ਕਰ ਦਿੱਤਾ। ਇਉਂ ਇਤਿਹਾਸ ਵਿਚ ਕਦੀ ਵੀ ਨਹੀਂ ਵਾਪਰਿਆ ਕਿ ਲੋਕ ਤਰਾਸਦੀਆਂ ਵਿਚੋਂ ਗੁਜ਼ਰ ਰਹੇ ਹੋਣ ਅਤੇ ਹਕੂਮਤਾਂ ਅਰਬਪਤੀਆਂ ਨਾਲ ਮਿਲ ਕੇ ਕਾਰਪੋਰੇਟ ਘਰਾਣਿਆਂ ਲਈ ਨਵੀਂ ਜ਼ਮੀਨ ਤਿਆਰ ਕਰਨ ਵਿਚ ਇਕਮਿਕ ਹੋ ਜਾਣ ਪਰ ਇਹ ਸਭ ਕੁਝ ਫਰਵਰੀ 2020 ਤੋਂ ਬੜੀ ਤੇਜ਼ੀ ਨਾਲ ਵਾਪਰ ਰਿਹਾ ਹੈ। ਅਰਬਪਤੀ ਬੜੇ ਹੀ ਚਾਅ ਨਾਲ ਅਗਾਂਹ ਵਧ ਰਹੇ ਹਨ, ਵੱਖ ਵੱਖ ਨਵੇਂ ਖੇਤਰਾਂ ਵਿਚੋਂ ਸਰਮਾਇਆ ਇਕੱਤਰ ਕਰਨ ਦੀ ਪ੍ਰਤੀਕਿਰਿਆ ਲਈ ਮਸਨੂਈ ਗਿਆਨ ( ?ਗਵਜਜਿਫਜ਼; ਜਅਵਕ;;ਜਪਕਅਫਕ) ਤੋਂ ਲੈ ਕੇ ਨੈਨੋ ਤਕਨਾਲੋਜੀ ਤੱਕ ਦੀ ਹਰ ਖੇਤਰ ਵਿਚ ਪ੍ਰਭੂਸੱਤਾ ਬਹਾਲ ਕਰ ਕੇ ਨਵੀਂ ਦੌਲਤ ਪੈਦਾ ਕਰਨ ਦੀਆਂ ਸੰਭਾਵਨਾਵਾਂ ਹਕੀਕਤ ਵਿਚ ਬਦਲੀਆਂ ਜਾ ਰਹੀਆਂ ਹਨ। ਨਵੇਂ ਵਿਗਿਆਨੀਆਂ, ਤਕਨਾਲੋਜੀ ਮਾਹਿਰਾਂ ਤੇ ਸਮਾਜਿਕ ਉੱਦਮੀਆਂ ਨੇ ਇਨ੍ਹਾਂ ਕਾਰਪੋਰੇਟ ਘਰਾਣਿਆਂ ਦੀਆਂ ਖਵਾਹਿਸ਼ਾਂ ਦੀ ਪੂਰਤੀ ਲਈ ਆਪਣੀਆਂ ਸੇਵਾਵਾਂ ਸਮਰਪਿਤ ਕਰ ਦਿੱਤੀਆਂ ਹਨ। ਇਟਲੀ ਦੇ ਇਕ ਅਰਬਪਤੀ ਨੇ ਤਾਂ ਇਹ ਵੀ ਕਹਿ ਦਿੱਤਾ ਹੈ ਕਿ ਕਰੋਨਾ ਸੰਕਟ ਦਾ ਸਮਾਂ ਤਾਂ ਸਾਡੇ ਲਈ ਇੰਜ ਆਇਆ, ਜਿਵੇਂ ਕਿਸੇ ਪੁਰਾਣੀ ਆਰਥਿਕਤਾ ਦੀ ਦੀਵਾਰ ਢਾਹ ਕੇ ਨਵੀਂ ਦੀਵਾਰ ਉਸਾਰਨ ਲਈ ਸਾਨੂੰ ਜ਼ਿੰਮੇਵਾਰੀ ਸੌਂਪੀ ਜਾ ਰਹੀ ਹੋਵੇ ਜਿਸ ਵਿਚ ਰਾਜ ਦੀ ਸਾਡੇ ਕਾਰਜਾਂ ਵਿਚ ਘੱਟ ਦਖ਼ਲਅੰਦਾਜ਼ੀ ਅਤੇ ਪੁਰਾਤਨ ਕਾਇਦੇ ਕਾਨੂੰਨਾਂ ਦੀ ਸਰਦਾਰੀ ਦਾ ਖ਼ਾਤਮਾ ਸ਼ਾਮਲ ਹਨ।

ਅਰਬਪਤੀਆਂ ਦੇ ਸਰਮਾਏ ਸੰਬੰਧੀ ਇਹ ਰਿਪੋਰਟ 31 ਜੁਲਾਈ 2020 ਤੱਕ ਦੇ ਅੰਕੜੇ ਪੇਸ਼ ਕਰਦੀ ਹੈ ਕਿ 7 ਅਪਰੈਲ 2020 ਤੱਕ ਅਰਬਪਤੀਆਂ ਦੀ ਗਿਣਤੀ 2058 ਸੀ ਜਿਹੜੀ 31 ਜੁਲਾਈ 2020 ਤੱਕ ਵਧ ਕੇ 2189 ਹੋ ਗਈ। ਜਦੋਂ ਲੋਕ ਕਰੋਨਾ ਦੀ ਮਾਰ ਹੇਠ ਸਨ ਤਾਂ ਨਵੇਂ 131 ਹੋਰ ਅਰਬਪਤੀ ਬਣ ਗਏ। ਇਹ ਰਿਪੋਰਟ ਦੁਨੀਆ ਦੀਆਂ 43 ਵੱਖ ਵੱਖ ਮਾਰਕੀਟਾਂ ਵਿਚੋਂ ਇਕੱਤਰ ਅੰਕੜਿਆਂ ਉੱਪਰ ਆਧਾਰਿਤ ਹੈ ਜਿਨ੍ਹਾਂ 'ਚ 98% ਵਿਸ਼ਵ ਪੱਧਰੀ ਅਰਬਪਤੀਆਂ ਦੀ ਧਨ-ਦੌਲਤ ਹੈ। ਰਿਪੋਰਟ 'ਚ ਦਰਜ ਕੀਤਾ ਕਿ ਕਾਰਪੋਰੇਟ ਘਰਾਣਿਆਂ ਲਈ ਇਹ ਇੱਕ ਤਰ੍ਹਾਂ ਦਾ ਆਰਥਿਕ ਇਨਕਲਾਬ ਹੈ ਜੋ ਉਨ੍ਹਾਂ ਦੇ ਵਪਾਰ ਨੂੰ ਆਧੁਨਿਕ ਤਕਨਾਲੋਜੀ ਨਾਲ ਜੋੜ ਕੇ ਲਿਆਂਦਾ ਗਿਆ; ਦੂਸਰੇ ਪਾਸੇ ਕਰੋੜਾਂ ਲੋਕਾਂ ਲਈ ਇਹ ਤਬਾਹੀ ਦਾ ਰੂਪ ਹੈ ਜੋ ਨਵੀਆਂ ਤਰਾਸਦੀਆਂ ਦੇ ਸਨਮੁੱਖ ਖੜ੍ਹੇ ਹੋ ਗਏ ਹਨ।

ਜਦੋਂ ਫਰਵਰੀ 2020 'ਚ ਕਰੋਨਾ ਦਾ ਕਹਿਰ ਸ਼ੁਰੂ ਹੁੰਦਾ ਹੈ, ਸੰਸਾਰ ਆਰਥਿਕਤਾ ਦੇ ਕਈ ਖੇਤਰ ਪ੍ਰਭਾਵਿਤ ਹੁੰਦੇ ਹਨ: ਅਰਬਪਤੀਆਂ ਦੀ ਧਨ-ਦੌਲਤ ਫਰਵਰੀ ਤੇ ਮਾਰਚ 2020 ਵਿਚ 6.6 ਪ੍ਰਤੀਸ਼ਤ ਹੇਠਾਂ ਡਿੱਗ ਪੈਂਦੀ ਹੈ ਪਰ ਅਪਰੈਲ ਤੋਂ ਜੁਲਾਈ 2020 ਤੱਕ ਇਹ ਬੜੀ ਤੇਜ਼ੀ ਨਾਲ ਵਧ ਕੇ 10.2 ਟ੍ਰਿਲੀਅਨ ਤੱਕ ਪਹੁੰਚ ਜਾਂਦੀ ਹੈ। ਵਾਧੇ ਦੀ ਇਹ ਦਰ 19.1 ਪ੍ਰਤੀਸ਼ਤ ਹੈ। ਰਿਪੋਰਟ ਅਨੁਸਾਰ (ਅਪਰੈਲ 2020 ਤੋਂ 31 ਜੁਲਾਈ 2020 ਤੱਕ) ਤਕਨਾਲੋਜੀ ਦੇ ਖੇਤਰ ਵਿਚ 41.1 ਪ੍ਰਤੀਸ਼ਤ, ਸਿਹਤ ਸੇਵਾਵਾਂ ਦੀ ਸਨਅਤ ਵਿਚ 36.3%, ਆਧੁਨਿਕ ਸਨਅਤ ਵਿਚ 44.4%, ਰੀਅਲ ਅਸਟੇਟ ਵਿਚ 12.9%, ਵਿੱਤੀ ਖੇਤਰ ਵਿਚ 12.8%, ਮਨਪ੍ਰਚਾਵਾ ਤੇ ਮੀਡੀਆ ਖੇਤਰ ਵਿਚ 20.4% ਤੱਕ ਦਾ ਵਾਧਾ ਸੀ। ਇਨ੍ਹਾਂ ਖੇਤਰਾਂ ਵਿਚ ਹੀ ਇਨ੍ਹਾਂ ਅਰਬਪਤੀਆਂ ਦਾ ਵੱਡਾ ਸਰਮਾਇਆ ਲੱਗਿਆ ਹੋਇਆ ਹੈ। ਇਨ੍ਹਾਂ ਖੇਤਰਾਂ ਵਿਚ ਵੱਡੀਆਂ ਤਬਦੀਲੀਆਂ ਤੇ ਸੁਧਾਰਾਂ ਲਈ ਸਰਕਾਰਾਂ ਨੂੰ ਕਾਰਜ ਕਰਨ ਦੇ ਰਸਤੇ ਤੋਰ ਦਿੱਤਾ ਹੈ। ਇਨ੍ਹਾਂ ਅਰਬਪਤੀਆਂ ਵਿਚੋਂ 209 ਅਰਬਪਤੀਆਂ ਨੇ ਮੰਨਿਆ ਕਿ ਮਾਰਚ ਤੋਂ ਜੂਨ 2010 ਤੱਕ 7.2 ਬਿਲੀਅਨ ਡਾਲਰ ਦਾਨ ਵਜੋਂ (ਜਿਹੜੀ ਅਰਬਪਤੀਆਂ ਦੀ ਕੁੱਲ ਧਨ-ਦੌਲਤ ਦਾ 0.00001 ਪ੍ਰਤੀਸ਼ਤ ਬਣਦਾ ਹੈ) ਸਰਕਾਰਾਂ/ਲੋਕਾਂ ਦੀ ਮਦਦ ਲਈ ਖ਼ਰਚੇ ਹਨ ਜਿਨ੍ਹਾਂ ਵਿਚ ਪੀਪੀਈ ਕਿੱਟਾਂ ਤੋਂ ਲੈ ਕੇ ਸਕੂਲਾਂ ਤੇ ਕਾਲਜਾਂ ਦੇ ਸਿਲੇਬਸਾਂ, ਪੜ੍ਹਨ-ਪੜ੍ਹਾਉਣ ਦੇ ਖੇਤਰ ਤਕਨਾਲੋਜੀ ਨਾਲ ਸੰਬੰਧਤ ਤਕਨੀਕਾਂ ਸ਼ਾਮਲ ਹਨ। ਸਰਕਾਰਾਂ ਤੱਤ ਰੂਪ ਵਿਚ ਕਾਰਪੋਰੇਟ ਘਰਾਣਿਆਂ ਦੇ ਰਹਿਮੋ-ਕਰਮ ਤੇ ਜਿਉ ਰਹੀਆਂ ਹਨ, ਅਰਬਪਤੀਆਂ ਲਈ ਹੁਣ 'ਦਾਨੀ ਸੱਜਣ' ਦਾ ਸ਼ਬਦ ਵਰਤਣਾ ਸ਼ੁਰੂ ਕਰ ਦਿੱਤਾ ਹੈ। ਅਰਬਪਤੀਆਂ ਵਿਚੋਂ ਪਹਿਲੇ ਦਸਾਂ ਵਿਚ ਭਾਰਤੀ ਅਰਬਪਤੀ ਮੁਕੇਸ਼ ਅੰਬਾਨੀ (3 ਸਤੰਬਰ 2020 ਦੇ ਅੰਕੜਿਆਂ ਅਨੁਸਾਰ) ਅੱਠਵੇਂ ਸਥਾਨ ਤੇ ਹੈ ਜਿਸ ਕੋਲ 81.9 ਬਿਲੀਅਨ ਡਾਲਰ ਧਨ-ਦੌਲਤ ਹੈ। ਸਭ ਤੋਂ ਵੱਧ ਸਰਮਾਇਆ ਐਮਾਜ਼ੋਨ ਦੇ ਮਾਲਕ ਜੈੱਫ਼ ਬੇਜ਼ੋਸ ਦਾ 207 ਬਿਲੀਅਨ ਡਾਲਰ ਹੈ। ਦੂਸਰੇ ਨੰਬਰ ਤੇ ਤਕਨਾਲੋਜੀ ਦੇ ਖੇਤਰ ਵਾਲਾ ਬਿਲ ਗੇਟਸ 127 ਬਿਲੀਅਨ ਡਾਲਰ ਦਾ ਮਾਲਕ ਹੈ ਅਤੇ ਤੀਸਰੇ ਸਥਾਨ ਤੇ ਸੋਸ਼ਲ ਮੀਡੀਆ ਨਾਲ ਸੰਬੰਧਤ ਫੇਸ ਬੁੱਕ ਆਦਿ ਦਾ ਮਾਲਕ ਮਾਰਕ ਜ਼ੁਕਰਬਰਗ ਹੈ ਜਿਸ ਦਾ ਕੁੱਲ ਅਸਾਸਾ 114 ਬਿਲੀਅਨ ਡਾਲਰ ਹੈ। ਅਰਬਪਤੀ ਅਡਾਨੀ ਦਾ 91ਵਾਂ ਸਥਾਨ ਹੈ। ਰਿਪੋਰਟ ਵਿਚ ਯੂਬੀਐੱਸ ਸੰਸਾਰ ਪੱਧਰੀ ਧਨ-ਦੌਲਤ ਪ੍ਰਬੰਧਨ ਦੇ ਕੋਆਰਡੀਨੇਟਰ ਜੋਸਫ ਸਟੈਡਲਰ ਦਾ ਕਹਿਣਾ ਹੈ, ਅਰਬਪਤੀ ਕਰੋਨਾ ਸੰਕਟ ਵਿਚ ਸਿਰੇ ਦੀਆਂ ਮੌਜਾਂ ਮਾਣ ਰਹੇ ਸੀ, ਉਹ ਕਰੋਨਾ ਸੰਕਟ ਤੇ ਸਵਾਰੀ ਕਰ ਕੇ ਧਨ-ਦੌਲਤ ਦੀਆਂ ਟੀਸੀਆਂ ਛੂਹਣ ਵਿਚ ਗ਼ਲਤਾਨ ਸਨ, ਦੂਸਰੇ ਪਾਸੇ ਕਰੋੜਾਂ ਲੋਕ ਬੇਰੁਜ਼ਗਾਰੀ, ਸਿਹਤ ਸਹੂਲਤਾਂ ਤੋਂ ਵਾਂਝੇ, ਬੇਘਰ ਹੋਏ, ਮੌਤ ਦੇ ਸਾਏ ਹੇਠ ਹਨ ਅਤੇ ਹਕੂਮਤਾਂ ਉਨ੍ਹਾਂ ਦੀ ਕੋਈ ਸਾਰ ਨਹੀਂ ਲੈ ਰਹੀਆਂ।

ਜਦੋਂ ਸਾਡੇ ਸਮਿਆਂ ਵਿਚ ਮਾਨਵਤਾ ਸਾਹਮਣੇ ਵੱਡੀ ਤਰਾਸਦੀ ਵਾਪਰ ਰਹੀ ਸੀ ਤਾਂ ਇਹ ਅਰਬਪਤੀ ਧਨ-ਦੌਲਤ ਇਕੱਤਰ ਕਰਨ ਲਈ ਨਵੀਂ ਲੁੱਟ ਦੇ ਰਾਹ ਪੱਧਰੇ ਕਰ ਰਹੇ ਸਨ। ਕੌਮਾਂਤਰੀ ਫੈਡਰੇਸ਼ਨ ਆਫ਼ ਰੈੱਡ ਕਰਾਸ ਨੇ ਵੀ ਅਜਿਹੀ ਹਾਲਤ ਸੰਬੰਧੀ ਕਿਹਾ ਹੈ, ਇੱਕ ਮਿਲੀਅਨ ਵਿਅਕਤੀਗਤ ਤਰਾਸਦੀਆਂ ਦੇ ਨਾਲ ਨਾਲ ਅਣਗਿਣਤ ਦਿਲ ਕੰਬਾਊ ਘਟਨਾ ਵਾਪਰੀਆਂ ਹਨ। ਤੱਤ ਰੂਪ ਵਿਚ ਇਹ ਮਾਨਵੀ ਤਬਾਹੀ ਦਹਾਕਿਆਂ ਤੱਕ ਲੋਕਾਂ ਉੱਪਰ ਅਸਰ ਪਾਵੇਗੀ। ਸ਼ਹਿਰਾਂ ਤੇ ਪਿੰਡਾਂ ਵਿਚ ਲੋਕਾਂ ਨੂੰ ਖੁੱਲ੍ਹੀ ਜੇਲ੍ਹ ਵਿਚ ਤਬਦੀਲ ਕਰ ਕੇ ਅਰਬਪਤੀ ਆਪਣੀ ਲੁੱਟ ਤੇਜ਼ ਕਰ ਰਹੇ ਸਨ ਅਤੇ ਨਵੇਂ ਖੇਤਰਾਂ ਵਿਚ ਲੁੱਟ ਕਿਸ ਤਰ੍ਹਾਂ ਵਧਾਉਣੀ ਹੈ, ਇਸ ਲਈ ਰਾਹ ਪੱਧਰੇ ਕੀਤੇ ਜਾ ਰਹੇ ਸਨ। ਜਿਵੇਂ ਮੋਦੀ ਸਰਕਾਰ ਨੇ ਨਵੀਂ ਸਿੱਖਿਆ ਨੀਤੀ-2020 ਤੋਂ ਲੈ ਕੇ ਕਿਰਤ ਕਾਨੂੰਨਾਂ ਵਿਚ ਸੁਧਾਰ, ਤੇ ਹੁਣ ਖੇਤੀ ਸੁਧਾਰਾਂ ਦੇ ਨਾਂ ਹੇਠ ਕਾਰਪੋਰੇਟ ਘਰਾਣਿਆਂ ਲਈ ਖੁੱਲ੍ਹੀ ਲੁੱਟ ਲਈ ਰਸਤੇ ਖੇਤੀ ਕਾਨੂੰਨ ਬਣਾਏ ਹਨ। ਦੇਸ਼ ਨੂੰ ਖੁੱਲ੍ਹੀ ਮੰਡੀ ਵਿਚ ਬਦਲ ਦਿੱਤਾ ਗਿਆ ਹੈ।

ਅਜੋਕੀ ਦੁਨੀਆ ਵਿਚ ਅਰਬਪਤੀਆਂ ਨੇ ਆਪਣੇ ਮੁਨਾਫ਼ੇ ਲਈ ਸੰਸਾਰ ਪੂੰਜੀਵਾਦ ਦੀ ਚਾਲ ਤੇ ਢਾਲ ਕਰੋਨਾ ਸੰਕਟ ਨੂੰ ਵਰਤ ਕੇ ਦੇਸ਼ ਦੇ ਹੋਰ ਕੋਨੇ ਵਿਚ ਸਥਾਪਤ ਕਰ ਦਿੱਤੀ ਹੈ। ਇਸ ਦਾ ਬਦਲ ਤਲਾਸ਼ਣ ਲਈ ਕਈ ਮਹੀਨੇ ਤੇ ਵਰ੍ਹੇ ਲੱਗਣਗੇ ਕਿ ਕਿਸ ਤਰ੍ਹਾਂ ਦੇ ਨਾਅਰੇ ਤੇ ਸੰਘਰਸ਼ਾਂ ਦੀ ਰੂਪ ਰੇਖਾ ਹੋਵੇ ਤਾਂ ਕਿ ਲੁੱਟ ਤੋਂ ਛੁਟਕਾਰਾ ਪਾਇਆ ਜਾ ਸਕੇ। ਇਕ ਬਦਲ ਵਜੋਂ ਲੱਖਾਂ ਲੋਕਾਂ ਵਿਚ ਸਮਾਜਿਕ, ਆਰਥਿਕ ਤੇ ਸਿਆਸੀ ਖੇਤਰ ਵਿਚ ਉਬਾਲੇ ਖਾ ਰਹੇ ਸਵਾਲਾਂ ਦੇ ਜੁਆਬ ਤਲਾਸ਼ੇ ਜਾਣ। ਜਿਹੜਾ ਵੀ ਆਗੂ, ਬੁੱਧੀਜੀਵੀ ਅਤੇ ਲੜਾਈ ਵਿਚ ਕਾਰਜਸ਼ੀਲ ਕਰਿੰਦਾ ਇਨ੍ਹਾਂ ਸਵਾਲਾਂ ਨੂੰ ਸੰਬੋਧਤ ਹੋਏ ਬਿਨਾ, ਪਾਸਾ ਵੱਟਦਾ ਹੈ ਅਤੇ ਹਾਲਾਤ ਵਿਚੋਂ ਉਪਜੇ ਸਵਾਲਾਂ ਨੂੰ ਨਜ਼ਰਅੰਦਾਜ਼ ਕਰਦਾ ਹੈ, ਉਹ ਕਿਸੇ ਨਾ ਕਿਸੇ ਰੂਪ ਵਿਚ ਕਾਰਪੋਰੇਟ ਘਰਾਣਿਆਂ ਦੀ ਧਿਰ ਬਣ ਰਿਹਾ ਹੈ ਤੇ ਹਕੀਕਤ ਵਿਚ ਲੁੱਟ ਤੋਂ ਨਿਜਾਤ ਨਹੀਂ ਚਾਹੁੰਦਾ। ਇਸ ਕਰ ਕੇ ਸਮੇਂ ਦੀ ਲੋੜ ਹੈ ਕਿ ਇੱਕਜੁੱਟ ਹੋ ਕੇ ਬਦਲਵੇਂ ਅਤੇ ਲੁੱਟ ਤੋਂ ਰਹਿਤ ਸਮਾਜ ਦੀ ਸੋਚ ਵੱਲ ਅਗਾਂਹ ਵਧਣ ਤੇ ਵਧਾਉਣ ਲਈ ਕਾਰਜਸ਼ੀਲ ਹੋਇਆ ਜਾਵੇ।

**ਲੇਖਕ : ਡਾ. ਕੁਲਦੀਪ ਸਿੰਘ, ਸੰਪਰਕ: 98151-15429**

# ਜਦੋਂ ਨਵੇਂ ਘਰ 'ਚ ਸ਼ਿਫਟ ਹੋਣ ਜਾ ਰਹੇ ਹੋਵੋਂ ਇਨ੍ਹਾਂ ਗੱਲਾਂ ਦਾ ਰੱਖੋ ਧਿਆਨ

- ਘਰ ਬਦਲਣਾ ਹੈ ਤਾਂ ਅਜਿਹੀ ਜਗ੍ਹਾ ਦੂਜਾ ਘਰ ਦੇਖੋ ਜੋ ਬਾਜ਼ਾਰ, ਸਕੂਲ, ਦਫਤਰ ਦੇ ਨੇੜੇ ਹੋਵੇ। ਬਹੁਤ ਦੂਰ ਹੋਣ ਨਾਲ ਸਾਰਿਆਂ ਲਈ ਸਮੱਸਿਆ ਹੋ ਸਕਦੀ ਹੈ।
- ਜਦੋਂ ਵੀ ਘਰ ਬਦਲੋ, ਮੁੱਖ ਦਰਵਾਜ਼ੇ ਦਾ ਜਿੰਦਾ ਬਦਲਵਾ ਲਓ। ਸੁਰੱਖਿਆ ਲਈ ਇਹ ਵਧੀਆ ਕਦਮ ਹੈ।
- ਆਪਣਾ ਘਰ ਬਦਲ ਰਹੇ ਹੋ ਜਾਂ ਕਿਰਾਏ ਦਾ, ਨਵੇਂ ਘਰ 'ਚ ਜਾਣ ਤੋਂ ਜਾਣ ਤੋਂ ਪਹਿਲਾਂ ਸਫਾਈ ਜ਼ਰੂਰ ਕਰਵਾ ਲਓ।
- ਆਪਣਾ ਜਾਂ ਕਿਰਾਏ ਦਾ ਘਰ ਹੋਵੇ, ਉਸ ਨੂੰ ਰੰਗ ਵਗੈਰਾ ਵੀ ਕਰਵਾ ਲਓ। ਕਿਰਾਏ ਦੇ ਘਰ ਵਿਚ ਮਕਾਨ ਮਾਲਕ ਨੂੰ ਕਹਿ ਕੇ ਰੰਗ ਕਰਵਾ ਲਓ।
- ਆਪਣੇ ਘਰ ਵਿਚ ਜਾਣ ਤੋਂ ਪਹਿਲਾਂ ਰਸੋਈ ਦਾ ਕੰਮ, ਵਾਸ਼ਰੂਮ ਦਾ ਕੰਮ, ਅਲਮਾਰੀ ਆਦਿ ਦਾ ਪੂਰਾ ਕੰਮ ਕਰਵਾ ਕੇ ਹੀ ਉਥੇ ਜਾਓ।
- ਕਿਰਾਏ ਦਾ ਮਕਾਨ ਹੋਵੇ ਤਾਂ ਚੰਗੀ ਤਰ੍ਹਾਂ ਟੂਟੀਆਂ, ਚਿਟਕਣੀਆਂ, ਫਲੱਸ਼, ਖਿੜਕੀਆਂ, ਦਰਵਾਜ਼ੇ, ਟਾਇਲਾਂ, ਬਿਜਲੀ ਦੇ ਬੋਰਡ, ਸਵਿੱਚ ਵਗੈਰਾ ਜਾਂਚ ਲਓ ਤਾਂ ਕਿ ਮਕਾਨ ਵਿਚ ਜਾਣ ਤੋਂ ਪਹਿਲਾਂ ਮਾਲਕ ਨੂੰ ਕਹਿ ਕੇ ਠੀਕ ਕਰਵਾ ਸਕੋ।
- ਸ਼ਿਫਟ ਹੋਣ ਤੋਂ ਪਹਿਲਾਂ ਕੀੜੇ-ਮਕੌੜੇ (ਪੈਸਟ) ਕੰਟਰੋਲ ਕਰਵਾ ਲਓ।
- ਜਿਸ ਸੁਸਾਇਟੀ ਜਾਂ ਕਾਲੋਨੀ ਵਿਚ ਮਕਾਨ ਲੈ ਰਹੇ ਹੋ, ਨੇੜੇ-ਤੇੜੇ ਮਾਰਕੀਟ ਜਾਂ ਛੋਟੀ ਟਕਸ਼ਾਪ, ਡਾਕਟਰ ਦੀ ਸਹੂਲਤ ਕਿੰਨੀ ਦੂਰ ਹੈ, ਕੈਮਿਸਟ ਆਦਿ ਕਿਥੇ ਹੈ, ਪਹਿਲਾਂ ਦੇਖ ਲਓ ਤਾਂ ਕਿ ਬਾਅਦ ਵਿਚ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।
- ਨਵੇਂ ਘਰ ਵਿਚ ਜਾਣ ਤੋਂ ਪਹਿਲਾਂ ਘਰ ਦੀਆਂ ਗ਼ੈਰ-ਜ਼ਰੂਰੀ ਚੀਜ਼ਾਂ ਨੂੰ ਕੱਢ ਦਿਓ, ਤਾਂ ਕਿ ਜ਼ਰੂਰਤ ਦਾ ਸਹੀ ਸਾਮਾਨ ਹੀ ਨਾਲ ਲੈ ਕੇ ਜਾ ਸਕੋ।
- ਆਪਣੇ ਨਵੇਂ ਪਤੇ ਨੂੰ ਅਪਡੇਟ ਕਰਨ ਲਈ ਇਕ ਸੂਚੀ ਤਿਆਰ ਕਰਕੇ ਡਾਕਖਾਨੇ, ਬੈਂਕ, ਆਪਣੇ ਨਜ਼ਦੀਕੀ ਸਬੰਧੀਆਂ ਨੂੰ ਸੂਚਿਤ ਕਰੋ।
- ਜੇਕਰ ਤੁਹਾਡੇ ਕੋਲ ਪਾਲਤੂ ਜਾਨਵਰ ਹੋਵੇ ਤਾਂ ਸ਼ਿਫਟਿੰਗ ਦੇ ਸਮੇਂ ਉਸ ਨੂੰ ਆਪਣੇ ਕਰੀਬੀ ਦੇ ਘਰ ਛੱਡ ਦਿਓ। ਪੂਰਾ ਸਾਮਾਨ ਸ਼ਿਫਟ ਹੋ ਜਾਣ 'ਤੇ ਉਸ ਨੂੰ ਨਾਲ ਲਿਜਾਓ ਤਾਂ ਕਿ ਉਸ ਨੂੰ ਸਮੇਂ ਸਿਰ ਖਾਣਾ ਮਿਲ ਸਕੇ।
- ਬੱਚੇ ਬਹੁਤ ਛੋਟੇ ਹੋਣ ਤਾਂ ਮਾਤਾ-ਪਿਤਾ, ਭੈਣ-ਭਰਾ ਦੀ ਮਦਦ ਲਓ ਤਾਂ ਕਿ ਉਹ ਬੱਚਿਆਂ ਦੀ ਦੇਖਭਾਲ ਕਰ ਸਕਣ ਅਤੇ ਬੱਚੇ ਪ੍ਰੇਸ਼ਾਨੀ ਤੋਂ ਬਚ ਸਕਣ।
- ਫਰਿੱਜ, ਵਾਸ਼ਿੰਗ ਮਸ਼ੀਨ, ਟੀ.ਵੀ. ਇਲੈਕਟ੍ਰਾਨਿਕ ਚੀਜ਼ਾਂ ਨੂੰ ਬਾਕਸ ਵਿਚ ਪੈਕ ਕਰੋ। ਜੇਕਰ ਤੁਸੀਂ ਮੂਵਰਸ ਐਂਡ ਪੈਕਰਸ ਕੰਪਨੀ ਤੋਂ ਮਦਦ ਲੈ ਰਹੇ ਹੋ ਤਾਂ ਬਸ ਧਿਆਨ ਦਿਓ ਕਿ ਜਿਸ ਬਾਕਸ ਵਿਚ ਜੋ ਪੈਕ ਹੋ ਰਿਹਾ ਹੈ, ਉਸ ਦਾ ਵੇਰਵਾ ਆਪਣੇ ਕੋਲ ਨੋਟ ਕਰ ਲਓ। ਉਨ੍ਹਾਂ 'ਤੇ ਬਾਕਸ ਨੰਬਰ ਦੇ ਕੇ ਕੀ ਸਾਮਾਨ ਕਿਸ ਬਾਕਸ ਵਿਚ ਹੈ, ਆਪਣੇ ਕੋਲ ਨੋਟ ਕਰ ਲਓ ਤਾਂ ਕਿ ਕੱਢਣ ਸਮੇਂ ਲੋੜ ਅਨੁਸਾਰ ਸਾਮਾਨ ਕੱਢਿਆ ਜਾ ਸਕੇ।
- ਮਕਾਨ ਛੱਡਣ ਤੋਂ ਪਹਿਲਾਂ ਕੇਬਲ ਵਾਲੇ, ਅਖ਼ਬਾਰ ਵਾਲੇ, ਕਿਸੇ ਵੀ ਤਰ੍ਹਾਂ ਦੀ ਸਪਲਾਈ ਵਾਲੇ ਨੂੰ ਦੱਸ ਦਿਓ ਕਿ ਕਦੋਂ ਤੱਕ ਤੁਹਾਨੂੰ ਸਰਵਿਸ ਦੀ ਲੋੜ ਹੈ।
- ਇੰਟਰਨੈੱਟ ਦੀ ਸਹੂਲਤ ਉਥੇ ਹੈ ਜਾਂ ਨਹੀਂ, ਜਾਣਨ ਵਿਚ ਸਮਾਂ ਲੱਗ ਸਕਦਾ ਹੈ। ਅਜਿਹੇ ਵਿਚ ਚੰਗੀ ਕੰਪਨੀ ਦਾ ਡੋਂਗਲ ਲੈ ਕੇ ਕੰਮ ਚਲਾ ਸਕਦੇ ਹੋ।
- ਸਾਮਾਨ ਪੈਕ ਕਰਨ ਅਤੇ ਕੱਢਣ ਦਾ ਕੰਮ ਥਕਾਉਣ ਵਾਲਾ ਹੁੰਦਾ ਹੈ। ਆਪਣੇ ਕਿਸੇ ਨਜ਼ਦੀਕੀ ਵਿਸ਼ਵਾਸਪਾਤਰ ਸੰਬੰਧੀ ਜਾਂ ਮਿੱਤਰ ਦੀ ਮਦਦ ਲਓ।
- ਇਕ ਬੈਗ ਅਜਿਹਾ ਰੱਖੋ, ਜਿਸ ਵਿਚ ਇਕ ਸਮੇਂ ਦੇ ਸਾਰਿਆਂ ਦੇ ਕੱਪੜੇ, ਤੌਲੀਏ, ਥੋੜ੍ਹਾ ਖਾਣੇ ਦਾ ਸਾਮਾਨ, ਲੋੜ ਦੀਆਂ ਦਵਾਈਆਂ, ਡਿਟੌਲ, ਰੂੰ, ਬੈਂਡਿਡ, ਕੈਂਚੀ ਆਦਿ ਰੱਖ ਲਓ ਤਾਂ ਕਿ ਲੋੜ ਸਮੇਂ ਕੰਮ ਆ ਸਕੇ। ਨਵੇਂ ਘਰ ਦੀਆਂ ਚਾਬੀਆਂ ਦਾ ਗੁੱਛਾ ਵੀ ਪਰਸ ਵਿਚ ਰੱਖ ਲਓ। ਪੁਰਾਣੇ ਘਰ ਦੀਆਂ ਚਾਬੀਆਂ ਅਤੇ ਜਿੰਦੇ ਵੀ ਅਜਿਹੀ ਜਗ੍ਹਾ ਰੱਖੋ ਤਾਂ ਕਿ ਮਕਾਨ ਮਾਲਕ ਨੂੰ ਸੰਭਾਲ ਕੇ ਦੇਣ ਵਿਚ ਕੋਈ ਪ੍ਰੇਸ਼ਾਨੀ ਨਾ ਹੋਵੇ।
- ਜੇਕਰ ਗਮਲੇ ਲਿਜਾ ਰਹੇ ਹੋ ਤਾਂ ਉਨ੍ਹਾਂ ਵਿਚ ਕੀਟਨਾਸ਼ਕ ਦਵਾਈ ਤਿੰਨ-ਚਾਰ ਦਿਨ ਪਹਿਲਾਂ ਛਿੜਕਵਾ ਲਓ।
- ਬੱਚਿਆਂ ਦਾ ਸਾਮਾਨ ਬੱਚਿਆਂ ਦੇ ਕਮਰੇ ਵਿਚ ਪਹਿਲਾਂ ਹੀ ਰਖਵਾ ਦਿਓ।
- ਜੇਕਰ ਨਵਾਂ ਫਰਨੀਚਰ ਲੈ ਰਹੇ ਹੋ ਤਾਂ ਡਿਲਿਵਰੀ ਦੀ ਤਰੀਕ ਨਵੇਂ ਘਰ ਵਿਚ ਜਾਣ ਤੋਂ 2-3 ਦਿਨ ਬਾਅਦ ਦੀ ਦਿਓ, ਤਾਂ ਕਿ ਬਾਕੀ ਸਾਮਾਨ ਸੈੱਟ ਹੋ ਸਕੇ।
- ਪੁਰਾਣੇ ਘਰ ਵਿਚ ਗੁਆਂਢੀ ਜਾਂ ਮਕਾਨ ਮਾਲਕ ਨੂੰ ਦੱਸ ਦਿਓ ਕਿ ਜੇ ਤੁਹਾਡੀ ਕੋਈ ਚਿੱਠੀ, ਬਿੱਲ, ਕੋਰੀਅਰ ਬਾਅਦ ਵਿਚ ਆਵੇ ਤਾਂ ਉਹ ਲੈ ਲੈਣ ਅਤੇ ਤੁਸੀਂ ਉਨ੍ਹਾਂ ਕੋਲੋਂ ਲੈ ਲਵੋਗੇ।
- ਡੱਬਿਆਂ ਵਿਚੋਂ ਸਾਮਾਨ ਕੱਢਦੇ ਸਮੇਂ ਸਾਰੇ ਡੱਬੇ ਇਕੱਠੇ ਨਾ ਖੋਲ੍ਹੋ। ਵਾਰੀ-ਵਾਰੀ ਡੱਬੇ ਖੋਲ੍ਹ ਕੇ ਸਾਮਾਨ ਕੱਢੋ ਅਤੇ ਸੈੱਟ ਕਰੋ।
- ਪਹਿਲੇ ਹੀ ਦਿਨ ਸਾਰਾ ਸਾਮਾਨ ਨਾ ਕੱਢੋ। ਸੰਭਾਲਣਾ ਬਹੁਤ ਮੁਸ਼ਕਿਲ ਹੋਵੇਗਾ, ਥਕਾਵਟ ਅਲੱਗ ਹੋਵੇਗੀ।
- ਸਾਮਾਨ ਕੱਢ ਕੇ ਡੱਬੇ ਕਾਰਟਨ ਫੋਲਡ ਕਰਕੇ ਇਕੱਠੇ ਕਰ ਲਓ। ਬਾਅਦ ਵਿਚ ਵਿਹਲੇ ਹੋਣ 'ਤੇ ਉਨ੍ਹਾਂ ਨੂੰ ਵੇਚ ਦਿਓ।
- ਪੁਰਾਣੇ ਘਰ ਦੇ ਬਿਜਲੀ, ਪਾਣੀ, ਕੇਬਲ ਦੇ ਬਿੱਲ ਦਾ ਹਿਸਾਬ ਕਰਕੇ ਆਓ। ਜੇਕਰ ਬਿੱਲ ਨਹੀਂ ਆਇਆ ਤਾਂ ਯੂਨਿਟਾਂ ਨੋਟ ਕਰ ਲਓ ਤਾਂ ਕਿ ਬਾਅਦ ਵਿਚ ਜਾ ਕੇ ਹਿਸਾਬ ਚੁਕਾ ਸਕੋ।
- ਜਦੋਂ ਸਾਮਾਨ ਸੈਟਲ ਹੋ ਜਾਵੇ ਤਾਂ ਗੁਆਂਢੀਆਂ ਨੂੰ ਘਰ ਵਿਚ ਚਾਹ ਦਾ ਸੱਦਾ ਦਿਓ ਤਾਂ ਕਿ ਗੁਆਂਢੀਆਂ ਨਾਲ ਜਾਣ-ਪਹਿਚਾਣ ਹੋ ਸਕੇ।
- ਸੁਸਾਇਟੀ ਵਿਚ ਘਰ ਲਿਆ ਹੈ ਤਾਂ ਸੁਸਾਇਟੀ ਦੇ ਮੈਂਬਰਾਂ ਨੂੰ ਆਪਣਾ ਨਾਂਅ, ਕੀ ਕਰਦੇ ਹੋ ਆਦਿ ਬਾਰੇ ਦੱਸੋ ਤਾਂ ਕਿ ਸੁਸਾਇਟੀ ਦੇ ਨਿਯਮ ਉਹ ਤੁਹਾਨੂੰ ਦੱਸ ਸਕਣ।

# ਤਿੰਨ ਸੁਨਹਿਰੀ ਦਰਵਾਜ਼ੇ



## ਪੁਸਤਕ ਸਮੀਖਿਆ

(ਅੰਗਰੇਜੀ ਨਾਵਲ ਦਾ ਸਪਰਿਟ ਆਫ ਕਾਇਰਾਨ ਦਾ ਅਨੁਵਾਦ )

ਮੂਲ ਲੇਖਿਕਾ : - ਡਾ. ਭਵਨੀਤ ਕੌਰ
ਅਨੁਵਾਦ : - ਡਾ. ਮੋਨੋਜੀਤ
ਪ੍ਰਕਾਸ਼ਕ : - ਲੋਕਗੀਤ ਪ੍ਰਕਾਸ਼ਨ
ਕੀਮਤ : - 250/-
ਪੰਨੇ : - 120

ਡਾਕਟਰ ਮੋਨੋਜੀਤ ਵੱਲੋਂ ਅੰਗਰੇਜ਼ੀ ਨਾਵਲ ਦਾ ਸਪਿਰਟ ਆਫਰ ਕਾਇਰਾਨ ਦਾ ਪੰਜਾਬੀ ਅਨੁਵਾਦ ਕੀਤਾ ਗਿਆ। ਜਿਸ ਦਾ ਪੰਜਾਬੀ ਵਿੱਚ ਨਾਮ 'ਤਿੰਨ ਸੁਨਹਿਰੀ ਦਰਵਾਜ਼ੇ' ਰੱਖਿਆ ਗਿਆ ਹੈ । ਡਾ. ਭਵਨੀਤ ਕੌਰ ਵੱਲੋਂ ਯੂਨਾਨੀ ਮਿਥਿਹਾਸਿਕ ਕਹਾਣੀ ਨੂੰ ਅਧਾਰ ਬਣਕੇ ਪੱਛਮੀ ਦੇਸ਼ਾਂ ਦੇ ਪਾਤਰਾਂ ਦੀ ਸਹਾਇਤਾ ਨਾਲ ਕਾਲਪਨਿਕ ਸੰਸਾਰ ਸਿਰਜ ਕੇ ਨਾਵਲ ਦੀ ਰਚਨਾ ਕੀਤੀ ਗਈ ਹੈ ।

ਇਸ ਨਾਵਲ ਵਿੱਚ ਮੈਗਸ, ਕੀਰਾ, ਐਮਾ, ਲਾਰਾ, ਪਾਣੀ ਦੀ ਬੂੰਦ ਅਤੇ ਭੀੜ ਇਸ ਦੇ ਪਾਤਰ ਹਨ। ਮੈਗਸ ਇਕ ਪ੍ਰਸਿੱਧ ਕਲਾਕਾਰ ਹੈ । ਜੋ ਆਪਣੀ ਕਲਾ ਦੇ ਦਮ ਤੇ ਸਾਰੇ ਲੋਕਾਂ ਦੇ ਦਿਲਾਂ ਤੇ ਰਾਜ ਕਰਦਾ ਹੈ । ਪਰ ਜਦੋਂ ਸ਼ੋਅ ਖਤਮ ਹੋ ਜਾਂਦਾ ਹੈ । ਜਦੋਂ ਉਹ ਇਕੱਲਾ ਰਹਿ ਜਾਂਦਾ ਹੈ। ਉਹ ਸੋਚਦਾ ਹੈ। ਕਿੱਥੇ ਹੈ ਮੇਰਾ ਘਰ ਤੇ ਕੌਣ ਹੈ ਮੇਰਾ ਆਪਣਾ ਕੌਣ ਮੈਨੂੰ ਘਰ ਉਡੀਕ ਰਿਹਾ ਹੈ । ਇਹ ਸਾਰੀਆਂ ਗੱਲਾਂ ਉਸਨੂੰ ਮਾਨਸਿਕ ਤੌਰ ਤੇ ਪੀੜ ਦਿੰਦੀਆਂ ਹਨ। ਆਦਮੀ ਨੂੰ ਕਿੰਨੇ ਵੀ ਲੋਕ ਕਿਉਂ ਨਾ ਜਾਣਦੇ ਹੋਣ, ਬੇਸ਼ੁਮਾਰ ਦੌਲਤ ਹੋਵੇ ਐਨਾ ਕੁੱਝ ਹੋਣ ਦੇ ਬਾਵਜੂਦ ਉਸਨੂੰ ਜਿਹੜੀ ਸ਼ਾਤੀ ਆਪਣੇ ਘਰ ਅਤੇ ਆਪਣੇ ਪਰਿਵਾਰ ਵਿੱਚ ਆ ਕੇ ਮਿਲਦੀ ਹੈ। ਉਹ ਹੋਰ ਕਿਤੇ ਮਹਿਸੂਸ ਨਹੀਂ ਹੁੰਦੀ। ਅਨੁਵਾਦਕ ਡਾ. ਮੋਨੋਜੀਤ ਨੇ 'ਤਿੰਨ ਸੁਨਹਿਰੀ ਦਰਵਾਜ਼ੇ' ਨਾਵਲ ਪੰਜਾਬੀ ਅਨੁਵਾਦ ਬਹੁਤ ਮੇਹਨਤ ਅਤੇ ਚੇਤਨ ਹੋ ਕੇ ਕੀਤਾ ਹੈ ਤਾਂ ਜੋ ਨਾਵਲ ਦੀ ਜੋ ਆਤਮਾ ਹੈ। ਉਹ ਕਾਇਮ ਰਹੇ। ਪਰ ਨਾਵਲ ਪੜ੍ਹਨ ਨਾਲ ਵਾਕ ਬਣਤਰ ਤੇ ਅੰਗਰੇਜ਼ੀ ਨਾਵਲ ਹੋਣ ਦਾ ਕਿਤੇ ਕਿਤੇ ਭੁਲੇਖਾ ਜਰੂਰ ਪੈਂਦਾ ਹੈ।

ਇਸ ਨਾਵਲ ਵਿੱਚ ਪਾਣੀ ਦੀ ਬੂੰਦ ਸਾਰੇ ਨਾਵਲ ਵਿੱਚ ਸੂਤਰਧਾਰ ਦਾ ਰੋਲਾ ਅਦਾ ਕਰਦੀ ਹੈ । ਕਹਾਣੀ ਦੀਆਂ ਲੜੀਆਂ ਨੂੰ ਆਪਸ ਵਿੱਚ ਜੋੜਦੀ ਹੈ। ਇਹ 'ਤਿੰਨ ਸੁਨਹਿਰੀ ਦਰਵਾਜ਼ੇ' ਮਨੁੱਖ ਨੂੰ ਮਾਨਸਿਕ ਕਮਜ਼ੋਰੀ ਵਿੱਚੋ ਕੱਢ ਕੇ ਜੀਵਨ ਆਨੰਦ ਅਤੇ ਰਿਸ਼ਤੇ ਨਿਭਾਉਣ ਵੱਲ ਲੈ ਕੇ ਜਾਂਦੇ ਹਨ। ਪਹਿਲਾਂ ਦਰਵਾਜਾ ਜਦੋਂ ਅਸੀ ਕਿਸੇ ਸਮੱਸਿਆ ਵਿੱਚ ਹੁੰਦੇ ਹਾਂ। ਜਦੋਂ ਅਸੀ ਇਹ ਸੋਚ ਲੈਂਦੇ ਹਾਂ ਕਿ ਮੈਂ ਇਸ ਸਮੱਸਿਆ ਨੂੰ ਹੱਲ ਕਰ ਲਵਾਂਗਾ। ਇਹ ਸਾਡਾ ਦ੍ਰਿੜ੍ਹ ਵਿਸ਼ਵਾਸ ਹੀ ਪਹਿਲਾ ਦਰਵਾਜ਼ਾ ਹੈ । ਇਸ ਵਿਸ਼ਵਾਸ ਨੂੰ ਕਾਇਮ ਰੱਖਣ ਲਈ ਜੋ ਔਕੜਾਂ ਆਉਂਦੀਆਂ ਹਨ। ਉਹਨਾਂ ਨੂੰ ਦੂਰ ਕਰਨਾ ਦੂਸਰਾ ਦਰਵਾਜ਼ਾ । ਤੀਜਾ ਦਰਵਾਜ਼ਾ ਅੰਤਿਮ ਆਨੰਦ ਹੈ।

ਮੈਗਸ ਜਦੋਂ ਸ਼ਾਂਤੀ ਦੀ ਭਾਲ ਵਿੱਚ ਭਟਕ ਰਿਹਾ ਹੁੰਦਾ ਹੈ ਤਾਂ ਇਕ ਪੁਲ ਤੇ ਅਚਾਨਕ ਕੀਰਾ ਅਤੇ ਐਮਾ ਮਾਵਾਂ ਧੀਆਂ ਮਿਲ ਜਾਂਦੀਆਂ ਹਨ। ਕੀਰਾ ਮਾਨਸਿਕ ਤੌਰ ਤੇ ਤਕੜੀ ਔਰਤ ਹੈ । ਉਹ ਜਖਮੀ ਉਪਚਾਰਕ ਦੇ ਤੌਰ ਤੇ ਮੈਗਸ ਦੇ ਜੀਵਨ ਵਿੱਚ ਪ੍ਰਵੇਸ਼ ਕਰਦੀ ਹੈ। ਐਮਾ ਸਾਲ ਕੁ ਦੀ ਪਿਆਰੀ ਬੱਚੀ ਮੈਗਸ ਦੇ ਉਥਲ ਪੁਥਲ ਵਾਲੇ ਜੀਵਨ ਨੂੰ ਸਵਾਰਨ ਵਿੱਚ ਰੋਲ ਅਦਾ ਕਰਦੀਆਂ ਹਨ। ਜਦੋਂ ਮੈਗਸ ਹਾਲੇ ਆਪਣੇ ਜੀਵਨ ਵਿੱਚ ਠੀਕ ਹੋ ਰਿਹਾ ਹੁੰਦਾ ਹੈ। ਉਸ ਦੀ ਸਾਬਕਾ ਪਤਨੀ ਲਾਰਾ ਜੋ ਉਸ ਨੂੰ ਛੱਡ ਕੇ ਜਾ ਚੁੱਕੀ ਹੈ । ਉਸਦੇ ਸੰਪਰਕ ਵਿੱਚ ਆਉਣ ਨਾਲ ਉਸ ਦੇ ਜੀਵਨ ਦੀ ਤਾਣੀ ਫਿਰ ਉਲਝ ਜਾਂਦੀ ਹੈ । ਇਸੇ ਕਸ਼ਮਕਸ਼ ਨੂੰ ਦਰਸਾਉਂਦੀ ਅਧਿਆਤਮਕਵਾਦੀ ਗਿਆਨ ਨਾਲ ਭਰਪੂਰ ਇਹ ਨਾਵਲ ਪੜ੍ਹਨ ਵਾਲਾ ਹੈ। ਨਾਵਲ ਪੜ੍ਹਨ ਨਾਲ ਸਾਡੇ ਮਨ ਦੀਆਂ ਕਈ ਉਲਝਣਾਂ ਸੁਲਝ ਸਕਦੀਆਂ ਹਨ । ਡਾ. ਮੋਨੋਜੀਤ ਨੇ ਅਨੁਵਾਦ ਵਰਗਾ ਔਖਾ ਕਾਰਜ ਬਹੁਤ ਵਧੀਆਂ ਢੰਗ ਨਾਲ ਕੀਤਾ ਹੈ । ਅਨੁਵਾਦ ਕਰਦਿਆਂ ਸੁਚੇਤ ਰੂਪ ਵਿੱਚ ਅਨੁਵਾਦਕ ਨੇ ਅੰਗਰੇਜ਼ੀ ਨਾਲ ਮੇਲ ਖਾਂਦੇ ਜਾਂ ਉਸ ਦਾ ਅਰਥ ਦਿੰਦੇ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਨਾਵਲ ਕਿਤੇ ਕਿਤੇ ਅਕਾਉ ਵੀ ਹੈ। ਲੇਖਕ ਵੱਲੋਂ ਵਿਸਥਾਰ ਬਹੁਤ ਦਿੱਤਾ ਗਿਆ । ਨਾਵਲ ਦੇ ਕਈ ਪੈਰ੍ਹੇ ਵਾਰ ਵਾਰ ਨਾਵਲ ਪੜ੍ਹਨ ਉਹ ਸਪੱਸ਼ਟ ਹੁੰਦੇ ਹਨ। 'ਤਿੰਨ ਸੁਨਹਿਰੀ ਦਰਵਾਜ਼ੇ' ਨਾਵਲ ਪੰਜਾਬੀ ਪਾਠਕਾਂ ਨੂੰ ਪੜ੍ਹਨਾ ਚਾਹੀਦਾਂ । ਇਹ ਨਾਵਲ ਪੜ੍ਹਨ ਨਾਲ ਮਾਨਸਿਕ ਉਲਝਣਾ ਸੁਲਝ ਸਕਦੀਆਂ ਹਨ । ਪੰਜਾਬੀ ਸਾਹਿਤ ਵਿੱਚ ਇਸ ਨਾਵਲ ਨੂੰ ਜੀ ਆਇਆ ਕਹਿਣਾ ਬਣਦਾ ਹੈ। ਜੀਵਨ ਇਕ ਯਾਤਰਾ ਹੈ। ਉਹ ਕਿਸੇ ਦਿਨ, ਕਿਸੇ ਪਲ ਰੁਕ ਸਕਦੀ ਹੈ ਪਰ ਰੂਹ ਦਾ ਵਿਕਾਸ ਨਹੀਂ ਰੁਕਣਾ ਚਾਹੀਦਾ। ਨਾਵਲ ਦਾ ਮੂਲ ਹੈ।

**ਪਰਗਟ ਸਿੰਘ ਜੰਬਰ**
88377-26702
**ਸ਼੍ਰੀ ਮੁਕਤਸਰ ਸਾਹਿਬ ।**






# ਬੋਲਣਾ ਵੀ ਇੱਕ ਕਲਾ ਹੈ

" ਉੱਚਾ ਬੋਲ ਨਾ ਬੋਲੀਏ, ਕਰਤਾਰੋ ਡਰੀਏ ।"ਜ਼ੁਬਾਨ ਸਾਡੀ ਅਨਮੋਲ ਤੋਹਫ਼ਾ ਹੈ, ਜਿਸ ਨਾਲ ਅਸੀਂ ਆਪਣੇ ਵਿਚਾਰ ਦੂਜੇ ਸਾਹਮਣੇ ਰੱਖਦੇ ਹਨ। ਬਿਨਾਂ ਸੋਚੇ ਸਮਝੇ ਕਈ ਵਾਰ ਅਸੀਂ ਇੰਨਾ ਮਾੜਾ ਬੋਲ ਦਿੰਦੇ ਹਨ ਕਿ ਸਾਡੇ ਮਹੱਤਵਪੂਰਨ ਰਿਸ਼ਤੇ ਟੁੱਟਣ ਦੀ ਕਗਾਰ ਤੇ ਪੁੱਜ ਜਾਂਦੇ ਹਨ। ਇੱਕ ਕਹਾਵਤ ਵੀ ਹੈ "ਬੋਲਣ ਵਾਲਿਆਂ ਨੇ ਬੋਲ ਵਿਗਾੜੇ, ਮਿਨੀਆਂ ਨੇ ਘਰ ਉਜਾੜੇ" । ਅਸੀਂ ਇੰਨਾ ਬੇਤੁਕਾ ਬੋਲ ਦਿੰਦੇ ਹਾਂ ਕਿ ਸਾਹਮਣੇ ਵਾਲਾ ਸਾਡੀ ਸ਼ਕਲ ਦੇਖਣੀ ਪਸੰਦ ਨਹੀਂ ਕਰਦਾ। ਕਈ ਵਾਰ ਤਾਂ ਇੰਨੀ ਕਾਹਲੀ ਚ ਅਸੀਂ ਇਹ ਨਹੀਂ ਸੋਚਦੇ ਕਿ ਕੀ ਬੋਲਣੈ ?ਜਦੋਂ ਰਿਸ਼ਤਾ ਟੁੱਟ ਜਾਂਦਾ ਹੈ ਤਾਂ ਪਛਤਾਵਾ ਹੁੰਦਾ ਹੈ ।ਸਾਨੂੰ ਕ੍ਰੋਧ ਵਿੱਚ ਸਹਿਣਸ਼ੀਲ ਹੋਣਾ ਚਾਹੀਦਾ ਹੈ। ਜੇ ਸਬਰ ਨਹੀਂ ਤਾਂ ਪਰਮਾਤਮਾ ਅੱਗੇ ਅਰਦਾਸ ਕਰੋ ਕਿ ਮੇਰੇ ਅੰਦਰ ਸਹਿਣਸ਼ੀਲਤਾ ਵਾਲੇ ਗੁਣ ਹੋਣ। ਜਾ ਜਦੋਂ ਅਸੀਂ ਸੋਚ ਸਮਝ ਕੇ ਬੋਲਦੇ ਹਨ ਤਾਂ , ਸੁਣਨ ਵਾਲਾ ਬਹੁਤ ਹੀ ਧਿਆਨ ਨਾਲ ਸੁਣਦਾ ਹੈ । ਸਿਆਣੇ ਅਕਸਰ ਕਹਿੰਦੇ ਹਨ ਕਿ "ਸੌ ਵਾਰ ਸੋਚ ਕੇ ਬੋਲੋ ਜਾਂ ਪਹਿਲਾਂ ਤੋਲੋ ਫਿਰ ਵੱਲੋਂ"।ਕਈ ਵਾਰ ਅਸੀਂ ਦੇਖਦੇ ਹਨ ਕਿ ਜੋ ਵਿਅਕਤੀ ਜ਼ਿਆਦਾ ਬੋਲਦਾ ਹੈ ਘਰ ਵਿੱਚ ਅਕਸਰ ਉਹ ਲੜਾਈ ਝਗੜਾ ਵੀ ਕਰਦਾ ਹੈ। ਕਲੇਸ਼ ਵਰਗਾ ਮਾਹੌਲ ਘਰ ਵਿੱਚ ਪੈਦਾ ਹੁੰਦਾ ਹੈ ।ਅਜਿਹੇ ਇਨਸਾਨ ਦੇ ਤਾਂ ਕੋਈ ਕੋਲ ਵੀ ਨਹੀਂ ਖੜ੍ਹਦਾ । ਕਈ ਲੋਕ ਦੇਖਣ ਨੂੰ ਬਹੁਤ ਵਧੀਆ ਹੁੰਦੇ ਹਨ ਤੇ ਪਹਿਰਾਵਾ ਵੀ ਬਹੁਤ ਦਿਲਖਿੱਚਵਾਂ ਹੁੰਦਾ ਹੈ ।ਪਰ ਜ਼ੁਬਾਨ ਇੰਨੀ ਕੌੜੀ ਹੁੰਦੀ ਹੈ ਕਿ ਗੱਲ ਕਰਨ ਨੂੰ ਦਿਲ ਨਹੀਂ ਕਰਦਾ ।ਕਿਸੇ ਨੇ ਸਹੀ ਕਿਹਾ ਹੈ ਇਹੀ ਜ਼ੁਬਾਨ 'ਅਰਸ਼ ਤੋਂ ਫਰਸ਼ ਅਤੇ ਫਰਸ਼ ਤੋਂ ਅਰਸ਼' ਤੱਕ ਲੈ ਜਾਂਦੀ ਹੈ ।ਕਈ ਲੋਕ ਤਾਂ ਬਿਲਕੁਲ ਹੀ ਘੱਟ ਬੋਲਦੇ ਹਨ ।ਅਜਿਹੇ ਲੋਕਾਂ ਦੀਆਂ ਅੱਖਾਂ ਹੀ ਬਹੁਤ ਕੁਝ ਕਹਿ ਜਾਂਦੀਆਂ ਹਨ ।ਅਜਿਹੇ ਲੋਕਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਬੋਲੋ ਪਰ ਉੱਥੇ ਬੋਲੋ ! ਜਿੱਥੇ ਤੁਹਾਡੀ ਜ਼ਰੂਰਤ ਹੈ। ਕਈ ਲੋਕ ਜਦੋਂ ਜ਼ਰੂਰਤ ਵੀ ਨਹੀਂ ਹੁੰਦੀ। ਬੋਲਣਾ ਹੀ ਸ਼ੁਰੂ ਕਰ ਦਿੰਦੇ ਹਨ ਤੇ ਫਿਰ ਲੋਕ ਉਨ੍ਹਾਂ ਦੀ ਉਡੀਕ ਕਰਦੇ ਹਨ ਕਿ ਇਹ ਲੋਕ ਕਦੋਂ ਚੁੱਪ ਕਰਨਗੇ। ਅਜਿਹਾ ਬੰਦਾ ਜਿੱਥੇ ਬੈਠਿਆ ਹੋਵੇ ਲੋਕ ਉਸ ਕੋਲ ਬੈਠਣਾ ਵੀ ਪਸੰਦ ਨਹੀਂ ਕਰਦੇ।ਅਕਸਰ ਸਰਕਾਰੀ ਦਫ਼ਤਰਾਂ ਵਿੱਚ ਨਿੱਜੀ ਕੰਮਾਂ ਲਈ ਜਾਂਦੇ ਹਨ, ਉੱਥੇ ਅਫ਼ਸਰ ਬਹੁਤ ਘੱਟ ਬੋਲਦੇ ਹਨ। ਉਨ੍ਹਾਂ ਦੀ ਅੱਖਾਂ ਹੀ ਬਹੁਤ ਕੁਝ ਸਿਖਾ ਜਾਂਦੀਆਂ ਹਨ। ਉਹ ਦੂਜਿਆਂ ਨੂੰ ਜ਼ਿਆਦਾ ਧਿਆਨ ਨਾਲ ਸੁਣਦੇ ਹਨ । ਕਿਹਾ ਵੀ ਗਿਆ ਹੈ ਕਿ ਗੱਲ ਕਹਿੰਦੀ ਕਿ ਤੂੰ ਮੈਨੂੰ ਮੂੰਹੋਂ ਕੱਢ ,ਮੈਂ ਤੈਨੂੰ ਸ਼ਹਿਰੋਂ ਕਢਵਾਉਂਦੀ ਹਾਂ। ਕਹਿਣ ਤੋਂ ਭਾਵ ਇਹ ਹੈ ਕਿ ਕਈ ਵਾਰ ਸਾਡੇ ਵੱਲੋਂ ਮੂੰਹੋਂ ਕੱਢੀ ਗਈ ਗੱਲ ਇੰਨਾ ਮਾੜਾ ਅਸਰ ਕਰਦੀ ਹੈ ਕਿ ਸਾਡਾ ਬਹੁਤ ਜ਼ਿਆਦਾ ਨੁਕਸਾਨ ਕਰਵਾ ਦਿੰਦੀ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਸਾਡੇ ਦੋਸਤ ,ਕਰੀਬੀ ਰਿਸ਼ਤੇਦਾਰ ਸਾਡੀ ਕਦਰ ਕਰਨ ਤਾਂ ਹਲੀਮੀ ਨਾਲ ਬੋਲੋ ਤਾਂ ਹੀ ਜ਼ਿੰਦਗੀ ਨੂੰ ਖ਼ੁਸ਼ਹਾਲ ਤਰੀਕੇ ਨਾਲ ਜੀਅ ਸਕਦੇ ਹਨ ।ਚੰਗੀ ਗੱਲ ਸਾਡੀ ਚੁਫੇਰੇ ਬੱਲੇ-ਬੱਲੇ ਕਰਵਾਉਣ ਦੀ ਤਾਕਤ ਰੱਖਦੀ ਹੈ।

**ਸੰਜੀਵ ਸਿੰਘ ਸੈਣੀ, ਮੋਹਾਲੀ**



# ਬੱਚਿਆਂ ਦੀ ਮਾਨਸਿਕਤਾ ਨੂੰ ਜਕੜਦੀ ਮੋਬਾਈਲ ਦੀ ਵਧਦੀ ਵਰਤੋਂ



ਪਿਆਰੇ ਬੱਚਿਓ, ਅੱਜਕਲ੍ਹ ਮੋਬਾਈਲ ਫੋਨ ਦੀ ਵਰਤੋਂ ਆਮ ਜਿਹੀ ਗੱਲ ਬਣ ਗਈ ਹੈ। ਇਹ ਸਾਡੀ ਰੋਜ਼ਾਨਾ ਦੀ ਜ਼ਿੰਦਗੀ ਦਾ ਅਹਿਮ ਅੰਗ ਬਣ ਗਿਆ ਹੈ। ਵੱਡੇ ਤਾਂ ਵੱਡੇ, ਅੱਜ ਵਿਦਿਆਰਥੀ ਵੀ ਇਸ ਦੀ ਵਰਤੋਂ ਖੁੱਲ੍ਹ ਕੇ ਕਰਨ ਲੱਗੇ ਹਨ। ਕੋਈ ਵੀ ਅਜਿਹੀ ਜਾਣਕਾਰੀ ਨਹੀਂ, ਜੋ ਤੁਸੀਂ ਮੋਬਾਈਲ ਫੋਨਾਂ ਰਾਹੀਂ ਨਾ ਲੈ ਸਕਦੇ ਹੋਵੋ। ਅੱਜ ਸਾਰਿਆਂ ਲਈ ਹੀ ਮੋਬਾਈਲ ਚਲਾਉਣਾ ਬਸ ਦੋ ਮਿੰਟ ਦੀ ਖੇਡ ਤੋਂ ਜ਼ਿਆਦਾ ਕੁਝ ਨਹੀਂ ਪਰ ਹੁਣ ਇਹ ਦੇਖਣ ਵਿਚ ਆਇਆ ਹੈ ਕਿ ਵਿਦਿਆਰਥੀ ਵਰਗ ਇਸ ਦੀ ਵਰਤੋਂ ਜਾਣਕਾਰੀ ਲੈਣ ਜਾਂ ਹੋਰ ਜ਼ਰੂਰੀ ਕੰਮਾਂ ਲਈ ਨਹੀਂ, ਸਗੋਂ ਮਨੋਰੰਜਨ ਲਈ ਵਧੇਰੇ ਕਰਨ ਲੱਗ ਪਿਆ ਹੈ। ਬੱਚੇ ਵੀ ਕਿਸੇ ਨਾ ਕਿਸੇ ਰੂਪ ਵਿਚ ਕਾਫੀ ਸਮਾਂ ਇਸ ਵਿਚ ਹੀ ਰੁੱਝੇ ਰਹਿੰਦੇ ਹਨ। ਕਦੇ ਗੇਮਾਂ ਦੇ ਨਾਂਅ 'ਤੇ, ਕਦੇ ਸੰਗੀਤ ਦੇ ਨਾਂਅ 'ਤੇ ਅਤੇ ਕਦੇ ਵੀਡੀਓ ਦੇਖਣ ਦੇ ਨਾਂਅ 'ਤੇ। ਬਹੁਤ ਘੱਟ ਸਮਾਂ ਅਜਿਹਾ ਹੁੰਦਾ ਹੋਵੇਗਾ, ਜਦੋਂ ਤੁਸੀਂ ਇਸ ਦੀ ਵਰਤੋਂ ਸਿਰਫ ਆਪਣੇ ਵਿਸ਼ੇ ਨਾਲ ਸਬੰਧਤ ਕੋਈ ਜਾਣਕਾਰੀ ਲੈਣ ਲਈ ਕਰਦੇ ਹੋਵੋਗੇ। ਹੋਰ ਤਾਂ ਹੋਰ, ਇਸ ਰਾਹੀਂ ਹਰ ਸਮੇਂ ਸੋਸ਼ਲ ਨੈਟਵਰਕਿੰਗ ਸਾਈਟਾਂ 'ਤੇ ਆਨਲਾਈਨ ਰਹਿਣ ਦਾ ਰੁਝਾਨ ਕੁਝ ਜ਼ਿਆਦਾ ਹੀ ਵਧ ਗਿਆ ਹੈ। ਇਸ ਦਾ ਸਭ ਤੋਂ ਜ਼ਿਆਦਾ ਸ਼ਿਕਾਰ ਤੁਸੀਂ ਬੱਚੇ ਹੀ ਹੋ। ਹਰ 5-10 ਮਿੰਟ ਬਾਅਦ ਆਪਣਾ ਫੋਨ ਦੇਖਣਾ ਕਿ ਕਿਸੇ ਦਾ ਕੋਈ ਸੁਨੇਹਾ ਤਾਂ ਨਹੀਂ ਆਇਆ, ਸਾਡੇ ਆਮ ਵਰਤਾਰੇ ਵਿਚ ਸ਼ਾਮਿਲ ਹੋ ਚੁੱਕਾ ਹੈ। ਅੱਜ ਨੌਜਵਾਨ ਪੀੜ੍ਹੀ ਨਸ਼ਿਆਂ ਵਿਚ ਖੁੱਭਦੀ ਜਾ ਰਹੀ ਹੈ ਤੇ ਜੇਕਰ ਕੋਈ ਨਸ਼ਿਆਂ 'ਚੋਂ ਬਚ ਨਿਕਲਦਾ ਹੈ ਤਾਂ ਮੋਬਾਈਲ ਦਾ ਨਸ਼ਾ ਉਸ ਨੂੰ ਕੋਈ ਕੰਮ ਨਹੀਂ ਕਰਨ ਦਿੰਦਾ। ਇਸ ਨੇ ਸਾਡੀ ਮਾਨਸਿਕਤਾ ਨੂੰ ਇੰਨਾ ਕੁ ਜਕੜ ਲਿਆ ਹੈ ਕਿ ਅਸੀਂ ਇਸ ਦੇ ਆਦੀ ਹੋ ਚੁੱਕੇ ਹਾਂ। ਅਸੀਂ ਰੋਟੀ ਤੋਂ ਬਿਨਾਂ ਤਾਂ ਇਕ ਦਿਨ ਵੀ ਰਹਿ ਲਵਾਂਗੇ ਪਰ ਮੋਬਾਈਲ ਤੋਂ ਬਿਨਾਂ ਇਕ ਮਿੰਟ ਵੀ ਰਹਿਣਾ ਔਖਾ ਹੈ। ਬੱਚਿਓ, ਇਸ ਨਾਲ ਸਾਡੇ ਸੁਭਾਅ ਵਿਚ ਕਠੋਰਤਾ ਨੇ ਜਨਮ ਲੈ ਲਿਆ ਹੈ। ਤੁਹਾਡੇ ਵਿਚੋਂ ਬਹੁਤੇ ਬੱਚੇ ਆਪਣੇ ਪੈਸੇ ਜ਼ਿਆਦਾਤਰ ਫੋਨਾਂ 'ਤੇ ਹੀ ਖਰਚ ਕਰਦੇ ਹੋਣਗੇ, ਜੋ ਕਿ ਸਰਾਸਰ ਗ਼ਲਤ ਗੱਲ ਹੈ। ਇਸ ਨਾਲ ਮਾਪਿਆਂ ਦੇ ਸਿਰ 'ਤੇ ਵਾਧੂ ਬੋਝ ਪੈਂਦਾ ਹੈ।

ਬੱਚਿਓ, ਇਸ ਵਿਚ ਕੋਈ ਸ਼ੱਕ ਨਹੀਂ ਕਿ ਫੋਨ ਅੱਜ ਬਹੁਤ ਜ਼ਰੂਰੀ ਹਨ ਪਰ ਇਸ ਦੀ ਵਰਤੋਂ ਤਾਂ ਤੁਸੀਂ ਆਪ ਹੀ ਕਰਨੀ ਹੈ। ਜੇਕਰ ਗ਼ਲਤ ਢੰਗ ਨਾਲ ਇਸ ਦੀ ਵਰਤੋਂ ਕਰਾਂਗੇ ਤਾਂ ਉਸ ਦੇ ਨਤੀਜੇ ਵੀ ਸਾਨੂੰ ਆਪ ਹੀ ਭੁਗਤਣੇ ਪੈਣਗੇ। ਤੁਸੀਂ ਇਸ ਦੀ ਵਰਤੋਂ ਜ਼ਰੂਰ ਕਰੋ ਪਰ ਓਨੀ ਹੀ ਜਿੰਨੀ ਕੁ ਤੁਹਾਨੂੰ ਲੋੜ ਹੈ। ਬਜਾਏ ਕਿ ਇਸ 'ਤੇ ਆਪਣਾ ਸਮਾਂ ਖਰਾਬ ਕਰਨ ਦੇ ਆਪਣੀ ਪੜ੍ਹਾਈ ਵੱਲ ਜਾਂ ਹੋਰ ਪ੍ਰਤੀਯੋਗੀ ਪ੍ਰੀਖਿਆਵਾਂ ਵੱਲ ਪੂਰਾ ਧਿਆਨ ਦਿਓ, ਤਾਂ ਜੋ ਤੁਸੀਂ ਜ਼ਿੰਦਗੀ ਵਿਚ ਕੁਝ ਹਾਸਲ ਕਰ ਸਕੋ ਅਤੇ ਤੁਹਾਡੇ ਮਾਪਿਆਂ ਨੂੰ ਤੁਹਾਡੇ 'ਤੇ ਮਾਣ ਮਹਿਸੂਸ ਹੋਵੇ। ਸੋ, ਪਿਆਰੇ ਬੱਚਿਓ ! ਇਸ ਸਿੱਖਿਆ ਨੂੰ ਪੱਲੇ ਬੰਨ੍ਹ ਲਓ ਕਿ ਤੁਸੀਂ ਇਸ ਦੀ ਵਰਤੋਂ ਸਹੀ ਤੇ ਆਪਣੇ ਪੜ੍ਹਾਈ ਦੇ ਵਿਸ਼ਿਆਂ ਨਾਲ ਸਬੰਧਤ ਜਾਣਕਾਰੀ ਲੈਣ ਲਈ ਹੀ ਕਰਨੀ ਹੈ, ਕਿਉਂਕਿ ਗ਼ਲਤ ਚੀਜ਼ਾਂ ਸਾਡੇ ਦਿਮਾਗ ਵਿਚ ਜਲਦੀ ਘਰ ਕਰਦੀਆਂ ਹਨ, ਜਿਨ੍ਹਾਂ ਤੋਂ ਬਚਣਾ ਤੁਹਾਡੇ ਆਪਣੇ ਹੱਥ ਵਿਚ ਹੀ ਹੈ। ਜੇਕਰ ਸਮਾਂ ਰਹਿੰਦੇ ਤੁਸੀਂ ਇਸ ਗੱਲ ਨੂੰ ਸਮਝ ਗਏ ਤਾਂ ਉਹ ਦਿਨ ਦੂਰ ਨਹੀਂ, ਜਦੋਂ ਤੁਸੀਂ ਸਫਲਤਾ ਦੀਆਂ ਸਿਖ਼ਰਾਂ 'ਤੇ ਹੋਵੋਗੇ।

# ਪੰਜਾਬੀ ਮਾਂ ਬੋਲੀ ਅਤੇ ਇਸ ਦਾ ਬੋਲਬਾਲਾ

ਸੁਖਮੰਦਰ ਸਿੰਘ ਬਰਾੜ
“ਭਗਤਾ ਭਾਈ ਕਾ
001-604-751-1113 ਕੈਨੇਡਾ

ਭਾਵੇਂ ਅਸੀਂ ਠੇਠ ਪੰਜਾਬੀ ਬੋਲਣ ਵਾਲੇ ਸੂਬੇ ਪੰਜਾਬ ਤੋਂ ਉੱਠ ਕੇ ਦੁਨੀਆਂ ਦੇ 152 ਮੁਲਕਾਂ ਵਿੱਚ ਰੋਜ਼ੀ ਰੋਟੀ ਕਮਾਉਣ ਦੇ ਬਹਾਨੇ ਆਪਣਾ ਪੱਕਾ ਵਾਸਾ ਕਰੀ ਬੈਠੇ ਹਾਂ, ਪਰ ਫਿਰ ਵੀ ਸਾਡੀਆਂ ਰਗਾਂ ਵਿੱਚੋਂ ਪੰਜਾਬੀ ਬੋਲੀ ਦਾ ਵਿਸਰ ਜਾਣਾ ਕੋਹਾਂ ਦੂਰ ਹੈ। ਇਸ ਦੇ ਦੂਜੇ ਪੱਖ ਤੋਂ ਸਾਨੂੰ ਇਹ ਅਨੁਭਵ ਹੋ ਰਿਹਾ ਹੈ ਕਿ ਜੇ ਕਰ ਅਸੀਂ ਬੇਗਾਨੇ ਮੁਲਕਾਂ ਵਿੱਚ ਰਹਿੰਦੇ ਹੋਏ ਆਪਣਾ ਪੰਜਾਬੀ ਵਿਰਸਾ ਅਤੇ ਆਪਣੀ ਮਾਂ ਬੋਲੀ ਪੰਜਾਬੀ ਜ਼ੁਬਾਨ ਛੱਡ ਦੇਵਾਂਗੇ ਜਾਂ ਅਸੀਂ ਆਪਣੀ ਰਵਾਇਤ ਤੋਂ ਲਾਂਭੇ ਹੋ ਜਾਵਾਂਗੇ ਤਾਂ ਉਹ ਸਮਾਂ ਬਹੁਤੀ ਦੂਰ ਨਹੀਂ ਜਦੋਂ ਅਸੀਂ ਦੂਜੀਆਂ ਜ਼ੁਬਾਨਾਂ ਵਿੱਚ ਗੁਆਚ ਜਾਵਾਂਗੇ। ਸਾਡੇ ਬੱਚਿਆਂ ਨੇ ਵਿਦੇਸ਼ਾਂ ਦੀ ਧਰਤੀ ‘ਤੇ ਜਨਮ ਲੈਣਾ ਉਨ੍ਹਾਂ ਨੂੰ ਇੱਕ ਦਿਨ ਪੰਜਾਬੀ ਬੋਲੀ ਤੋਂ ਦੂਰ ਕਰ ਦੇਵੇਗਾ, ਜੇ ਕਰ ਅਸੀਂ ਉਨ੍ਹਾਂ ਨੂੰ ਪੰਜਾਬੀ ਬੋਲੀ ਦੇ ਰਸਤੇ ਨਾ ਪਾਇਆ। ਇਹ ਗੱਲ ਠੀਕ ਹੈ ਕਿ ਸਾਨੂੰ ਆਪਣੇ ਕਾਰੋਬਾਰਾਂ ਵਿੱਚਦੀ ਵਿਚਰਨ ਲਈ ਸਾਨੂੰ ਤਰਾਂ ਤਰਾਂ ਦੀ ਬੋਲੀ ਬੋਲਣੀ ਪੈਂਦੀ ਹੈ ਕਿਉਂਕਿ ਜਿੰਨ੍ਹਾਂ ਵਿਦੇਸ਼ੀਆਂ ਨਾਲ ਸਾਨੂੰ ਗੱਲ ਕਰਨੀ ਪੈਂਦੀ ਹੈ ਉਹ ਪੰਜਾਬੀ ਨਹੀਂ ਜਾਣਦੇ ਹੁੰਦੇ ਜਿਸ ਕਰਕੇ ਸਾਨੂੰ ਅੰਗਰੇਜ਼ੀ, ਹਿੰਦੀ, ਅਰਬੀ ਜਾਂ ਦੂਜੀਆਂ ਕਈ ਹੋਰ ਭਾਸ਼ਾਵਾਂ ਬੋਲਣੀਆਂ ਪੈਂਦੀਆਂ ਹਨ, ਪਰ ਸਾਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਤੋਂ ਦੂਰ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਸਾਨੂੰ ਆਪਣੇ ਘਰਾਂ ਵਿੱਚ ਪੰਜਾਬੀ ਤੋਂ ਬਿਨਾਂ ਕੋਈ ਹੋਰ ਭਾਸ਼ਾ ਨੂੰ ਜਗ੍ਹਾ ਦੇਣੀ ਚਾਹੀਦੀ ਹੈ।

ਲੇਖ, ਕਹਾਣੀਆਂ, ਕਵਿਤਾਵਾਂ ਜਾਂ ਫਿਰ ਪੁਸਤਕਾਂ ਲਿਖਣ ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਨਹੀਂ ਕਹੀ ਜਾ ਸਕਦੀ, ਪੰਜਾਬੀ ਮਾਂ ਬੋਲੀ ਦੀ ਸੇਵਾ ਤਾਂ ਉਹ ਲੋਕ ਜਾਂ ਉਹ ਸੰਸਥਾਵਾਂ ਕਰ ਰਹੀਆਂ ਹਨ ਜਿਹੜੀਆਂ ਦੂਜਿਆਂ ਨੂੰ ਪੰਜਾਬੀ ਪੜ੍ਹਾਉਣ ਵਿੱਚ ਰੁਝੀਆਂ ਹੋਈਆਂ ਹਨ। ਪੜ੍ਹਿਆਂ ਹੋਇਆਂ ਦੇ ਪੜ੍ਹਣ ਲਈ ਮਸਾਲੇਦਾਰ ਲਿਖਤਾਂ ਲਿਖ ਕੇ ਦੇ ਦੇਣਾ ਪੰਜਾਬੀ ਮਾਂ ਬੋਲੀ ਦੀ ਸੇਵਾ ਨਹੀਂ ਅਖਵਾਉਂਦੀ। ਮੇਰੀ ਵੀ ਲਿਖਣ ਵਿੱਚ ਪੂਰੀ ਦੌੜ ਲੱਗੀ ਹੋਈ ਹੈ, ਪਰ ਇਸ ਤਰਾਂ ਦਾ ਲਿਖਣਾ ਇੱਕ ਸ਼ੌਕ ਹੈ, ਲੋਕਾਂ ਨੂੰ ਹਸਾਉਣਾ ਅਤੇ ਉਨ੍ਹਾਂ ਨੂੰ ਲਿਖਤਾਂ ਪੜ੍ਹਣ ਲਈ ਦੇਣੀਆਂ ਇੱਕ ਟਾਈਮ ਪਾਸ ਕਰਵਾਉਣਾ ਹੈ ਨਾ ਕਿ ਸੇਵਾ ਨਹੀਂ। ਕਈਆਂ ਨੇ ਲਿਖਣ ਨੂੰ ਆਪਣਾ ਕਿੱਤਾ ਵੀ ਬਣਾਇਆ ਹੋਇਆ ਹੈ। ਇਸ ਗੱਲ ਤੋਂ ਪਰ੍ਹਾਂ ਵੀ ਨਹੀਂ ਹੋਇਆ ਜਾ ਸਕਦਾ ਕਿ ਲਿਖਣਾ ਸੌਖਾ ਹੈ। ਬੜੀ ਦੁਨੀਆਂ ਲਿਖਣ ਦੀ ਦੌੜ ਵਿੱਚ ਦੌੜੀ ਜਾ ਰਹੀ ਹੈ ਪਰ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਲੇਖਕਾਂ ਵੱਲੋਂ ਲਿਖਿਆ ਹੋਇਆ ਕਿੰਨੇ ਕੁ ਲੋਕਾਂ ਦੇ ਹਿੱਸੇ ਆਉਂਦਾ ਹੈ, ਕਿੰਨੇ ਕੁ ਪਾਠਕ ਉਸ ਨੂੰ ਪੜ੍ਹਦੇ ਹਨ ? ਕਿੰਨੇ ਪ੍ਰਤੀਸ਼ਤ ਲੋਕਾਂ ਨੂੰ ਉਸ ਵਿੱਚ ਦਿਲਚਸਪੀ ਹੈ ? ਲਿਖਣਾ ਕੋਈ ਸੌਖਾ ਨਹੀਂ ਪਰ ਸਮਝਣ ਦੀ ਤਾਂ ਲੋੜ ਇਹ ਹੈ ਕਿ ਅਸੀਂ ਲਿਖਣਾ ਕੀ ਹੈ ? ਲੋਕਾਂ ਨੂੰ ਕਹਾਣੀਆਂ ਪੜ੍ਹਣ ਦਾ ਸ਼ੌਕ ਹੈ, ਅਸੀਂ ਕਵਿਤਾਵਾਂ ਲਿਖਣ ‘ਚ ਮਘਣ ਹੋਏ ਪਏ ਹਾਂ। ਲੋਕ ਸਮਾਜ ਪ੍ਰਤੀ ਸੇਧ ਦੇਣ ਵਾਲੀਆਂ ਲਿਖਤਾਂ ਚਾਹੁੰਦੇ ਹਨ,ਅਸੀਂ ਹੀਰ ਰਾਂਝਿਆਂ ਤੋਂ ਆਸ਼ਕੀ ਕਰਾਈ ਜਾਂਦੇ ਹਾਂ। ਲੋਕ ਕਵਿਤਾਵਾਂ ਪੜ੍ਹਣੀਆਂ ਪਸੰਦ ਕਰਦੇ ਹਨ, ਕੋਈ ਲੇਖਕ ਸੋਹਣੀ ਨੂੰ ਦਰਿਆ ‘ਚ ਡੋਬੀ ਜਾਂਦਾ, ਕਿਸੇ ਨੇ ਮਜਨੂੰ ਤੋਂ ਬਾਰਾਂ ਸਾਲ ਹਲਟੀ ਗਿੜਵਾ ਦਿੱਤੀ, ਕਿਸੇ ਨੇ ਮਿਰਜੇ ਨੂੰ ਜੰਡ ਹੇਠ ਸਾਹਿਬਾਂ ਦੇ ਭਰਾਵਾਂ ਹੱਥੋਂ ਮਰਵਾ ਦਿੱਤਾ ਪਰ ਸਾਹਿਬਾਂ ਬਾਰੇ ਕਿਸੇ ਲੇਖਕ ਨੇ ਕੁਝ ਦੱਸਿਆ ਹੀ ਨਹੀਂ ਕਿ ਮਿਰਜੇ ਦੇ ਮਰਨ ਤੋਂ ਬਾਅਦ ਸਾਹਿਬਾਂ ਨੂੰ ਉਹਦੇ ਭਰਾਵਾਂ ਨੇ ਉੱਥੇ ਹੀ ਮਾਰ ਦਿੱਤਾ ਕੁ ਨਾਲ ਲੈ ਗਏ ? ਜਿੰਨਾਂ ਚਿਰ ਸਾਨੂੰ ਇਹ ਪਤਾ ਨਹੀਂ ਲੱਗਦਾ ਕਿ ਸਾਨੂੰ ਕਿਹੋ ਜਿਹੀਆਂ ਲਿਖਤਾਂ ਲਿਖਣੀਆਂ ਚਾਹੀਦੀਆਂ ਹਨ ਓਨਾਂ ਚਿਰ ਅਸੀਂ ਆਪਣੀਆਂ ਲਿਖਤਾਂ ਰਾਹੀਂ ਪ੍ਰਸਿੱਧੀ ਨਹੀਂ ਪਾ ਸਕਦੇ ਅਤੇ ਨਾ ਹੀ ਸਾਨੂੰ ਕਿਸੇ ਨੇ ਪੜ੍ਹਣਾ ਹੈ।

ਪੰਜਾਬੀ ਬੋਲੀ ਇੱਕ ਉਹ ਭਾਸ਼ਾ ਹੈ ਜਿਸ ਨੂੰ ਦੁਨੀਆਂ ਦੀ ਸਭ ਤੋਂ ਸਿਆਣੀ ਗਿਣੀ ਜਾਂਦੀ ਕੌਮ ਨੇ ਵੀ ਅਪਣਾਇਆ ਹੈ-ਗੋਰਾ ਕੌਮ। ਪਰ ! ਅਸੀਂ ਇਸ ਤੋਂ ਦੂਰ ਹੋਈ ਜਾਂਦੇ ਹਾਂ। ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਸਾਡੇ ਇਸ਼ਟ, ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਗੋਰਿਆਂ ਨੇ ਆਪਣੀ ਭਾਸ਼ਾ, ਅੰਗਰੇਜੀ ਵਿੱਚ ਅਨੁਵਾਦ ਕਰਕੇ ਪੰਜਾਬੀ ਬੋਲੀ ਦਾ ਮਾਣ ਵਧਾਇਆ ਹੈ। ਵੈਨਕੂਵਰ ਦੇ ਅੰਤਰਰਾਸਟਰੀ ਹਵਾਈ ਅੱਡੇ ‘ਤੇ ਪੰਜਾਬੀ ਲਿਖੀ ਹੋਈ ਹੈ ਪਰ ਜਿਹੜੇ ਪੰਜਾਬ ‘ਚ ਪੰਜਾਬੀ ਦੀਆਂ ਜੜ੍ਹਾਂ ਹਨ, ਉਸ ਪੰਜਾਬ ਦੇ ਧਾਰਮਿਕ ਸ਼ਹਿਰ ਅੰਮ੍ਰਿਤਸਰ ਦਾ ਅੰਤਰਰਾਸ਼ਟਰੀ ਹਵਾਈ ਅੱਡਾ ਪੰਜਾਬੀ ਲਿਖਤ ਵੱਲੋਂ ਅਜੇ ਵੀ ਭੁੱਖਾ ਬੈਠਾ ਹੈ ਤੇ ਦਿੱਲੀ ‘ਚ ਤਾਂ ਪੰਜਾਬੀ ਕਾਹਦੀ ਮਿਲਣੀ ਹੈ। 21 ਜਨਵਰੀ ਤੋਂ 23 ਜਨਵਰੀ 2014 ਨੂੰ ਤਿੰਨ ਦਿਨ ਪੰਜਾਬੀ ਸਮਾਜ ਅਤੇ ਮੀਡੀਆ ਦੇ ਵਿਸ਼ੇ ‘ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ 30ਵੀਂ ਅੰਤਰਰਾਸਟਰੀ ਪੰਜਾਬੀ ਵਿਕਾਸ ਕਾਨਫਰੰਸ ਹੋਈ ਸੀ। ਉਸ ਕਾਨਫਰੰਸ ਵਿੱਚ ਹਾਲੈਂਡ ਤੋਂ ਭਾਰਤ ਟੂਰ ‘ਤੇ ਆਏ ‘ਵਰਹੇ ਡਸਵਰੀ’ ਨਾਂ ਦੇ ਇੱਕ ਗੋਰੇ ਨੇ ਵੀ ਪੂਰੇ ਤਿੰਨ ਦਿਨ ਹਾਜ਼ਰੀ ਭਰੀ। ਉਸ ਕਾਨਫਰੰਸ ਵਿੱਚ 6 ਸੈਸ਼ਨ ਹੋਏ। ਡਸਵਰੀ ਤਿੰਨੇ ਦਿਨ ਸਾਰੇ ਸੈਸ਼ਨਾਂ ਦਾ ਖ਼ੂਬ ਅਨੰਦ ਮਾਣਦਾ ਰਿਹਾ ਜਦੋਂ ਕਿ ਉਸ ਨੂੰ ਪੰਜਾਬੀ ਬਾਰੇ ਕੁਝ ਵੀ ਪਤਾ ਨਹੀਂ ਸੀ ਕਿ ਬੁਲਾਰੇ ਕੀ ਬੋਲੀ ਜਾ ਰਹੇ ਹਨ। ਤੁਸੀਂ ਇਹ ਸੋਚੋ ਬਈ ਜਿਹੜੀ ਭਾਸ਼ਾ ਦੀ ਕਿਸੇ ਨੂੰ ਬਿਲਕੁਲ ਹੀ ਸਮਝ ਨਾ ਆਉਂਦੀ ਹੋਵੇ ਜੇ ਕਰ ਉਸ ਵਿਅਕਤੀ ਨੂੰ ਤਿੰਨ ਦਿਨ ਤਾਂ ਛੱਡੋ, ਤਿੰਨ ਘੰਟੇ ਹੀ ਅਜਿਹੇ ਭਾਸ਼ਣ ਵਿੱਚ ਬੈਠਣਾ ਪੈ ਜਾਵੇ ਤਾਂ ਉਸ ਵਿਅਕਤੀ ਦਾ ਹਾਲ ਕੀ ਹੋਵੇਗਾ ? ਉਹ ਡਸਵਰੀ ਨਾਂ ਦਾ ਗੋਰਾ ਤਿੰਨ ਦਿਨ ਪੰਜਾਬੀ ਸੁਣਦਾ ਰਿਹਾ। ਅਸੀਂ ਪੰਜਾਬੀ ਤੋਂ ਦੂਰ ਹੋਈ ਜਾ ਰਹੇ ਹਾਂ। ਪੰਜਾਬੀ ਯੂਨੀਵਰਸਿਟੀ ਪਟਿਆਲਾ ਕੈਂਪਸ ਵਿੱਚ 55 ਵਿਭਾਗ ਪੰਜਾਬੀ ‘ਚ ਕੰਮ ਕਰ ਰਹੇ ਹਨ ਜਿੰਨ੍ਹਾਂ ਵਿੱਚੋਂ 10 ਵਿਭਾਗ ਇਕੱਲੇ ਪੰਜਾਬੀ ਲਈ ਜੰਗੀ ਪੱਧਰ ‘ਤੇ ਕੰਮ ਕਰ ਰਹੇ ਹਨ, ਅਸੀਂ ਵਿਦੇਸ਼ਾਂ ਵਿੱਚ ਪਹੁੰਚ ਕੇ ਪੰਜਾਬੀ ਨੂੰ ਫਤਹਿ ਬਲਾਉਣ ਦੇ ਨੇੜ ਨੂੰ ਹੋਈ ਜਾ ਰਹੇ ਹਾਂ। ਇਹ ਵੀ ਨਾ ਸੋਚਿਆ ਜਾਵੇ ਕਿ ਜੇ ਕਰ ਕੋਈ ਬੱਚਾ ਪੰਜਾਬੀ ਪੜ੍ਹਦਾ ਹੈ ਤਾਂ ਉਹ ਡਾਕਟਰ ਜਾਂ ਇੰਜਨੀਅਰ ਨਹੀਂ ਬਣ ਸਕਦਾ। ਵੈਨਕੂਵਰ ਦੀ ਯੂਨੀਵਰਸਿਟੀ ਤੋਂ ਦੋ ਚੀਨੀ ਵਿਦਿਆਰਥਣਾਂ ਨੇ ਪੰਜਾਬੀ ‘ਚ ਮਾਸਟਰ ਡਿਗਰੀ ਪ੍ਰਾਪਤ ਕੀਤੀ ਹੈ। ਅਮਰੀਕਾ ਵਿੱਚ ਹੈਲਥ ਸੰਬੰਧੀ ਇੱਕ ਬੀਮਾ ਕੰਪਨੀ ਵੱਡੇ ਪੱਧਰ ‘ਤੇ ਆਪਣਾ ਕਾਰੋਬਾਰ ਕਰ ਰਹੀ ਹੈ, ਉਸ ਕੰਪਨੀ ਦਾ ਸਾਰਾ ਲਟਰੇਚਰ ਸੰਸਾਰ ਦੀਆਂ 14 ਭਾਸ਼ਾਵਾਂ ਵਿੱਚ ਛਪਿਆ ਹੋਇਆ ਹੈ ਜਿਸ ਵਿੱਚ ਭਾਰਤ ਦੀਆਂ ਭਾਸ਼ਾਵਾਂ ਵਿੱਚੋਂ ਸਿਰਫ ਪੰਜਾਬੀ ਭਾਸ਼ਾ ਦਾ ਹੀ ਉਸ ਵਿੱਚ ਬੋਲਬਾਲਾ ਹੈ। ਵਾਰਿਸ ਸ਼ਾਹ ਦੀ ਲਿਖਤ ਸਾਡੇ ਕੋਲ, ਗੁਰਮਤਿ ਕਾਵਿ ਸਾਡੇ ਕੋਲ, ਕਿੱਸਾ ਕਾਵਿ ਸਾਡੇ ਕੋਲ। ਫਿਰ ਵੀ ਅਸੀਂ ਭੱਟਕਦੇ ਫਿਰਦੇ ਹਾਂ। ਕਿਸੇ ਹੋਰ ਭਾਸ਼ਾ ‘ਚ ਤੁਹਾਨੂੰ ਕੋਈ ਕਿੱਸਾ ਨਹੀਂ ਲਿਖਿਆ ਮਿਲੇਗਾ, ਜੇ ਮਿਲੇਗਾ ਤਾਂ ਪੰਜਾਬੀ ਵਿੱਚ ਹੀ ਮਿਲੇਗਾ। ਸਾਡੇ ਕੋਲ ਪੰਜਾਬੀ ‘ਚ ਏਨਾਂ ਕੁਝ ਹੋਣ ਦੇ ਬਾਵਜੂਦ ਅਸੀਂ ਪੰਜਾਬੀ ਹੋ ਕੇ ਵੀ ਪੰਜਾਬੀ ਨੂੰ ਉਨ੍ਹਾਂ ਭਾਸ਼ਾਵਾਂ ‘ਚ ਰੋਲੀ ਜਾ ਰਹੇ ਹਾਂ ਜਿਨ੍ਹਾਂ ਭਾਸ਼ਾਵਾਂ ‘ਚ ਨਾ ਕੋਈ ਕਿੱਸਾ ਲਿਖਿਆ ਮਿਲਦਾ ਹੈ, ਨਾ ਕੋਈ ਗੁਰਮਤਿ ਕਾਵਿ ਮਿਲੇਗਾ। ਜੇ ਅਸੀਂ ਪੰਜਾਬੀ ਹਾਂ, ਤਾਂ ਹੀ ਸੰਸਾਰ ਦੇ ਹਰ ਕੋਨੇ ਵਿੱਚ ਸਾਡੀ ਪਹਿਚਾਣ ਹੈ। ਸਾਡੇ ਪਹਿਰਾਵੇ ਤੋਂ ਸਾਨੂੰ ਹਰ ਕੋਈ ਦੂਰੋਂ ਪਹਿਚਾਣ ਲੈਂਦਾ ਹੈ। ਜਦੋਂ ਅਸੀਂ ਆਪਣੀ ਅਸਲੀ ਪਹਿਚਾਣ ਤੋਂ ਹਟ ਕੇ ਹੋਰਾਂ ਕੌਮਾਂ ਵਿੱਚ ਜਾ ਰਲਦੇ ਹਾਂ ਤਾਂ ਸਾਨੂੰ ਪਹਿਚਾਣਿਆਂ ਹੀ ਨਹੀਂ ਜਾ ਸਕਦਾ। 1998 ‘ਚ ਖੰਨਾ ਨੇੜੇ ਰਾਤ ਸਮੇਂ ਇੱਕ ਰੇਲ ਹਾਦਸਾ ਹੋਇਆ ਸੀ ਜਿਸ ਵਿੱਚ ਅਨੇਕਾਂ ਹੀ ਲੋਕ ਮਾਰੇ ਗਏ ਸਨ। ਉਸ ਰੇਲ ਗੱਡੀ ਵਿੱਚ ਕੇਰਲਾ ਦਾ ਇੱਕ ਫੌਜੀ ਅਫ਼ਸਰ ਸਫ਼ਰ ਕਰ ਰਿਹਾ ਸੀ। ਉਸ ਨੇ ਅਫ਼ਸਰ ਨੇ ਦੱਸਿਆ ਕਿ ਮੈਂ ਸੁਣਦਾ ਹੁੰਦਾ ਸੀ ਕਿ ਪੰਜਾਬੀ ਲੋਕ ਬਹੁਤ ਹੀ ਦਿਲ ਦਿਆਲੂ ਹੁੰਦੇ ਹਨ, ਪਰ ਦੇਖੇ ਨਹੀ ਸਨ। ਉਸ ਨੇ ਪੰਜਾਬੀਆਂ ਦੀ ਸਿਫ਼ਤ ਕਰਦਿਆਂ ਦੱਸਿਆ ਕਿ ਰੇਲ ਦੁਰਘਟਨਾ ਦੀ ਖ਼ਬਰ ਸੁਣਦੇ ਹੀ ਨੇੜੇ ਦੇ ਪਿੰਡਾਂ ਦੇ ਲੋਕਾਂ ਨੇ ਆਪਣੇ ਟਰੈਕਟਰ ਟਰਾਲੀਆਂ, ਕਾਰਾਂ ਜੀਪਾਂ ਮੋਟਰਸਾਇਕਲ ਸਕੂਟਰਾਂ ‘ਤੇ ਜ਼ਖਮੀਆਂ ਨੂੰ ਰਾਤੋ ਰਾਤ ਹਸਪਤਾਲਾਂ ‘ਚ ਪਹੁੰਚਦੇ ਕਰ ਦਿੱਤਾ ਅਤੇ ਦਿਨ ਚੜ੍ਹਦੇ ਨੂੰ ਲੰਗਰ ਸ਼ੁਰੂ ਕਰਕੇ ਅਖੰਡਪਾਠ ਪ੍ਰਕਾਸ਼ ਕਰ ਦਿੱਤਾ। ਏਥੋਂ ਹੀ ਉਸ ਨੇ ਪੰਜਾਬੀਆਂ ਦੀ ਇੱਕ ਵੱਖਰੀ ਪਹਿਚਾਣ ਦਾ ਜ਼ਿਕਰ ਕੀਤਾ ਸੀ।

ਹੁਣ ਤਾਂ ਇੱਕ ਹੋਰ ਇਹ ਦੁੱਖ ਵੀ ਸਾਡੇ ਉੱਪਰ ਭਾਰੂ ਹੋ ਗਿਆ ਹੈ ਕਿ ਅਸੀਂ ਗੋਰਿਆਂ ਵਾਲੇ ਨਾਂ ਵੀ ਰੱਖਣ ਲੱਗ ਪਏ ਹਾਂ। ਕੋਈ ਸੈਮ ਬਣਿਆਂ ਫਿਰਦਾ, ਕੋਈ ਟੈਮ ਅਖਵਾਈ ਜਾਂਦਾ, ਕਿਸੇ ਨੇ ਮੈਂਡੀ ਰੱਖਿਆ ਲਿਆ ਕਈ ਰੈਂਡੀ ਸੈਂਡੀ ਲਿਖੀ ਜਾ ਰਹੇ ਹਨ। ਕੀ ਕਦੇ ਕਿਸੇ ਗੋਰੇ ਨੇ ਵੀ ਪੰਜਾਬੀਆਂ ਵਾਲਾ ਆਪਣਾ ਨਾਂ ਸੰਧੂਰਾ ਸਿੰਘ, ਕਰਤਾਰ ਸਿੰਘ ਜਾਂ ਜੁਆਲਾ ਸਿੰਘ ਰੱਖਿਆ ਹੈ ? ਕੀ ਕਾਰਨ ਹੈ ਕਿ ਸਾਡੇ ਬੱਚੇ ਸਾਡੇ ਕਹਿਣੇ ਤੋਂ ਬਾਹਰ ਹਨ ਕੁ ਅਸੀਂ ਵੀ ਗੋਰਿਆਂ ਵਾਂਗ ਉਨ੍ਹਾਂ ਦੀਆਂ ਲਗਾਮਾਂ ਢਿੱਲੀਆਂ ਛੱਡ ਰੱਖੀਆਂ ਹਨ ? ਸਾਨੂੰ ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ ਕਿ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਦਾ ਤਾਂ ਸਤਿਕਾਰ ਕਰੀਏ, ਬਾਕੀ ਭਾਸ਼ਾਵਾਂ ਦੀ ਵਰਤੋਂ ਲੋੜ ਅਨੁਸਾਰ ਕਰਦੇ ਰਹੀਏ। ਜੇ ਕਰ ਅਸੀਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨੀ ਚਾਹੁੰਦੇ ਹਾਂ ਤਾਂ ਅਸੀਂ ਉਨ੍ਹਾਂ ਲੋਕਾਂ ਨੂੰ ਪੰਜਾਬੀ ਸਿਖਾਈਏ ਜਿੰਨ੍ਹਾਂ ਨੂੰ ਪੰਜਾਬੀ ਨਹੀਂ ਆਉਂਦੀ।






## ਗਹਿਣੇ ਗਹਿਣੇ

ਬੜੀ ਔਖ ਨਾ ਪਏ ਨੇ ਬੋਲ ਕਹਿਣੇ
ਡੋਅਰੀਆਂ ਚ ਦੁੱਧ ਲੱਗ ਗਏ
ਘਿਉ ਮੱਖਣ ਪੈਂਦੇ ਨੇ ਮੁੱਲ ਲੈਣੇ

ਹਾਣੀਆਂ ਹਾਣੀਆਂ
ਨਾ ਹੀ ਖੱਡੀ ਲੱਗੀ ਦਿਸੇ ਨਾ ਹੀ ਤਾਣੀਆਂ
ਵਿਰਸਾ ਅਵਾਜਾਂ ਮਾਰਦੈ
ਨਾ ਚਰਖੇ ਕੱਤਣ ਧੀਆਂ ਰਾਣੀਆਂ

ਕਿਤੇ ਧੁੱਪ ਕਿਤੇ ਛਾਂ ਮਾਹੀਆ
ਨਸ਼ਿਆਂ ਨੇ ਘਰ ਪੱਟਤੇ
ਤੈਨੂੰ ਵਰਜਾਂ ਤਾਂ ਮਾਹੀਆ

ਫ਼ਿਕਰ ਹੁੰਦੀ ਜਿਉ ਧੀ ਪੁੱਤਾਂ ਦੀ
ਇਵੇਂ ਹੀ ਸੰਭਾਲ ਕਰੀਏ
ਲੋਕੋ ਪਾਣੀ ਅਤੇ ਰੁੱਖਾਂ ਦੀ

ਵੇਖ ਮੱਚੀ ਹਾਹਾਕਾਰ ਵੇ ਰੱਬਾ
ਇੱਥੇ ਕੋਈ ਸੇਫ਼ ਨਹੀਂ
ਹੁੰਦੇ ਬੱਚੀਆਂ ਨਾ ਬਲਾਤਕਾਰ ਵੇ ਰੱਬਾ

ਚਿੱਟੀ ਕਾਗਜ਼ ਦੀ ਹਿੱਕ ਮਾਹੀਆ
ਹੋਰਾਂ ਤੇ ਬਥੇਰਾ ਲਿਖਦੈਂ
ਕੁਝ ਮੇਰੇ ਤੇ ਵੀ ਲਿਖ ਮਾਹੀਆ

ਨੋਟ ਹਰ ਇੱਕ ਤਾਰੀਫ਼ ਕੀਤੀ ਏ
ਓਨੀ ਸ਼ਾਇਦ ਉਮਰ ਨਹੀਂ
ਜਿੰਨੀ ਓਸਦੀ ਉਡੀਕ ਕੀਤੀ ਏ

ਦੁੱਖਦੀ ਰਗ ਰਗ ਸੱਜਣਾ
ਅੱਖੀਆਂ ਚੋਂ ਹੰਝੂ ਡਿੱਗਦੇ
ਰੋਵਾਂ ਧੂੰਏਂ ਦੇ ਪੱਜ ਸੱਜਣਾ

**ਜਸਵੀਰ ਫ਼ੀਰਾ**
**ਮੋਬਾਈਲ** 8437368027

## ਪਰਖ

ਅਗਨੀ ਤੋਂ ਤੂੰ ਦੇਹ ਪਰਖਾ ਲੈ,
ਹਵਾ ਪਾਸੋਂ ਸਾਹ, ਓ ਯਾਰ।
ਤ੍ਰੇਲਾਂ ਤੋਂ ਤੂੰ ਅੱਥਰੂ ਪਰਖਾ ਲੈ,
ਸਰੀਰ ਚਿਖਾ ਵਿੱਚ ਕਰ ਸੁਆਹ,ਓ ਯਾਰ।
ਬਸ ਇੱਕ ਹੀ ਅਗਨ ਪ੍ਰੀਖਿਆ ਲੈਵੀਂ,
ਸਾਰਾ ਜੱਗ ਉੱਠੇ ਤ੍ਰਾਹ,ਓ ਯਾਰ।
ਦਿਲ ਮੇਰੇ ਦੀ ਤੜਫ ਵੰਗਾਰੇ,
ਨਾ ਤੂੰ ਛੱਡਕੇ ਜਾਹ,ਓ ਯਾਰ।
ਰਾਤਾਂ ਤੋਂ ਤੂੰ ਹਉਕੇ ਪਰਖਾ ਲੈ,
ਨਾ ਤੂੰ ਕਰ ਸਾਥੋਂ ਵੱਖ ਰਾਹ,ਓ ਯਾਰ।
ਮਿੱਟੀ ਤੋਂ ਤੂੰ ਮੇਰੀ ਚਾਲ ਪਰਖਾ ਲੈ,
ਜਗ ਪਾਸੋਂ ਤੂੰ ਨਿਗਾਹ,ਓ ਯਾਰ।
ਮੈਂ ਤਾਂ ਬਸ ਤੇਰੀ ਬਣਕੇ ਰਹਿਣਾ,
ਚਾਹੇ ਲੱਖ ਵਾਰੀ ਕਰ ਦਫਾ,ਓ ਯਾਰ।
ਮੈਂ ਤਾਂ ਤੇਰਾ ਪਿਆਰ ਹੀ ਮੰਗਾਂ,
ਤੂੰ ਕਿਉਂ ਰਿਹਾ ਵਿਸਾਰ,ਓ ਯਾਰ।
ਚਾਹੇ ਕਿੰਨੀਆ ਪਰਖਾ ਕਰਲੈ,
ਨਾ ਤੂੰ ਹੋ ਜੁਦਾ,ਓ ਯਾਰ।
ਅਸੀਂ ਮਰਕੇ ਵੀ ਤੇਰੇ ਹੀ ਰਹਿਣਾ,
ਉੱਡ ਉੱਡਕੇ ਕਹੂ ਸੁਆਹ,ਓ ਯਾਰ।
ਮਨਦੀਪ ਹਰ ਪਰਖ ਚੋਂ ਲੰਘਣਾ ਔਰਤ ਨੇ,
ਉਹਦੀ ਦੇਊ ਗਵਾਹੀ ਖੁਦਾ,ਓ ਯਾਰ।

**ਮਨਦੀਪ ਕੌਰ ਦਰਾਜ**
9877567020

## ਗ਼ਜ਼ਲ-ਪਰੇਸ਼ਾਨੀ

ਉਦਾਸ ਦਿਲ ਦੀ ਪਰੇਸ਼ਨੀ ਕੀ ਹੈ ?
ਸਿਆਣਪ ਕੀ ਤੇ ਨਾਦਾਨੀ ਕੀ ਹੈ ?
ਬੇਟਾ ਵੀ ਬਣ ਕੇ ਬਾਪ ਸਮਝ ਜਾਊ,
ਸਿਲਵਟਾਂ ਨਾਲ ਭਰੀ ਪੇਸ਼ਾਨੀ ਕੀ ਹੈ ?
ਦਰਦਮੰਦਾਂ ਨੂੰ ਉਡੀਕ ਬਸ ਦਵਾ ਦੀ ਹੈ,
ਓਹਨਾ ਲਈ ਦੁਨੀਆ ਜੋ ਸੁਹਾਨੀ ਕੀ ਹੈ ?
ਉਸਤੋਂ ਕੀ ਜਿੰਦਗੀ ਦੀ ਉਮੀਦ ਕਰੀਏ,
ਪਤਾ ਜਿਸਨੂੰ ਨਹੀਂ ਗੱਲ ਬਚਕਾਨੀ ਕੀ ਹੈ ?
ਪੁੱਛੋ ਜਾ ਕੇ ਠੰਡੇ ਬੁਰਜ ਕੋਲੋਂ,
ਹੁੰਦਾ ਤਿਆਗ ਤੇ ਕੁਰਬਾਨੀ ਕੀ ਹੈ ?
ਬਰਕਤ ਹੈ ਪਾਕ ਰੂਹਾਂ ਦੀ ਹੀ "ਅਮਨ",
ਵਰਨਾ ਜੋ ਦੁਨੀਆ ਇਹ ਫ਼ਾਨੀ ਕੀ ਹੈ ?

**ਪ੍ਰੀਤ"ਅਮਨ" , ਮੋਰਿੰਡਾ**
6280932905

## ਕਰਵਾ ਚੌਥ

ਗੱਲ ਸੁਣ ਇੱਕ ਮੇਰੀ ਭਾਗਵਾਨੇ,
ਜੋ ਕਹਿਣਾ ਪਾ ਲੈ ਵਿੱਚ ਖਾਨੇ,
ਬੇਫਿਕਰੀ ਹੋ ਕੇ ਖੁਸ਼ ਰਹਿ,
ਐਵੇਂ ਵਜ਼ਨ ਦਿਮਾਗ ਤੇ ਧਰੀ ਨਾ,
ਮੈਨੂੰ ਵਰਤਾਂ ਨਾਲ ਨਹੀਂ ਕੁੱਝ ਹੋਣਾ,
ਐਵੇਂ ਕਮਲੀਏ ਤੂੰ ਭੁੱਖੀ ਮਰੀ ਨਾ,

ਲਵਾ ਦੇਣਾ ਪੇਕਿਆਂ ਦਾ ਇੱਕ ਗੂਟ,
ਦਵਾ ਦੇਣਾ ਮਹਿਗਾ ਸੋਹਣਾ ਸੂਟ,
ਜੋ ਕਹੇਗੀ ਮਿਲੂ ਤੈਨੂੰ ਹਰ ਚੀਜ਼,
ਮੰਗੀ ਹੱਸਕੇ ਕਿਸੇ ਗੱਲੋਂ ਡਰੀ ਨਾ,
ਮੈਨੂੰ ਵਰਤਾਂ ਨਾਲ ਨਹੀਂ ਕੁੱਝ ਹੋਣਾ,
ਐਵੇਂ ਕਮਲੀਏ ਤੂੰ ਭੁੱਖੀ ਮਰੀ ਨਾ,

ਤੂੰ ਤਾਂ ਬਹੁਤ ਮਿੱਠੀਏ ਪੜ੍ਹੀ ਲਿਖੀ,
ਪਰ ਕੋਈ ਗੱਲ ਵੱਖਰੀ ਨਾ ਦਿਸੀ,
ਐਵੇਂ ਲੱਗਕੇ ਲੋਕਾਂ ਦੇ ਪਿੱਛੇ,,
ਗਲਤ ਜਿਹਾ ਹੁੰਗਾਰਾ ਭਰੀ ਨਾ,
ਮੈਨੂੰ ਵਰਤਾਂ ਨਾਲ ਨਹੀਂ ਕੁੱਝ ਹੋਣਾ,
ਐਵੇਂ ਕਮਲੀਏ ਤੂੰ ਭੁੱਖੀ ਮਰੀ ਨਾ,

ਤੂੰ ਤਾਂ ਕਰਦੀ ਪਿਆਰ ਮੈਨੂੰ ਵਾਹਲਾ,
ਮੰਨਦਾ ਇਹ ਗੱਲ ਮੱਖਣ ਸ਼ੇਰੋਂ ਵਾਲਾ,
ਲਾ ਕੇ ਮੋਢੇ ਨਾਲ ਮੋਢਾ ਤੁਰਨਾ,
ਤੂੰ ਪਾਖੰਡ ਜਿਹੇ ਇਹ ਕਰੀ ਨਾ,
ਮੈਨੂੰ ਵਰਤਾਂ ਨਾਲ ਨਹੀਂ ਕੁੱਝ ਹੋਣਾ,
ਐਵੇਂ ਕਮਲੀਏ ਤੂੰ ਭੁੱਖੀ ਮਰੀ ਨਾ,

**ਮੱਖਣ ਸ਼ੇਰੋਂ ਵਾਲਾ**
**ਸੰਪਰਕ** 98787-98726

## ਸਰਕਾਰ

ਪੰਜ ਸਾਲਾਂ ਪਿੱਛੋਂ ਇਕ ਗੂੰਜ ਉੱਠੀ
ਮਗਰ ਲੰਮੀ ਸੀ ਬਹੁਤ ਕਤਾਰ ਮੀਆਂ।
ਤੁਰਨ ਵਾਲੇ ਜਾਪਣ ਭੋਲੇ ਭਾਲੇ
ਤੇ ਵਿਚ ਗੱਡੀਆਂ ਦੇ ਹੋਸ਼ਿਆਰ ਮੀਆਂ।
ਬੜੀ ਉੱਚੀ ਉੱਚੀ ਹੇਕਾਂ ਲਾਈ ਜਾਵਣ
ਤੇ ਲਿਖੇ ਫੱਟਿਆਂ ਉੱਤੇ ਜੈਕਾਰ ਮੀਆਂ।
ਵਿੱਚ ਵਾਰ ਦੇ ਪੰਚਵੀਂ ਪੱਗ ਵਾਲੇ
ਨਾਲ ਤੁਰਨ ਨੂੰ ਬੈਠੇ ਤਿਆਰ ਮੀਆਂ।
ਨੱਕ ਡੋਬ ਕੇ ਸਾਧਾਂ ਦੀ ਅਣਖ ਮਰੀ
ਦੇਣਾ ਛਡਿਆ ਓਹਨਾ ਪਰਉਪਕਾਰ ਮੀਆਂ।
ਸਮੇਂ ਨਾਲ ਤੁਰ ਰਹੀ ਮਾਂ ਨੇ ਵੀ
ਹਥੀਂ ਪੁੱਤ ਦੇ ਫੜਾਏ ਹਥਿਆਰ ਮੀਆਂ।
ਸਫੇਦਪੋਸ਼ਾਂ ਨੇ ਐਸਾ ਜਾਲ ਪਾਇਆ
ਕਬੂਲ ਕਰੀ ਜਾ ਰਹੇ ਅਤਿਆਚਾਰ ਮੀਆਂ।
ਸੰਨ 90 ਦਾ ਪੁੱਤ ਕਹੇ ਜਿੱਤ ਬਾਪੂ
ਪਰ ਪਿਓ ਜਾਪੇ ਭੈੜੀ ਹਾਰ ਮੀਆਂ।
26 ਅੱਖਰ ਬੋਲਣ ਵਿੱਚ ਮਾਣ ਕਰਦੇ
ਤੇ 35 ਅੱਖਰੀ ਰਹੇ ਵਿਸਾਰ ਮੀਆਂ।
ਸ਼ਾਮਲਾਟ ਚ ਆਣ ਕੇ ਰੁੱਕੀ ਗੱਡੀ
ਸਫੇਦਪੋਸ਼ ਚ ਸਿਘ ਸਰਦਾਰ ਮਿਆਂ।
ਪੰਜ ਮਿੰਟਾ ਚ ਅੱਖਰ ਚਿਣ ਦਿੱਤੇ
ਤੇ ਕੋਈ ਕੱਢ ਨਾ ਸਕਿਆ ਬਕਾਰ ਮੀਆਂ।
ਸੰਮਾਂ ਚੋਣਾਂ ਦਾ ਸਿਰ ਤੇ ਜਦ ਆਇਆ
ਗਲੀ ਗਲੀ ਹੋਏ ਤਕਰਾਰ ਮੀਆਂ।
ਅੱਧਵਾਟੇ ਇੰਜਣਾਂ ਕਈ ਰੁਲੀਆਂ
ਆਰ.ਡੀ. ਨੇ ਰੋਂਦੀ ਦੇਖੀ ਦਸਤਾਰ ਮੀਆਂ।
ਜਿਹੜੀ ਘਰੇ ਚੁੱਲ੍ਹਾ ਨਾ ਬਲਣ ਦੇਵੇ
ਕਿ ਅੱਗ ਲੋਣੀ ਐਸੀ ਸਰਕਾਰ ਮੀਆਂ।

**ਅਰਸ਼ਦੀਪ ਸਿੰਘ (ਆਰ.ਡੀ. ਸਮਾਘ)**
9812027350

## ਗ਼ਜ਼ਲ

ਕਰਜ ਮਾਂ ਦਾ ਕਦੇ ਨਹੀਂ ਉਤਾਰ ਸਕਦੇ,
ਮੰਜੇ ਗਿਲ ਰਹਿੰਦੀ ਕਦੇ ਸੁੱਕ ਰਹਿੰਦੀ।
ਧੀ ਕੁੱਟਣੀ ਕਿਸੇ ਦੀ ਬਹੁਤ ਮਾੜੀ,
ਸਦਾ ਨਹੀਂ ਭਰਾਵੇਂ ਇੱਕੋ ਰੁੱਤ ਰਹਿੰਦੀ।
ਬਾਂਝ ਤੀਵੀ ਨੂੰ ਬਾਂਝ ਕਹਿਣਾ ਗੱਲ ਮਾੜੀ,
ਸਦਾ ਨਹੀਂ ਸੁੱਲਖਣੀ ਕੁੱਖ ਰਹਿੰਦੀ।
ਘਰ ਲੰਕਾਂ ਦੇ ਵਾਂਗ ਤਬਾਹ ਹੋ ਜਾਵੇ ,
ਬਿਨਾ ਗਲਤੀ ਪਤੀ ਦੇ ਹੱਥ ਗੁੱਤ ਰਹਿੰਦੀ
ਮਾਣ ਕਰੀ ਨਾਂ ਕਦੇ ਸੁਰਜੀਤ ਦੌਲਤਾ ਦਾ ;
ਸਾਰੀ ਉਮਰ ਨਾਂ ਇੱਕੋ ਜਿਹੀ ਠੁੱਕ ਰਹਿੰਦੀ।

**ਸੁਰਜੀਤ ਫੁਲੇੜਾ**
9815533945

## ਨਜ਼ਰੀਆ

ਰੋਟੀ ਦਾ ਕੋਈ ਧਰਮ ਨਹੀਂ ਹੁੰਦਾ,
ਤੇ ਪਾਣੀ ਦੀ ਕੋਈ ਜਾਤ ਨਹੀਂ ਹੁੰਦੀ!

ਓਹ ਵੀ ਏਥੇ ਬਦਲਦੇ ਵੇਖੇ,
ਜਿਨਾ ਤੋ ਏਹ ਆਸ ਨਹੀਂ ਹੁੰਦੀ!

ਮਿਹਨਤ ਕਰਕੇ ਪਹੁੰਚ ਮੰਜ਼ਿਲ ਤੇ,
ਇਰਾਦਿਆਂ ਦੀ ਕਦੇ ਰਾਖ ਨਹੀਂ ਹੁੰਦੀ!

ਹੁੰਦੇ ਓਹ ਵੀ ਕਿਸੇ ਲਈ ਚੰਗੇ ਮਿੱਤਰਾ,
ਜਿੰਨਾ ਵਿੱਚ ਕੋਈ ਗੱਲ ਬਾਤ ਨਹੀਂ ਹੁੰਦੀ!

ਦੁੱਖਾਂ ਦੇ ਵਿੱਚ ਵੱਡੀ ਮਿੱਤਰਾ,
ਖੁਸ਼ੀਆ ਵਿੱਚ ਛੋਟੀ ਰਾਤ ਹੀ ਹੁੰਦੀ,

ਹਿੰਮਤ ਕਦੇ ਨਾ ਹਾਰੀ ਮਿੱਤਰਾ,
ਕਿਸਮਤ ਦੇ ਖ਼ਾਲੀ ਵਰਕਿਆ ਵਾਲੀ,
ਕਦੇ ਕੋਈ ਕਲਮ ਦਵਾਤ ਨਹੀਂ ਹੁੰਦੀ!

ਮਾਰ ਕਿਸੇ ਦਾ ਹੱਕ ਕੁਲਦੀਪ ਸਿਆਂ,
ਸਦਾ ਕਮਾਈ ਰਾਖ ਹੀ ਹੁੰਦੀ!

**ਕੁਲਦੀਪ**

## ਕਿਰਤੀ ਕਾਮਿਆਂ ਦਾ ਗੀਤ

ਜੇਕਰ ਮੇਰੇ ਦੇਸ਼ ਦੀਆਂ ਸੜਕਾਂ 'ਤੇ ,
ਅੱਜ ਰੁਲ ਰਹੀਆਂ ਦਸਤਾਰਾਂ ਨੇ।
ਅੰਨਦਾਤਿਆਂ ਦੀ ਬੇਕਦਰੀ ਲਈ ,
ਜਿੰਮੇਵਾਰ ਦੋਵੇਂ ਸਰਕਾਰਾਂ ਨੇ।
ਜੇਕਰ ਪੁੱਤਰਾਂ ਵਾਂਗੂੰ ਪਾਲੀਆਂ ਫਸਲਾਂ,
ਮੰਡੀਆਂ ਦੇ ਵਿੱਚ ਰੁਲਦੀਆਂ ਨੇ।
ਐਪਰ ਸਿਆਸੀ ਲੋਕਾਂ ਦੀਆਂ ਔਰਤਾਂ,
ਪੈਸੇ ਧਰ ਧਰ ਕੇ ਭੁਲਦੀਆਂ ਨੇ।
ਸਾਡੇ ਕਿਰਤੀ ਕਾਮਿਆਂ ਦੇ ਸਿਰ 'ਤੇ ,
ਘਰ ਭਰ ਲਏ ਸ਼ਾਹੂਕਾਰਾਂ ਨੇ।
ਅੰਨਦਾਤਿਆਂ ਦੀ ਬੇਕਦਰੀ ਲਈ
ਜੇਕਰ ਸਾਡੇ ਧੀਆਂ ਪੁੱਤ ਪੜ ਕੇ ,
ਅੱਜ ਵਿਰਲੇ ਫਿਰਦੇ ਸੜਕਾਂ 'ਤੇ।
ਨਿੱਤ ਬੇ - ਰੁਜ਼ਗਾਰਾਂ ਦੇ ਹੰਝੂ ਤੇ ,
ਮੁੜ ?ਕੇ ਨੇ ਕਿਰਦੇ ਸੜਕਾਂ 'ਤੇ।
ਚੰਗਿਆਂ ਦੀ ਥਾਂ 'ਤੇ ਮਾੜੇ ਦਿਨ ,
ਸਾਨੂੰ ਦੇ ਦਿੱਤੇ ਹੁਸ਼ਿਆਰਾਂ ਨੇ।
ਅੰਨਦਾਤਿਆਂ ਦੀ ਬੇਕਦਰੀ ਲਈ
ਜੇਕਰ ਵੱਡੇ ਮਹਿਲ ਉਸਾਰਨ ਵਾਲਾ ,
ਖੁਦ ਕੱਚਿਆਂ ਵਿੱਚ ਸੌਂਦਾ ਹੈ।
ਕਈ ਗਊਆਂ ਮੱਝੀਆਂ ਵਾਲਾ ਵੀ ,
ਤੜਕਾ ਨਾ ਦਾਲ ਨੂੰ ਲਾਉਂਦਾ ਹੈ।
ਸਭ ਸੁਝਵਾਨ ਰਲ ਮਿਲ ਬਹਿ ਕੇ ,
ਤਾਂ ਹੀ ਲੱਗੇ ਕਰਨ ਵਿਚਾਰਾਂ ਨੇ।
ਅੰਨਦਾਤਿਆਂ ਦੀ ਬੇਕਦਰੀ ਲਈ
ਜੇਕਰ ਸ਼ਰਮੋਂ ਰੰਚਣਾਂ ਵਾਲੇ ਵਰਗੇ ,
ਦਿਲੋਂ ਦਿਮਾਗ ਨੂੰ ਨੋਚਦੇ ਨੇ।
ਸਾਰੇ ਪਿੰਡ ਰੰਚਣਾਂ ਦੇ ਗੱਭਰੂ ,
ਪਰਦੇਸ ਜਾਣ ਲਈ ਸੋਚਦੇ ਨੇ।
ਜੇਕਰ ਸਣੇ ਘਰਾਂ ਦੇ ਖੇਤ ਵੇਚ 'ਤੇ ,
ਕੈਂਸਰ ਦਿਆਂ ਬੀਮਾਰਾਂ ਨੇ।
ਅੰਨਦਾਤਿਆਂ ਦੀ ਬੇਕਦਰੀ ਲਈ

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬ** 148024

## ਉਡੀਕ

ਕਿਸਦੀ ਹੈ।
ਹਨੇਰਿਆਂ ਨਾਲ ਲੜਨਾ ਹੈ
ਤਾਂ ਉਡੀਕ ਕਿਸਦੀ ਹੈ
ਇਕੱਲਿਆਂ ਤੁਰ ਪੈ ਨਾ
ਉਡੀਕ ਕਿਸਦੀ ਹੈ
ਉਨ੍ਹਾਂ ਨੇ ਪੌਣਾਂ 'ਚ ਦੁਰਗੰਧ
ਫੈਲਾ ਹੀ ਦਿੱਤੀ ਹੈ ਜੇਕਰ
ਤੂੰ ਖੁਸ਼ਬੂਆਂ ਬਿਖੇਰ ਦੇ
ਉਡੀਕ ਕਿਸਦੀ ਹੈ
ਸੁਣਿਆਂ ਇਕੱਲਾ ਬੰਦਾ
ਕੁਝ ਨਹੀਂ ਕਰ ਸਕਦਾ
ਤੂੰ ਕਹਾਵਤਾਂ ਬਦਲ ਦੇ
ਉਡੀਕ ਕਿਸਦੀ ਹੈ
ਕਈਆਂ ਦੀ ਫ਼ਿਤਰਤ ਹੀ ਹੈ
ਜੇਕਰ ਰਾਹਾਂ ਨੂੰ ਰੋਕਣਾ
ਤੂੰ ਨਵਾਂ ਰਾਹ ਹੀ ਬਣਾ ਲੈ
ਉਡੀਕ ਕਿਸਦੀ ਹੈ।

**ਹਰਪ੍ਰੀਤ ਸਿੰਘ ਬਰਾੜ**

## ਕੀ ਲਿਖਿਆ... ?

ਚਾਰ ਦਿਨਾਂ ਦਾ ਮੇਲਾ ਜ਼ਿੰਦਗੀ
ਮਿੱਟੀ ਹੀ ਜੇ ਹੋ ਜਾਣਾ,
ਜਿਉਂਦੇ ਵੀ ਮਰ ਕੇ ਲਿਖਿਆ
ਤਾਂ ਕੀ ਲਿਖਿਆ ...

ਬਾਬਰ,ਜਾਬਰ ਕਹਿਣੇ ਵਾਲੀ
ਨਾਨਕ ਦੀ ਇਸ ਧਰਤੀ 'ਤੇ,
ਜਾਲਮ ਤੋਂ ਡਰ ਕੇ ਲਿਖਿਆ
ਤਾਂ ਕੀ ਲਿਖਿਆ ...

ਬੇਸਬਰੇ ਇਹ ਕਦੇ ਨਾ ਰੱਜਣੇ
ਨੀਤਾਂ ਦੇ ਜੋ ਭੁੱਖੇ ਨੇ,
ਘੁੱਟ ਸਬਰ ਦਾ ਭਰ ਕੇ ਲਿਖਿਆ
ਤਾਂ ਕੀ ਲਿਖਿਆ...

ਦਿੱਲੀ ਪਿਤਾ ਤੋਰਿਆ ਦੇਖੀਂ
ਜਿਗਰਾ ਗੋਬਿੰਦ ਰਾਏ ਦਾ,
ਜੁਲਮ ਹਨੇਰੀ ਜਰ ਕੇ ਲਿਖਿਆ
ਤਾਂ ਕੀ ਲਿਖਿਆ...

ਜੋਕਾਂ ਬਣ ਕੇ ਨੋਚਣ ਲੱਗੇ
ਪਾਪੀ ਸਾਧ ਲੁਟੇਰਿਆਂ ਦੇ,
ਗੋਡਿਆਂ ਤੇ ਸਿਰ ਧਰ ਕੇ ਲਿਖਿਆ
ਤਾਂ ਕੀ ਲਿਖਿਆ...

ਮਹਿਲਾਂ ਦਾ ਹੀ ਸ਼ੋਰ ਸ਼ਰਾਬਾ
ਕੁੱਲੀਆਂ ਦੀ ਕੋਈ ਸਾਰ ਨਹੀਂ,
ਮਘਦੇ ਸੂਰਜ ਠਰ ਕੇ ਲਿਖਿਆ
ਤਾਂ ਕੀ ਲਿਖਿਆ...

ਨਵੀਂ ਸਦੀ ਦੀ ਨਵੀਂ ਕਹਾਣੀ
ਜੀਹਨੇ ਹੱਥੀਂ ਲਿਖਣੀ ਸੀ,
ਜਿੱਤਦੇ ਸੂਰੇ ਹਰ ਕੇ ਲਿਖਿਆ
ਤਾਂ ਕੀ ਲਿਖਿਆ...

ਜੱਖਲਾਂ ਵਾਲਿਆ ਜੇ ਲਿਖਣਾ ਤਾਂ
ਕੁਫ਼ਰ ਕਦੇ ਨਾ ਤੋਲੀਂ ਤੂੰ,
ਮਾੜਾ ਜਿਗਰਾ ਕਰ ਕੇ ਲਿਖਿਆ
ਤਾਂ ਕੀ ਲਿਖਿਆ ...

**ਅਮਨ ਜੱਖਲਾਂ**
9478226980

## ਸੁਨੇਹਾ

ਸੁਨੇਹਾ ਘਲ ਹਵਾਵਾਂ ਦੇ ਰੁਖ਼
ਅਚੇਤ ਹੋਇਆ ਸਾਹਾਂ ਦਾ ਮੁਖ
ਸੁੰਨੇ ਵਿਹੜੇ ਪੁਛਦੇ ਵਾਰ - ਵਾਰ
ਕਦੋਂ ਆਵੇਂਗੀ ਸ਼ਿੰਗਾਰਾਂ ਦੀ ਰੁੱਤ
ਤਰਸਣ ਦੀਵਾਰਾਂ ਬੇਰੰਗ ਹੋਈਆਂ
ਭੁੱਬਾਂ ਮਾਰ, ਅੱਖਾਂ ਨੇ ਰੋਈਆਂ
ਦਿਨ ਚੜ੍ਹਨ ਜਿਵੇਂ ਰਾਤਾਂ ਪਈਆਂ
ਹੁੰਦੀ ਖਾਮੋਸ਼ੀ ਦੀ ਸੌਗਾਤ
ਕਦ ਆਵੇਂਗੀ ਕਦ ਆਵੇਂਗੀ
ਖੁਸ਼ੀਆਂ ਖੇੜਿਆਂ ਦੀ ਬਾਰਾਤ ....
ਸਾਲ ਸਾਰਾ ਹੀ ਬੀਤਿਆ
ਕਫ਼ਨਾਂ 'ਚ ਲਾਸ਼ਾਂ ਨੂੰ ਲਪੇਟਿਆ
ਹਾਲ ਦੁਨੀਆ ਦਾ ਦੇਖਿਆ
ਦੇਖਿਆ ਨਾ ਜਾਵੇ
ਟੁੱਟਦੀ ਡੋਰ ਸਾਹਾਂ ਦੀ
ਰਿਸ਼ਤੇ ਹੋਏ ਇਤਿਹਾਸਿਕ ਪੰਨੇ
ਵਹਿ ਗਏ ਦਿਲ ਦਰਿਆ
ਮਿਲੇ ਨਾ ਸਾਗਰ ਕੋਈ ਸਹਾਰਾ
ਸਮੇਟ ਲਵੇ ਜੋ ਦਰਦਾਂ ਦੇ ਵਹਾਅ
ਮਿਹਰ ਕਰ ਰੱਬਾ , ਦੇਖਿਆ ਨਾ ਜਾਵੇ
ਸੁੱਕਦੇ ਦਰੱਖਤਾਂ ਨੂੰ ਫਲ ਲਾ .....
ਕਦ ਮੁਕਣੇ ਦਵੰਸ਼ ਦਿਲਾਂ ਦੇ
ਸੋਚ ਅੱਖਾਂ ਵਿਚ ਅੱਥਰੂ ਜਾਂਦੇ ਆ
ਕਦੇ ਆਪਣੇ ਹੀ ਸੀ ਉਹ ਵੀ
ਜਿਹੜੇ ਤੁਰੇ ਬੇਗਾਨੇ ਰਾਹ
" ਪ੍ਰੀਤ " ਕਾਗਜ਼ਾਂ ਨੂੰ ਕੀ ਸੁਣਾਉਨਾ
ਜਿਹੜੇ ਭਿੱਜੇ ਕਲਮ ਦੇ ਲਹੂ ਨਾਲ
ਵਾਪਿਸ ਮੁੜਦੇ ਨਾ ਕਦੇ
ਚਿੱਟੇ ਲਹੂ ਦੇ ਸਿੰਜੇ ਇਨਸਾਨ

**ਪ੍ਰੀਤ ਰਾਮਗੜ੍ਹੀਆ**
ਮੋਬਾਇਲ : +918427174139
Lyricistpreet@gmail.com

## ਖੁਸ਼ੀਆਂ ਦਾ ਤਿਉਹਾਰ

ਖੁਸ਼ੀਆਂ ਦਾ ਤਿਉਹਾਰ ਦੀਵਾਲੀ ਹੈ ਆਇਆ,
ਇਸ ਨੇ ਬਹੁਤੇ ਲੋਕਾਂ ਨੂੰ ਫਿਕਰਾਂ 'ਚ ਹੈ ਪਾਇਆ।
ਕੋਰੋਨਾ ਨੇ ਇਨ੍ਹਾਂ ਨੂੰ ਬੇਰੁਜ਼ਗਾਰ ਹੈ ਕੀਤਾ,
ਉੱਤੋਂ ਸਰਕਾਰਾਂ ਨੇ ਇਨ੍ਹਾਂ ਦਾ ਖੂਨ ਹੈ ਪੀਤਾ।
ਬੱਚੇ ਇਨ੍ਹਾਂ ਦੇ ਮੰਗਣ ਆਤਿਸ਼ਬਾਜ਼ੀਆਂ ਤੇ ਪਟਾਕੇ,
ਮਿੰਨਤਾਂ, ਤਰਲੇ ਕਰਨ ਇਨ੍ਹਾਂ ਕੋਲ ਆ ਕੇ।
ਨਾਲੇ ਮੰਗਣ ਕਲਾ ਕੰਦ, ਰਸ ਗੁੱਲੇ ਤੇ ਬਰਫ਼ੀ,
ਉਹ ਦੇਖਣ ਨਾ ਇਨ੍ਹਾਂ ਦੀ ਜੇਬ ਖਾਲੀ।
ਸਾਰੇ ਕੱਠੇ ਹੋ ਕੇ ਬੱਚਿਆਂ ਨੂੰ ਸਮਝਾਓ,
ਧੂੰਏਂ ਤੋਂ ਵਾਤਾਵਰਨ ਦੂਸ਼ਿਤ ਹੋਣ ਤੋਂ ਬਚਾਓ।
ਨਕਲੀ ਮਠਿਆਈਆਂ ਨਾ ਘਰਾਂ 'ਚ ਲਿਆਓ,
ਹਸਪਤਾਲਾਂ 'ਚ ਜਾ ਕੇ ਧੱਕੇ ਖਾਣ ਤੋਂ ਬਚ ਜਾਓ।
ਜੋ ਕੁਝ ਬਣਾਨਾ ਹੈ, ਘਰੇ ਹੀ ਬਣਾਓ,
ਘਰ ਦਾ ਬਣਿਆ ਖਾ ਕੇ ਖੁਸ਼ੀਆਂ ਮਨਾਓ।

**ਮਹਿੰਦਰ ਸਿੰਘ ਮਾਨ 9915803554**

## ਸਾਡੇ ਪਿੰਡ ਦੀਆਂ ਕੁੜੀਆਂ

ਮੇਰੇ ਪਿੰਡ ਦੀਆਂ ਕੁੜੀਆਂ ਦੀ ,
ਖੁਸੀ ਦੱਬੀ ਗਈ ਫਿਕਰਾਂ ਚ।
ਉਹਨਾਂ ਸ਼ੌਕ ਵੀ ਰੁਲ ਗਏ ਨੀ
ਰੁਲ ਗਏ ਗਰੀਬੀ ਚ।
ਉਹਨਾਂ ਦਾਜ ਬਣਾਏ ਨੀ
ਵਰ ਮਿਲਗੇ ਨਸ਼ੇੜੀ ਨੀ।
ਦੁੱਖ ਢਿੱਡ ਵਿੱਚ ਰੱਖਦੀਆਂ ਨੇ।
ਅੱਖਾਂ ਵਿਚੋਂ ਹੰਝੂ ਵਗਦੇ ਨੇ
ਮੇਰੇ ਪਿੰਡ ਦੀਆਂ ਕੁੜੀਆਂ ਦੀ
ਖੁਸੀ ਦੱਬੀ ਗਈ ਫਿਕਰਾਂ ਚ।

ਨਿੱਕੀ ਉਮਰੇ ਮਾਪੇ ਤੁਰਗੇ।
ਜਾਂ ਬਾਪੂ ਸ਼ਰਾਬੀ ਸੀ।
ਨਾ ਵੀਰੇ ਕੰਮ ਆਏ।
ਨਾ ਮਾਂ ਵਰਗੀ ਕੋਈ ਭਾਬੀ ਸੀ।
ਖੇਤਾਂ ਦੀਆਂ ਵੱਟਾਂ ਤੇ ਹੁਸਨ ,
ਰੁਲ ਰੁਲ ਪਲ ਗਿਆ ਸੀ।
ਲੋਕਾਂ ਦੀਆਂ ਗੱਲਾਂ ਸੀ
ਸ਼ਰੀਕਾਂ ਦੇ ਮੇਹਣੇ ਤੇ ਕਹਿਣੇ ਸੀ।
ਮੇਰੇ ਪਿੰਡ ਦੀਆਂ ਕੁੜੀਆਂ ਦੀ
ਖੁਸੀ ਦੱਬੀ ਗਈ ਫਿਕਰਾਂ ਚ।

ਪਿੰਡ ਵਿੱਚ ਵੀ ਰੁਲੀਆਂ ਉਹ
ਸੁਹਰੇ ਜਾ ਕੇ ਵੀ ਰੁਲਦੀਆਂ ਨੇ।
ਉਹ ਪਲ ਪਲ ਆਪਣੇ ਜੰਮਿਆ ਲਈ
ਫਿਕਰਾਂ ਵਿੱਚ ਝੁਰਦੀਆਂ ਨੇ।
ਮਾਪਿਆਂ ਨੇ ਸਹੇੜੇ ਸੀ।
ਤਾਹੀਂ ਵਕਤ ਬਿਤਾਉਦੀਆਂ ਨੇ।
ਉਹ ਭੁੱਖੀਆਂ ਰਹਿ ਕੇ ਵੀ
ਸਾਰਾ ਦਿਨ ਕੰਮ ਕਾਰ ਕਰਦੀਆਂ ਨੇ।
ਜ਼ਿੰਦਗੀ ਗੁਜ਼ਰ ਰਹੀ ਐ
ਪੈ ਕੇ ਇਹਨਾਂ ਚੱਕਰਾਂ ਚ।
ਮੇਰੇ ਪਿੰਡ ਦੀਆਂ ਕੁੜੀਆਂ ਦੀ
ਖੁਸੀ ਦੱਬੀ ਗਈ ਫਿਕਰਾਂ ਚ

**ਗੁਰਪਿੰਦਰ ਆਦੀਵਾਲ ਸ਼ੇਖਪੁਰਾ**
ਮੋ 7657902005

## ਸੁਪਨਿਆਂ ਦਾ ਸਾਥੀ

ਅੱਖਾਂ ਵਿਚ ਬੰਦ ਤੇਰੇ ਸੁਪਨੇ
ਨੀਂਦ ਕਦ ਆਉਂਦੀ ਹੈ
ਅੱਖਾਂ ਖੋਲ੍ਹਾਂ ਵੀ ਤਾਂ ਕਿਵੇਂ ਖੋਲ੍ਹਾਂ
ਤੈਥੋਂ ਵਿਛੜਣ ਜਿਹੀ ਟੀਸ ਪੈਂਦੀ ਏ
ਪਤਾ ਨਹੀਂ ਤੈਨੂੰ ਕਦੇ
ਯਾਦ ਵੀ ਮੇਰੀ ਆਉਂਦੀ ਹੈ
ਇਕ ਪਲ ਵੀ ਨਾ ਭੁਲ ਪਾਵਾਂ
ਮੇਰੇ ਚੱਲਦੇ ਸਾਹਾਂ ਦੀ ਤੂ ਡੋਰੀ ਏ
ਸਾਂਭ ਲਵਾਂ ਤੈਨੂੰ ਸੁਪਨਿਆਂ ਵਿਚ ਹੀ
ਅਸਲ ਕਦ ਰੂਹ ਦੀ ਹੋਈ ਏ
ਇਤਫ਼ਾਕ ਬਣ ਜ਼ਿੰਦਗੀ ਦੀ
ਜਿਵੇਂ ਇਕ ਕੜੀ ਹੋਈ ਏ
"ਪ੍ਰੀਤ" ਜਾਣੇ ਜਾਂ ਜਾਣੇ ਕਲਮ
ਕਿਵੇਂ ਲਫਜ਼ਾਂ ਵਿਚ ਪਰੋਈ ਏ
ਯਾਦ ਤੇਰੀ ਦੀ ਹਰ ਕਹਾਣੀ
ਪੰਨਿਆਂ ਤੇ ਛਾਪ ਪਈ ਛੱਡੇ
ਕਮਜ਼ੋਰ ਜਿਹੀ ਤੇਰੀ ਅਲਵਿਦਾ
ਮੁਕਦੇ ਸਾਹ ਤੱਕ ਸਾਥ ਨਾ ਛੱਡੇ

**ਪ੍ਰੀਤ ਰਾਮਗੜ੍ਹੀਆ**
**ਮੋਬਾਇਲ :**
+918427174139

## ਦੇਸ਼ ਦਾ ਵਾਸੀ ਹਾਂ

ਜਿਥੇ ਵੋਟਾਂ ਪੈਂਦੀਆਂ ਨੋਟਾਂ ਨੂੰ,
ਜਿਥੇ ਹੋਣ ਸਲਾਮਾਂ ×ਖੋਟਾਂ× ਨੂੰ,
ਜਿਥੇ ਸਿਆਸੀ ਰੰਗ ਮਿਲਦਾ ਚੋਟਾਂ ਨੂੰ,
×ਸਨੀ× ਮਾਵਾਂ ਵੇਚਣ ×ਪੁੱਤਾਂ× ਨੂੰ..!
ਮੈਂ ਉਸ ਦੇਸ਼ ਦਾ ਵਾਸੀ ਹਾਂ...
ਜਿਥੇ ਦੁੱਧ ਚੜ੍ਹਦਾ ਹੈ ×ਬੁੱਤਾਂ× ਨੂੰ.!!

ਨਿੱਤ ਜ਼ਹਿਰ ਪੀਵੇਂ ×ਕਿਸਾਨ× ਇਥੇ,
×ਮੁੱਲ× ਮਿਲ ਜਾਂਦੇ ਭਗਵਾਨ ਇਥੇ,
ਪਾਉ ×ਗੋਲਕਾਂ× ਦੇ ਮੂੰਹ ਦਾਨ ਇਥੇ,
ਸੱਚ ਬੋਲਣਾ ਹੋਵੇ ਪਾਪ ਜਿਥੇ.!!
×ਸਨੀ× ਓਸ ਦੇਸ਼ ਦਾ ਵਾਸੀ ਹਾਂ...
ਹਾਕਮ ਹੈ ਅੰਗੂਠਾ ×ਛਾਪ× ਜਿਥੇ.!!

ਜਿਥੇ ਫਾਂਸੀ ਹੋਵੇ ×ਗਾਵਾਂ× ਲਈ,
ਨਾ ×ਧੀਆਂ× ਲ ?ਿ ਨਾ ਮਾਵਾਂ ਲਈ,
ਨਾ ×ਰੇਪ× ਦੀਆਂ ਘਟਨਾਵਾਂ ਲਈ,
×ਸਨੀ× ਚੁੱਪ ਚੁਪੀਤੇ ਲਾ ਅੱਗਾਂ
ਰਾਖ ਵੀ ਪੂੰਝੀ ਜਾਂਦੀ ਹੈ...!!
ਮੈਂ ਉਸ ਦੇਸ਼ ਦਾ ਵਾਸੀ ਹਾਂ
ਜਿਥੇ ×ਕੰਜਕ× ਪੂਜੀ ਜਾਂਦੀ ਹੈ.!!

**ਸਨੀ ਵਰਮਾ**
+916239815585

## ਸੱਚੀਆਂ ਤੇ ਖਰੀਆਂ ਖਰੀਆਂ ਗੱਲਾਂ

ਦਿੱਤੀਆਂ ਹੱਥਾਂ ਦੇ ਨਾਲ ਰੰਢਾਂ ਨੇ ਜੋ ਜੱਗ ਉੱਤੇ
ਪੈਂਦੀਆਂ ਦੰਦਾਂ ਦੇ ਨਾਲ ਕਹਿਣ ਸਿਆਣੇ ਖੋਲਣੀਆ।
ਖੂਹ ਦੇ ਵਿੱਚ ਆਵਾਜ਼ ਜਿਹੋ ਜਿਹੀ ਦੇ ਦਿੱਤੀ
ਵਾਪਸ ਓਹੀ ਕੰਨਾਂ ਦੇ ਵਿੱਚ ਬੋਲਣੀਆ।
ਮੱਛੀ ਮੁੜਦੀ ਕਹਿੰਦੇ ਚੱਟ ਕੇ ਪੱਥਰਾਂ ਨੂੰ
ਰੁੰਮ ਗਏ ਮੋਤੀਆਂ ਬਾਦ ਕੀ ਮਿੱਟੀਆਂ ਫੋਲਣੀਆਂ।
ਕੀ ਫਾਇਦਾ ਏ ਲੰਘੇ ਸੱਪ ਤੋਂ ਲੀਕਾਂ ਕੁੱਟਣ ਦਾ
ਲੰਘੇ ਵੱਤਰ ਬਾਦ ਕੀ ਪੈਲੀਆ ਫੋਲਣੀਆਂ।
ਰੰਬਾ ਤੇ ਪੁੱਤ ਚੰਡਿਆ ਹੀ ਕੰਮ ਆਉਂਦਾ ਏ
ਸਮੇਂ ਨਾਲ ਹੀ ਧੀ ਨੂੰ ਗੱਲਾਂ ਬੋਲਣੀਆਂ।
ਦੁੱਧ ਪੁੱਤ ਦੇ ਵਿਗੜਦਿਆਂ ਦੇਰ ਨ ਲੱਗਦੀ ਏ
ਦੇਣਾ ਪੈਂਦਾ ਲੇਖਾ ਘੱਟ ਜੋ ਤੋਲਣੀਆਂ।
ਆਪਣੇ ਬਾਪੂ ਤਾਈਂ ਜੋ ਜੋ ਬੋਲਿਆ ਤੂੰ
ਸਹਿਣੀਆਂ ਪੈਣੀਆਂ ਤੈਨੂੰ ਵੀ ਓਹ ਬੋਲਣੀਆ।
ਪਾਣੀ ਬਾਝੋਂ ਤਰਸ ਮਰ ਗਏ ਮਾਪੇ ਜੇ
ਫਾਇਦਾ ਕੋਈ ਨ ਦਾਨ ਚ ਦਿੱਤੀਆਂ ਡੋਲਣੀਆਂ।
ਦਾਨ ਪੁੰਨ ਵੀ ਆਪਣਾ ਦਿੱਤਾ ਲੱਗਦਾ ਏ
ਬਾਬੇ ਨਾਨਕ ਨੇ ਤਾਂ ਤੇਰਾਂ ਤੇਰਾਂ ਤੋਲਣੀਆਂ।
ਸੱਚੀਆਂ ਗੱਲਾਂ ਲੱਗਦੀਆਂ ਮਿਰਚਾਂ ਵਾਂਗਰ ਏ
ਪਰ ਰੱਬੀਏ ਨੇ ਤਾਂ ਖਰੀਆਂ ਖਰੀਆਂ
ਬੋਲਣੀਆ।

**( ਹਰਵਿੰਦਰ ਸਿੰਘ ਰੱਬੀਆ**
**9464479469)**

# ਉਤਮ ਕਲਾ ਤੋਂ ਢਿਹਦੀ ਕਲਾ ਵੱਲ ਪੰਜਾਬੀ ਗਾਇਕੀ



ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
ਮੋ 78374 90309

ਸੰਗੀਤ ਮਨੁੱਖ ਦੀ ਮਹਾਨ ਖੋਜ ਤੇ ਉਤਮ ਕਲਾ ਹੈ ।ਇਹ ਜਿੰਦਗੀ ਦੇ ਸਭ ਰੰਗਾ (ਖੁਸ਼ੀ,ਵਿਛੋੜਾ,ਰੂਹਾਨੀ,ਵੈਰਾਗ,ਪ੍ਰੇਮ,ਦੁੱਖਾ ਦੇ ਭਾਂਵ ) ਨੂੰ ਸੁਰਾ ਦੇ ਆਲਾਪ ਨਾਲ ਰੂਹੀ ਅਨੰਦ ਬਖਸਦਾ ਹੈ । ਸੰਗੀਤ ਸਿਧਾਂਤਕਾਰ ਇਸ ਨੂੰ ਮਨੁੱਖੀ ਜੀਵਨ ਦਾ ਅਹਿਮ ਹਿੱਸਾ ਮੰਨਦੇ ਹਨ ।ਇਕ ਸੁਰਬੰਧ ਤੇ ਸਹਿਜ ਭਰਿਆ ਸੰਗੀਤ ਦਿਮਾਗੀ ਬੋਝ ਹਲਕਾ ਕਰਦਾ ਹੈ । ਇਸ ਰਾਹੀ ਅਸੀ ਆਪਣੀ ਮਨੋ ਭਾਵਨਾ ਨੂੰ ਬਿਨਾ ਬੋਲੇ ਉਜਾਗਰ ਕਰ ਸਕਦੇ ਹਾ । ਮਨੋਵਿਗਿਆਨੀਆ ਅਨੁਸਾਰ ਕੋਈ ਵੀ ਚੰਗੇ ਮਾੜੇ ਸਬਦ ਨੂੰ ਵਾਰ ਵਾਰ ਸੁਣਨ ਨਾਲ ਦਿਮਾਗੀ ਤਰੰਗਾ ਦਾ ਝੁਕਾਉ ਉਸ ਪਾਸੇ ਜਾਦਾ ਹੈ । ਅਜਿਹਾ ਪ੍ਰਭਾਵ ਬੱਚੇ ਤੇ ਨੌਜਵਾਨ ਜਲਦੀ ਕਬੂਲਦੇ ਹਨ । ਇਸੇ ਲਈ ਸੰਗੀਤ ਨਾਲ ਜੁੜਿਆ ਹਰ ਗਾਇਕ ,ਗੀਤਕਾਰ, ਸਾਜੀ ,ਕੰਪਨੀ ਤੇ ਸਰੋਤੇ ਸਭ ਮਹੱਤਵਪੂਰਨ ਹਨ । ਜਿਹੜੇ ਦੁਨੀਆ ਵਿੱਚ ਆਪਣੇ ਸੱਭਿਆਚਾਰ ਜਾ ਕਲਾ ਨੂੰ ਪ੍ਰਫੁੱਲਤ ਕਰਦੇ ਹਨ । ਪਰ ਮੌਜੂਦਾ ਦੌਰ ਦਾ ਪੰਜਾਬੀ ਸੰਗੀਤ ਸਾਂਝ ,ਸਕੂੰਨ ਤੇ ਸੱਭਿਆਚਾਰ ਦੀ ਕਸਵੱਟੀ ਤੇ ਖਰਾ ਨਹੀ ਉਤਰ ਰਿਹਾ ।

ਡਿਜੀਟਲ ਦੁਨੀਆ ਤੇ ਦੋਲਤ ਦੀ ਦੌੜ ਨੇ ਇਸਦੇ ਮਕਸਦ ਬਦਲ ਦਿੱਤੇ । ਉਹ ਵੀ ਸਮਾ ਸੀ ਜਦੋ ਅਵਾਜ ਤੋ ਗਾਇਕ ਦੀ ਪਹਿਚਾਣ ਹੁੰਦੀ ਸੀ । ਉਹਨਾ ਦੇ ਗਾਣਿਆ ਨੂੰ ਸੁਣਨ ਲੋਕ ਮੀਲਾ ਦਾ ਪੈਂਡਾ ਪੈਦਲ ਹੀ ਤੈਅ ਕਰ ਲੈਦੇ ਸਨ । ਰੰਗ ਬਰੰਗੀ ਕਨਾਤਾ ,ਝੰਡੀਆ ਤੇ ਛਾਇਆਮਾਨ ਹੇਠ ਘੜੇ, ਚਿਮਟਾ, ਢੋਲਕੀ ਤੇ ਹਰਮੋਨੀਅਮ ਨਾਲ ਸਟੇਜ ਸਜਾਈ ਜਾਦੀ । ਆਸਾ ਸਿੰਘ ਮਸਤਾਨਾ ਵਰਗੇ ਸੁਰੀਲੇ ਗਾਇਕ

**“ਬੱਲੇ ਨੀ ਪੰਜਾਬ ਦੀਏ ਸੇਰ ਬੱਚੀਏ
ਚਰਖੀ ਦੇ ਸ਼ੌਕ ਕੱਤ ਲਈਆ ਪੂਣੀਆ “**

ਦੇ ਬੋਲਾ ਰਾਹੀ ਪੰਜਾਬੀ ਮੁਟਿਆਰ ਦੀ ਮੇਹਨਤ ,ਸੀਰਤ ਤੇ ਰਿਸਤੇ ਨਿਭਾਉਣ ਵਾਲੇ ਸੰਸਕਾਰਾ ਦੀ ਹਾਮੀ ਭਰਦੇ । ਪੁਰਾਣੇ ਵੇਲੇ ਦੇ ਗਇਕਾ ਦੇ ਸਾਦ-ਮੁਰਾਦੇ ਪਹਿਰਾਵੇ ਤੇ ਗਾਏ ਗੀਤ ਲੋਕੀ ਅੱਜ ਵੀ ਚੇਤੇ ਕਰਦੇ ਹਨ ।ਇਹ ਗੀਤ ਸੁਣਨ ਲੱਗਿਆ ਅਕਾਊ ਨਹੀ ਸਗੋ ਦਿਲ ਨੂੰ ਛੂਹਦੇ ਹਨ । ਅਜੋਕੀ ਪੀੜੀ ਦੇ ਸਿੰਗਰਾ ਵਾਗ ਦਿਖਾਵੇ ਲਈ ਸਾਜੀਆ ਦੀ ਡਾਰ ਨਹੀ ਸੀ ਹੁੰਦੀ । ਸਗੋ ਰਿਆਜ ਕਰ ਸੋਧੀ ਅਵਾਜ ਨਾਲ ਰਸੀਲੇ ਤੇ ਮਨੋਰੰਜਨਦਾਇਕ ਅਖਾੜੇ ਲਾਉਦੇ ਸਨ । ਸੀ.ਡੀ ਦੇ ਗਾਣੇ ਚਲਾ ਕੇ ਸੋਅ ਲਾਉਣੇ ਨਵਯੁੱਗ ਤੇ ਮੌਸਮੀ ਗਾਇਕਾ ਦੀ ਖੋਜ ਹੈ । ਲਾਲ ਚੰਦ ਯਮਲਾ ਤੂੰਬੀ ਨੂੰ ਸਾਜ ਵਜੋ ਮਾਨਤਾ ਦਵਾਉਣ ਵਾਲਾ ਗਇਕ ਸੀ । ਜੋ ਆਪਣੇ ਅਖਾੜੇ ਵਿੱਚ ਤੂੰਬੀ ਤੇ ਗਉਣ ਨਾਲ ਹੀ ਸਰੋਤਿਆ ਨੂੰ ਬੰਨੀ ਰੱਖਦਾ ਸੀ । ਲੋਈ ਦੀ ਬੁੱਕਲ ਮਾਰ ਤੂੰਬੀ ਦੀ ਤੁਣਕ-ਤੁਣਕ ਨਾਲ

**“ ਤੇਰੇ ਹੀ ਕਰਾਰਾ ਮੈਨੂੰ ਪੱਟਿਆ
ਜਾ ਤੂੰ ਮੇਰੀ ਮੈ ਤੇਰਾ ਭੁਲ ਨਾ ਜਾਵੀ ਵੇਂ“**

ਵਰਗੇ ਗੀਤਾ ਦੀ ਝੜੀ ਦਿੰਦਾ । ਅਜਿਹੇ ਸੰਗੀਤਮਈ ਰੰਗ ਵਿੱਚ ਰੰਗੇ ਲੋਕੀ ਘਰ ਜਾਣਾ ਦੂਰ ਤੇ ਧੁੱਪਾ ਛਾਂਵਾ ਵੀ ਭੁੱਲ ਜਾਦੇ ਪੰਜਾਬੀ ਗਾਇਕੀ ਨੂੰ ਸੰਗੀਤ ਪ੍ਰੇਮੀ ਰੀਝ ਨਾਲ ਸੁਣਦੇ ਸਨ । ਉਂਜ ਸਾਇਦ ਹੀ ਕੋਈ ਦੂਜੀ ਖੇਤਰੀ ਭਾਸਾ ਜਾ ਰਾਜ ਹੋਵੇ । ਜਿਸ ਦੇ ਗਇਕ ਭਾਰਤ ਤੇ ਵਿਦੇਸਾ ਵਿੱਚ ਲਗਾਤਾਰ 7-8 ਦਹਾਕਿਆ ਤੋ ਅਖਾੜੇ ਲਾਉਦੇ ਹੋਵਣ । 70ਵਿਆ ਤੋ ਬਾਅਦ ਕੁਲਦੀਪ ਮਾਣਕ ,ਸੁਰਿੰਦਰ ਛਿੰਦਾ ,ਅਮਰ ਚਮਕੀਲਾ ਤੇ ਸਦੀਕ ਵਰਗੇ ਗਇਕਾ ਦਾ ਸੁਨਹਿਰੀ ਯੁੱਗ ਸੀ ।ਜਿਹੜੇ ਪਹਿਲੀ ਕਤਾਰ ਦੇ ਗਵਾਈਏ ਸਨ । ਜਿਹਨਾ ਨੂੰ ਲੋਕਾ ਨੇ ਖੂਬ ਸੁਣਿਆ ਤੇ ਸਲਾਹਿਆ । ਪਰ ਉਸ ਸਮੇ ਦੂਹਰੀ ਸਬਦਾਬਲੀ ਨੂੰ ਲੋਕੀ ਨਕਾਰਦੇ ਵੀ ਸੀ । ਇਸੇ ਲਈ ਕੁਝ ਗਾਇਕ ਦੇ ਗੀਤ ਟਰੱਕਾ ,ਮੋਟਰਾ,ਟ੍ਰੈਕਟਰਾ ਜਾ ਛੜਿਆ ਦੀਆ ਢਾਣੀਆ ਤੱਕ ਸੀਮਤ ਰਹੇ । ਇਹ ਜੁਅਰਤ ਅੱਜ ਦੇ ਸਰੋਤਿਆ ਵਿੱਚ ਘੱਟ ਹੈ । ਗਾਇਕਾ ਨੇ ਪੰਜਾਬੀਅਤ ਨਾਲ ਜੁੜੇ ਜੁਝਾਰੂ ਯੋਧਿਆ ਦੀਆ ਵਾਰਾਂ, ਕਿੱਸੇ , ਤੇ ਲੋਕ ਕਥਾਵਾਂ ਨੂੰ ਦੁਨੀਆ ਵਿੱਚ ਵੀ ਪਹੁਚਾਇਆ । ਫਿਰ ਭਾਂਵੇ ਉਹ ਸੁਰਿੰਦਰ ਛਿੰਦੇ ਦਾ ਗਾਇਆ ਦੁੱਲਾ ਭੱਟੀ ਜਾ ਲੰਮੀ ਹੇਕ ਨਾਲ ਮਾਣਕ ਦੀਆ ਗਾਈਆ ਕਲੀਆ ਜਾ ਬਾਬਾ ਬੰਦਾ ਸਿੰਘ ਬਹਾਦੁਰ ਦੀ ਵਾਰ

**“ਲੈ ਕੇ ਕਲਗੀਧਰ ਤੋ ਥਾਪੜਾ
ਦਿੱਤਾ ਚਰਨੀ ਸੀਸ ਨਿਵਾ “**

ਹੋਵੇ । ਇਹ ਅੱਜ ਵੀ ਸੁਣਨਾ ਪਸੰਦ ਕਰਦੇ ਹਨ । ਅਜਿਹਾ ਸੰਗੀਤ ਸਦੀਵੀ ਸਾਂਝ ਦੇ ਪ੍ਰਤੀਕ ਹੋ ਨਿਬੜਿਆ ।

ਉਸ ਦੌਰ ਦੀਆ ਗਾਇਕਾਵਾ ਨੇ ਆਪਣੇ ਚੋਖਾ ਯੋਗਦਾਨ ਪਾਇਆ । ਅੱਜ ਵੀ ਪ੍ਰਕਾਸ ਕੌਰ,ਸੁਰਿੰਦਰ ਕੌਰ,ਨਰਿੰਦਰ ਬੀਬਾ ਤੇ ਡੋਲ਼ੀ ਗਲੇਰੀਆ ਦੇ ਗੀਤ ਵਿਆਹ ਮੌਕੇ ਗੂ ਜਦੇ ਹਨ । ਜਿਨਾ ਵਿੱਚ ਦਿਉਰ,ਭਾਬੀਆ ,ਭੈਣਾ ਜਾ ਮਾਵਾਂ ਤੇ ਧੀਆ ਦੇ ਦੁੱਖ ਸੁੱਖ ਦੀਆ ਬਾਤ ਪਾਉਦੇ ਗੀਤ ਸਮਿਲ ਹਨ। ਵਿਹੜੇ ਦੀ ਰੌਣਕ ਧੀ ਦੇ ਵਿਆਹ ਦੀ ਵਿਦਾਇਗੀ ਸਮੇ ਦਾ ਨਰਿੰਦਰ ਬੀਬਾ ਨੇ ਆਪਣੇ ਗੀਤ

“ ਆਹ ਲੈ ਮਾਏ ਸਾਭ ਕੁੰਜੀਆ ,
ਧੀਆ ਕਰ ਚੱਲੀਆ ਸਰਦਾਰੀ “

ਅਤੇ ਪ੍ਰਕਾਸ ਕੌਰ ਨੇ “ਮਾਵਾਂ ਤੇ ਧੀਆ ਰਲ ਬੈਠੀਆ ਨੀ ਮਾਏ “ ਵਿੱਚ ਨਿੱਘੇ ਰਿਸਤਿਆ ਦਾ ਬਖੂਬੀ ਦ੍ਰਿਸ ਚਿਤਰਿਆ ਹੈ । ਹੁਣ ਤਾ ਹੋਛੀ ਗੀਤਕਾਰੀ ਨੂੰ ਫੈਲਾਉਣ ਵਿੱਚ ਨਵੀਆ ਗਾਇਕਾਵਾ ਵੀ ਚੜਦੀ ਉਮਰੇ ਪਟਾਕੇ ਪਾਉਣ ਜਾ ਅੱਠ ਪਰਚਿਆ ਦੀ ਗਿਣਤੀ ਵਿੱਚ ਉਲਝਕੇ ਰਿਹ ਗਈਆ ਹਨ ।

90ਵੇਂ ਤੋ ਬਾਅਦ ਪੰਜਾਬੀ ਸੰਗੀਤ ਦਾ ਮੁੰਬਈ ਫਿਲਮ ਇੰਡਸਟਰੀ ਵਿੱਚ ਵੀ ਖੂਬ ਬੋਲ ਬੋਲਾ ਰਿਹਾ । ਸੁਖਵਿੰਦਰ ਸੁੱਖੀ ,ਦਲੇਰ ਮਹਿੰਦੀ, ਗੁਰਦਾਸ ਮਾਨ ,ਹੰਸ ਰਾਜ ,ਸਰਦੂਲ ਸਿਕੰਦਰ ,ਜਸਵੀਰ ਜੱਸੀ ਨੇ ਵੀ ਹਿੰਦੀ ਫਿਲਮਾ ਵਿਚ ਚੰਗਾ ਜਸ ਖੱਟਿਆ । ਹਿੰਦੀ ਫਿਲਮਸਾਜ ਪੰਜਾਬੀ ਗਾਣਾ ਫਿਲਮ ਵਿਚ ਪਾਉਣਾ ਜਰੂਰੀ ਸਮਝਣ ਲੱਗੇ । ਅੱਜ ਵੀ ਦਲਜੀਤ ਦੁਸਾਝ ,ਜੱਸੀ ਗਿੱਲ ਤੇ ਕੁਝ ਹੋਰ ਪੰਜਾਬੀ ਗਇਕ ਵੀ ਚੰਗਾ ਕੰਮ ਕਰ ਰਹੇ ਹਨ । ਪਰ ਪੰਜਾਬੀ ਗਾਉਣ ਵੇਲੇ ਤਾ ਮਹਿੰਗੀਆ ਕਾਰਾ ,ਨਸੇ ,ਗੈਗਵਾਰ ਤੇ ਹਥਿਆਰ ਹੀ ਨਜਰ ਆਉਦੇ ਹਨ । ਜਿਸ ਨੂੰ ਰੋਕਣ ਲਈ ਅਦਾਲਤਾ ਦਾ ਸਹਾਰਾ ਲੈਣਾ ਪੈ ਰਿਹਾ ਹੈ । ਉਂਜ ਗੁਰਦਾਸ ਮਾਨ ਦੇ ਗਾਏ “ਘੱਗਰੇ ਵੀ ਗਏ “ ਤੇ “ ਮਾਣਕ ਹੱਦ ਮੁਕਾ ਗਿਆ ਨਵੀਆ ਕਲੀਆ ਦੀ “ ਗਾਣੇ ਬਾਕਿਆ ਹੀ ਕਲੀਆ ਤੇ ਰਵਾਇਤੀ ਪੁਸ਼ਕਾ ਦਾ ਅੰਤਿਮ ਦੌਰ ਹੋ ਗਿਆ । ਮਾਨ ਭਰਾਵਾ ਦੀ ਸਤਰੰਗੀ ਪੀਘ ਨੇ ਜਰੂਰ ਕੁਝ ਕਵੀਸਰੀ ਵਾਲੇ ਸੰਗੀਤਕ ਹੁਲਾਰੇ ਦਿੱਤੇ । ਫਿਰ ਕਾਲਜੀਏਟ ਲਾਈਫ,ਅੱਲੜ ਉਮਰੇ ਦੇ ਪ੍ਰੇਮ ਤੇ ਵਿਆਹ ਦੇ ਵਿਛੋੜੇ ਵਾਲੇ ਗੀਤਾ ਨੇ ਵੀ ਕਈਆ ਨੂੰ ਸਟਾਰ ਬਣਾਇਆ । ਜੋ ਮਨੋਰੰਜਨ ਤੱਕ ਹੀ ਸੀਮਤ ਰਹੇ । ਪਰ ਲੋਕਾ ਦੇ ਦਿਲ ਵਿੱਚ ਨਾ ਵਸ ਸਕੇ । ਵਿਰਸੇ ਦੇ ਮੁਰੀਦ ਗਾਇਕ ਪੰਮੀ ਬਾਈ,ਵਾਰਿਸ ਭਰਾ ,ਹਰਭਜਨ ਮਾਨ ,ਸਰਭਜੀਤ ਚੀਮਾ,ਬਿੰਦਰੱਖੀਆ, ਮਲਕੀਤ, ਸੁਰਜੀਤ ਖਾਨ ਨੇ ਨਿਰੋਈ ਗਾਇਕੀ ਦੀ ਪੱਲਾ ਨਹੀ ਛੱਡਿਆ । ਜਿੰਨਾ ਗਾਇਕੀ ਦੇ ਜੰਕਸਨ ਤੇ ਪੰਜਾਬੀ ਬੋਲੀ,ਪਹਿਰਾਵਾ ,ਗਿੱਧਾ ,ਭੰਗੜੇ ਵਰਗੇ ਵਿਰਸੇ ਦੇ ਪਹਿਲੂਆ ਨੂੰ ਦੁਨੀਆ ਵਿੱਚ ਪਹੁਚਾਇਆ ।

ਪਿਛਲੇ ਦਹਾਕੇ ਤੋ ਪੰਜਾਬੀ ਗਾਇਕੀ ਤੇ ਗੀਤਕਾਰੀ ਵਿੱਚ ਆਈ ਗਿਰਾਵਟ ਨਾਲ ਪੰਜਾਬੀਅਤ ਦਾ ਚਿਹਰਾ ਵੀ ਧੁੰਦਲਾ ਹੋਇਆ । ਬਾਕੀ ਕਸਰ ਸ਼ੋਰ ਨੁਮਾ ਸੰਗੀਤ ਤੇ ਅੰਗਰੇਜੀ ਰੈਂਪ ਨੇ ਕੱਢ ਦਿੱਤੀ । ਗਾਣਿਆ ਵਿੱਚ ਮਹਿੰਗੀਆ ਗੱਡੀਆ ਦੇ ਨਾਲ ਔਰਤ ਮਾਡਲ ਨੂੰ ਨੁਮਾਇਸ ਦੀ ਵਸਤੂ ਵਾਂਗ ਪੇਸ ਕੀਤਾ ਜਾਣ ਲੱਗਾ । ਗੀਤ ਦੇ ਫਿਲਮਾਕਣ ਵਿੱਚ ਹਥਿਆਰ ਤੇ ਨਸ਼ੇ ਗਾਇਕ ਨਾਲੋ ਵੱਧ ਸਮੇ ਦਿਖਾਈ ਦਿੰਦੇ ਹਨ । ਗੀਤਕਾਰੀ ਅਸਲੀਅਤ ਤੋ ਕੋਹਾ ਦੂਰ ਹੈ । ਕਰਜੇ ਤੇ ਖੇਤੀ ਮੰਦਹਾਲੀ ਕਾਰਨ ਕਿਸਾਨ ਜਮੀਨਹੀਣ ਹੋ ਰਹੇ ਹਨ । ਗੀਤਕਾਰ ਉਹਨਾ ਨੂੰ ਦੇਸੀ ਬਾਣੇ ਪਹਿਨਾ ਕਲੱਬਾ, ਲਗਜਰੀ ਗੱਡੀਆ ਤੇ ਗੈਂਗਸਟਰ ਬਣਾਕੇ ਦਿਖਾਉਣ ਵਿੱਚ ਮਸਰੂਫ ਹੈ । ਬੇਰੁਜਗਾਰੀ ਦੇ ਝੰਬੇ ਨੌਜਵਾਨ ਇਸਨੂੰ ਸਸਤੀ ਸੋਹਰਤ ਤੇ ਘੱਟ ਮੇਹਨਤ ਦਾ ਕੰਮ ਸਮਝ ਲੱਗੇ ਹੋਏ । “ਲਿਖਣ ਤੋ ਪਹਿਲਾ ਪੜਨਾ (ਘੋਖਣਾ) , ਗਾਉਣ ਤੋ ਪਹਿਲਾ ਸਮਝਣਾ“ ਵਰਗੇ ਸਹਾਈ ਤੱਥ ਬੀਤੇ ਦੀਆ ਗੱਲਾ ਰਹਿ ਗਈਆ । ਕਲਾਕਾਰਾ ਨੂੰ ਲੋਕਾ ਦੀ ਆਵਾਜ ਆਖਦੇ ਹਨ । ਜਿਸ ਵਿੱਚ ਆਪਣੀ ਲੋਕਾਈ ਦੀਆ ਖੁਸੀਆ,ਗਮੀਆ ਤੇ ਸਮਾਜਿਕ ਸਾਰੋਕਾਰ ਦਾ ਤਰਜਮਾ ਕਰਦੇ ਹਨ । ਸਭਿਆਚਾਰ ਸਮਾਜ ਦਾ ਸੀਸਾ ਹੁੰਦਾ ਹੈ । ਕੀ ਅਸੀ ਆਪਣੇ ਬੱਚਿਆ ਲਈ ਅਜਿਹਾ ਸ਼ੱਭਿਆਚਾਰ ਛੱਡ ਕੇ ਜਾਵੇਗੇ । ਜੋ ਉਹਨਾ ਨੂੰ ਟੋਚਨਾ, ਨਸ਼ੇ ਤੇ ਹਥਿਆਰਾ ਦੇ ਸ਼ੌਕ ਬਾਰੇ ਦੱਸੇਗਾ । ਜਿਹੜੀ ਧਰਤੀ ਗੁਰੂਆ,ਪੀਰੀ .ਉਧਮ ਸਿੰਘ ਤੇ ਭਗਤ ਸਿੰਘ ਵਰਗਿਆ ਯੋਧਿਆ ਦੀ ਹੈ । ਲੋਕ ਪੰਜਾਬੀ ਹੋਣ ਦਾ ਮਾਣ ਕਰਦੇ ਹਨ । ਪਰ ਗਾਇਕੀ ਪ੍ਰਦੂਸਣ ਦੇ ਕਾਰਨ ਇਸਦਾ ਉਲਟਾ ਪ੍ਰਭਾਵ ਪੈ ਰਿਹਾ ਹੈ । ਇਸ ਡੰਗ ਟਪਾਊ ਤੇ ਘੱਟ ਉਮਰੀ ਗਾਇਕੀ ਤੋ ਕਿਨਾਰਾ ਕਰਨਾ ਜਰੂਰੀ ਹੈ । ਸਤਿੰਦਰ ਸਰਤਾਜ,ਪ੍ਰਭ ਗਿੱਲ ਤੇ ਉਹਨਾ ਗਾਇਕਾ ਤੇ ਗੀਤਕਾਰਾ ਨੂੰ ਸਜਦਾ ਹੈ ਜੋ ਸਮਾਜਿਕ ਮਰਿਆਦਾ ਵਿਚ ਰਿਹ ਕੇ ਆਪਣੀ ਅਵਾਜ ਬੁਲੰਦ ਕਰ ਰਹੇ ਹਨ । ਆਉ ਸਭ ਮਿਲਕੇ ਦੁਵਾਰਾ ਗਾਇਕੀ ਦੇ ਸੁਨਹਿਰੀ ਯੁੱਗ ਲਈ ਹੰਬਲਾ ਮਾਰੀਏ । ਦੋਲਤ ਦੇ ਅੰਬਾਰ ਵਿੱਚ ਗੁਵਾਚੀ ਗਇਕੀ ਮੁੜ ਪੰਜਾਬੀਆ ਦੀ ਆਨ,ਬਾਨ ਤੇ ਸਾਨ ਬਹਾਲ ਕਰ ਸਕੇ । ਕੀ ਗਾਇਕੀ ਦੇ ਬਾਬਾ ਬੋਹੜ ਗੁਰਦਾਸ ਮਾਨ ਆਪਣਿਆ ਨੂੰ ਸਮਝਾਉਣ ਲਈ

**“ ਪੰਜਾਬੀਏ ਜੁਬਾਨੇ ਨੀ ਰੁਕਾਨੇ ਮੇਰੇ ਦੇਸ ਦੀਏ,
ਫਿੱਕੀ ਪੈਅ ਗੀ ਚਿਹਰੇ ਦੀ
ਨੁਹਾਰ “**

ਵਰਗੇ ਨਸੀਹਤ ਨੁਮਾ ਗੀਤ ਦੁਵਾਰਾ ਰਚਣ ਦੀ ਲੋੜ ਪਵੇਗੀ ?

# ਕਿੰਨੇ ਕੁ ਕਾਰਗਰ ਹਨ ਨਵੇਂ ਪ੍ਰਦੂਸ਼ਣ ਕੰਟਰੋਲ ਕਾਨੂੰਨ



ਪ੍ਰਦੂਸ਼ਣ ਮੌਜੂਦਾ ਸਮੇਂ ਦੀ ਇੱਕ ਬਹੁਤ ਵੱਡੀ ਸਮੱਸਿਆ ਬਣ ਚੁਕਿਆ ਹੈ। ਪ੍ਰਦੂਸ਼ਣ ਦੀਆਂ ਵੱਖ ਵੱਖ ਕਿਸਮਾਂ ਵਿੱਚੋਂ ਹਵਾ ਪ੍ਰਦੂਸ਼ਣ ਸਭ ਤੋਂ ਵੱਧ ਘਾਤਕ ਸਾਬਿਤ ਹੋ ਰਿਹਾ ਹੈ। ਮੌਜੂਦਾ ਦਿਨਾਂ ਵਿੱਚ ਦਿੱਲੀ ਐੱਨ ਸੀ ਆਰ ਵਿੱਚ ਹਵਾ ਪ੍ਰਦੂਸ਼ਣ ਦਾ ਪੱਧਰ ਏਨਾ ਜਿਆਦਾ ਵੱਧ ਗਿਆ ਹੈ ਕਿ, ਹਰ ਪ੍ਰਾਣੀ ਮਾਤਰ ਦਾ ਹਵਾ ਵਿੱਚ ਸਾਹ ਲੈਣਾ ਮੁਸ਼ਕਿਲ ਹੋ ਚੁੱਕਾ ਹੈ। ਸਿੱਧੇ ਅਸਿੱਧੇ ਤੌਰ ਤੇ ਕੇਂਦਰ ਸਰਕਾਰ ਇਸ ਵੱਧ ਰਹੇ ਪ੍ਰਦੂਸ਼ਣ ਦਾ ਕਾਰਣ ਕਿਸਾਨਾਂ ਦੁਆਰਾ ਪਰਾਲੀ ਨੂੰ ਲਗਾਈਆਂ ਜਾ ਰਹੀਆਂ ਅੱਗਾ ਨੂੰ ਮੰਨ ਰਹੀ ਹੈ। ਇਸੇ ਅਲਾਮਤ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ ਇੱਕ ਵਾਰ ਫਿਰ ਤੋਂ ਆਰਡੀਨੈਂਸ ਦੇ ਰੂਪ ਵਿੱਚ ਇੱਕ ਨਵਾਂ ਕਾਨੂੰਨ ਜਾਰੀ ਕੀਤਾ ਹੈ । ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ ਪੰਜ ਸਾਲ ਤੱਕ ਦੀ ਕੈਦ ਅਤੇ ਇੱਕ ਕਰੋੜ ਰੁਪਏ ਤੱਕ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਇਸ ਕਾਨੂੰਨ ਤਹਿਤ ਨਿਆਂ ਮੰਤਰਾਲੇ ਦੁਆਰਾ ਵਾਤਾਵਰਣ ਪ੍ਰਦੂਸ਼ਣ ਰੋਕ ਅਥਾਰਿਟੀ ਨੂੰ ਭੰਗ ਕਰਕੇ ਇਸ ਦੀ ਜਗ੍ਹਾ 20 ਮੈਂਬਰੀ ਕਮਿਸ਼ਨ ਗਠਿਤ ਕੀਤਾ ਗਿਆ ਹੈ। ਇਸ ਕਾਨੂੰਨ ਨੂੰ ਖਾਸ ਕਰ ਪੰਜਾਬ, ਹਰਿਆਣਾ, ਰਾਜਸਥਾਨ, ਯੂ ਪੀ, ਦਿੱਲੀ ਵਿੱਚ ਜਲਦ ਤੋਂ ਜਲਦ ਲਾਗੂ ਕਰਨ ਦੇ ਆਦੇਸ਼ ਜਾਰੀ ਹੋਏ ਹਨ। ਇਸ ਤੋਂ ਇਲਾਵਾ ਇਸ ਕਾਨੂੰਨ ਵਿੱਚ ਸਾਫ ਸਾਫ ਲਿਖਿਆ ਗਿਆ ਹੈ ਕਿ ਜਿੰਨਾ ਫੈਕਟਰੀਆਂ ਨਾਲ ਵਾਤਾਵਰਣ ਦੂਸ਼ਿਤ ਹੋਣ ਦਾ ਸ਼ੰਕਾ ਪੈਦਾ ਹੁੰਦਾ ਹੈ, ਉਹਨਾਂ ਫੈਕਟਰੀਆਂ ਨੂੰ ਬੰਦ ਕਰ ਦਿੱਤਾ ਜਾਵੇ।

ਇਸ ਸਾਰੀ ਖਬਰ ਨੂੰ ਬਹੁਤ ਗਹਿਰਾਈ ਨਾਲ ਵਿਚਾਰਨ ਤੋਂ ਬਾਅਦ ਮੈਂ ਇਸ ਨਤੀਜੇ ਤੇ ਪਹੁੰਚੀ ਅਤੇ ਸਭ ਤੋਂ ਪਹਿਲਾਂ ਇਹ ਸੋਚਿਆ ਕਿ ਕਾਨੂੰਨ ਤਾਂ ਭਾਰਤ ਵਿੱਚ ਹੋਰ ਵੀ ਬਹੁਤ ਸਾਰੇ ਬਣਾਏ ਹੋਏ ਹਨ ? ਪਰ ਕੀ ਇਕੱਲੇ ਕਾਨੂੰਨ ਬਣਾਉਣ ਨਾਲ ਕੋਈ ਹੱਲ ਨਿਕਲ ਸਕਦਾ ਹੈ। ਕਾਨੂੰਨ ਤਾਂ ਭਾਰਤ ਵਿੱਚ ਕਤਲ ਦੇ ਵੀ ਬਣੇ ਹੋਏ ਨੇ, ਬਲਾਤਕਾਰੀਆਂ ਲਈ ਵੀ ਬਣੇ ਹੋਏ ਹਨ ਪਰ ਕੀ ਉਹਨਾਂ ਕਾਨੂੰਨਾ ਤਹਿਤ ਕਿਸੇ ਨੂੰ ਸਜ਼ਾ ਮਿਲਦੀ ਹੈ ? ਭਾਰਤੀ ਸਿਸਟਮ ਦੀ ਇਹ ਕਮੀ ਰਹੀ ਹੈ ਕਿ ਇੱਥੇ ਲਿਖਤੀ ਰੂਪ ਵਿੱਚ ਕਾਪੀਆਂ ਜਿੰਨੀਆਂ ਮਰਜ਼ੀ ਕਾਲੀਆਂ ਕਰਵਾ ਲਵੋ, ਪਰ ਉਸ ਨੂੰ ਅਮਲੀ ਰੂਪ ਦੇਣ ਵਾਲਾ ਅਤੇ ਮੁਸ਼ਕਿਲ ਦਾ ਠੋਸ ਹੱਲ ਕੱਢਣ ਵਾਲਾ ਕੋਈ ਵੀ ਨਹੀ ਹੈ। ਜੇਕਰ ਕੇਂਦਰ ਸਰਕਾਰ ਨੂੰ ਲੱਗਦਾ ਹੈ ਕਿ ਖੇਤੀ ਪ੍ਰਧਾਨ ਸੂਬੇ ਜਿਵੇਂ ਕਿ ਪੰਜਾਬ, ਹਰਿਆਣਾ, ਯੂ ਪੀ ਆਦਿ ਕਾਰਣ ਦਿੱਲੀ ਵਿੱਚ ਪ੍ਰਦੂਸ਼ਣ ਵੱਧ ਰਿਹਾ ਹੈਂ ਤਾਂ, ਸਰਕਾਰ ਨੂੰ ਚੰਗੀ ਤਰ੍ਹਾਂ ਬਰੀਕੀ ਨਾਲ ਸੋਚ ਕੇ ਇਹ ਫੋਕੇ ਕਾਨੂੰਨ ਬਣਾਉਣ ਦੀ ਬਜਾਇ ਅਜਿਹੇ ਤਰੀਕਿਆਂ ਨੂੰ ਲੱਭਣ ਦਾ ਯਤਨ ਕਰਨਾ ਚਾਹੀਦਾ ਸੀ ਕਿ ਜਿੰਨਾ ਨਾਲ ਕਿਸਾਨ ਵੀਰ ਬਿਨਾ ਵਾਤਾਵਰਣ ਨੂੰ ਕੋਈ ਨੁਕਸਾਨ ਪ੍ਰਹੁਚਾਏ ਪਰਾਲੀ ਨੂੰ ਸੰਭਾਲ ਸਕਣ। ਜੇਕਰ ਦੇਖਿਆ ਜਾਵੇ ਤਾਂ ਦੋਗਲੀ ਨੀਤੀ ਵਾਲੀਆਂ ਸਰਕਾਰਾਂ ਪਹਿਲਾਂ ਹੀ ਕਿਸਾਨਾਂ ਨਾਲ ਕਾਫੀ ਵਧੀਕੀਆਂ ਕਰ ਚੁੱਕੀ ਹੈ, ਤੇ ਜੇਕਰ ਇਸ ਕਾਨੂੰਨ ਤਹਿਤ ਕਿਸੇ ਵੀ ਰਾਜ ਦੇ ਕਿਸਾਨ ਨੂੰ ਕੋਈ ਜੁਰਮਾਨਾ ਭਰਨਾ ਪੈਂਦਾ ਹੈ ਜਾਂ ਸਜ਼ਾ ਕੱਟਣੀ ਪੈਂਦੀ ਹੈ ਤਾਂ ਇਹ ਸਰਾਸਰ ਬੇਇਨਸਾਫ਼ੀ ਹੋਵੇਗੀ। ਕੁਝ ਦਿਨ ਪਹਿਲਾਂ ਜਦ ਪ੍ਰਦੂਸ਼ਣ ਬਾਰੇ ਵਿਚਾਰ ਚਰਚਾ ਕੀਤੀ ਤਾਂ ਬਹੁਤ ਸਾਰੇ ਕਿਸਾਨ ਵੀਰਾਂ ਦੇ ਸੁਝਾਅ ਸਨ ਕਿ ਹਰ ਕਿਸਾਨ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੈ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਦੂਸ਼ਿਤ ਹੁੰਦਾ ਹੈ, ਪਰ ਅਸੀਂ ਕਿਸਾਨ ਮਜਬੂਰ ਹਾਂ ਕਿਉਂਕਿ ਸਾਡੇ ਕੋਲ ਅੱਗ ਲਗਾਉਣ ਤੋਂ ਇਲਾਵਾ ਹੋਰ ਕੋਈ ਰਾਸਤਾ ਨਹੀਂ ਬੱਚਦਾ। ਕਿਉਂਕਿ ਪੰਜਾਬ ਦੇ ਕਿਸਾਨਾਂ ਕੋਲ ਨਾ ਤਾਂ ਏਨੀ ਪੂੰਜੀ ਹੈ ਕਿ ਉਹ ਅਧੁਨਿਕ ਤਕਨੀਕੀ ਯੰਤਰਾਂ ਨੂੰ ਖਰੀਦ ਕੇ ਪਰਾਲੀ ਨੂੰ ਸੰਭਾਲ ਸਕਣ ਅਤੇ ਨਾ ਹੀ ਅਜਿਹੇ ਹੋਰ ਸਸਤੇ ਸਾਧਨ ਜਿੰਨਾ ਨਾਲ ਵਾਤਾਵਰਣ ਨੂੰ ਘੱਟ ਨੁਕਸਾਨ ਪ੍ਰਹੁਚ ਸਕੇ। ਮੈਂ ਹੈਰਾਨ ਹਾਂ ਕਾਨੂੰਨ ਬਣਾਉਣ ਵਾਲਿਆਂ ਤੇ ਕਿ ਏਨਾ ਵੱਡਾ ਜੁਰਮਾਨਾ ਲਗਾਉਣ ਤੋਂ ਪਹਿਲਾਂ ਨਿਆਂ ਕਾਰਕੁੰਨਾਂ ਨੇ ਇੱਕ ਵਾਰ ਇਹ ਦੇਖਣ ਦਾ ਯਤਨ ਨਹੀਂ ਕੀਤਾ ਕਿ ਕਿਸਾਨਾਂ ਕੋਲ ਤਾਂ ਆਪਣੀ ਜ਼ਮੀਨ ਵਿੱਚ ਉਗਾਉਣ ਲਈ ਬੀਜ ਖਾਦ ਆਦਿ ਲਈ ਤਾਂ ਪੈਸੇ ਨਹੀਂ ਹਨ ਤਾਂ ਜੁਰਮਾਨੇ ਦੀਆਂ ਏਨੀਆਂ ਵੱਡੀਆਂ ਰਕਮਾਂ ਕਿਵੇ ਚੁਕਾਵੇਗਾ। ਇੱਕ ਗੱਲ ਹੋਰ ਵਿਚਾਰ ਹਿੱਤ ਲਿਆਉਣ ਵਾਲੀ ਹੈ ਕਿ ਸਾਡੇ ਦੇਸ਼ ਦੀ 70% ਤੋਂ ਵੱਧ ਅਬਾਦੀ ਖੇਤੀਬਾੜੀ ਉੱਪਰ ਸਿੱਧੇ ਅਤੇ ਅਸਿੱਧੇ ਤੌਰ ਤੇ ਨਿਰਭਰ ਹੈ।ਜਿਸ ਨੂੰ ਮੱਦੇਨਜ਼ਰ ਰੱਖਦੇ ਹੋਏ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਕੁਝ ਅਜਿਹੇ ਕਾਨੂੰਨ ਬਣਾਏ ਜਾਣ ਜਿਸ ਨਾਲ ਕਿਸਾਨਾਂ ਨੂੰ ਮਦਦ ਮਿਲ ਸਕੇ ਪਰ ਸਾਡੇ ਦੇਸ਼ ਵਿੱਚ ਬਿਲਕੁਲ ਇਸ ਦੇ ਉਲਟ ਹੋ ਰਿਹਾ ਹੈ। ਮੁਕਦੀ ਗੱਲ ਪਰਾਲੀ ਦੀ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਸਾਡੇ ਕਿਸਾਨ ਏਨੇ ਅਮੀਰ ਤਾਂ ਹੈ ਨਹੀ ਕਿ ਉਹ ਮਹਿੰਗੀ ਮਹਿੰਗੀ ਮਸ਼ੀਨਰੀ ਖਰੀਦ ਸਕਣ। ਇਸ ਸਮੱਸਿਆ ਦੇ ਹੱਲ ਸਰਕਾਰ ਨੂੰ ਚਾਹੀਦਾ ਹੈ ਕਿ ਕੁਝ ਵਾਜਿਬ ਹੱਲ ਕੱਢੇ ਜਾਣ। ਪਿਛਲੇ ਕੁਝ ਸਮੇਂ ਵਿੱਚ ਸਰਕਾਰ ਵੱਲੋਂ ਬਠਿੰਡੇ ਵਿਖੇ ਸਥਿੱਤ ਥਰਮਲ ਪਲਾਂਟ ਨੂੰ ਕੋਲੇ ਦੀ ਜਗ੍ਹਾ ਤੇ ਪਰਾਲੀ ਨਾਲ ਚਲਾਉਣ ਦੀ ਯੋਜਨਾ ਬਣਾਈ ਗਈ ਸੀ, ਪਰ ਉਹ ਯੋਜਨਾ ਕੇਵਲ ਯੋਜਨਾ ਬਣ ਕੇ ਹੀ ਰਹਿ ਗਈ। ਜੇਕਰ ਕਿਤੇ ਉਸ ਯੋਜਨਾ ਨੂੰ ਅਮਲੀ ਰੂਪ ਦਿੱਤਾ ਹੁੰਦਾ ਤਾਂ ਪਰਾਲੀ ਨੂੰ ਸਾਂਭਣ ਵਿੱਚ ਆ ਰਹੀ ਔਕੜ ਨਾਲ ਅਰਾਮ ਨਾਲ ਨਜਿੱਠਿਆ ਜਾ ਸਕਦਾ ਸੀ।

ਅੰਤ ਵਿੱਚ ਇਹੀ ਕਹਿ ਸਕਦੇ ਹਾਂ ਕਿ ਸਰਕਾਰਾਂ ਨੂੰ ਚਾਹੀਦਾ ਹੈ ਕਿ ਹਰ ਵਾਰ ਕਿਸਾਨਾਂ ਦੀ ਪਿੱਠ ਵਿੱਚ ਹੀ ਛੁਰਾ ਨਾ ਖੁਭਾਇਆ ਜਾਵੇ, ਬਲਕਿ ਕਿਸਾਨਾਂ ਦੇ ਹਮਦਰਦ ਬਣ ਕਿਸਾਨਾਂ ਦੇ ਹੱਕ ਵਿੱਚ ਕਾਨੂੰਨ ਬਣਾਏ ਜਾਣ।

ਹਰਕੀਰਤ ਕੌਰ ਸਭਰਾ
9779118066

## ਭਰੂਣ ਹੱਤਿਆ

ਕਰਤਾਰ ਸਿੰਘ ਚੰਗੀ ਜ਼ਮੀਨ ਜਾਇਦਾਦ ਦਾ ਮਾਲਕ ਰੱਜਿਆ ਪੁੱਜਿਆ ਆਦਮੀ ਸੀ। ਪਤਨੀਹਰਜੀਤ ਕੌਰ ਵੀ ਸੁਚੱਜੀ ਔਰਤ ਸੀ। ਘਰ ਵਿੱਚ ਬੱਸ ਇੱਕ ਹੀ ਕਮੀ ਸੀ ਕਿ ਦੋ ਧੀਆਂ ਹੀ ਸਨ। ਦੋਵੇਂ ਜੀਅ ਲੜਕੇ ਵਾਸਤੇ ਤਰਸੇ ਪਏ ਸਨ। ਕੋਈ ਧਾਰਮਿਕ ਸਥਾਨ ਨਹੀਂ ਸੀ ਛੱਡਿਆ ਜਿੱਥੇ ਮੱਥਾ ਨਾ ਰਗੜਿਆ ਹੋਵੇ। ਅਖੀਰ ੧੨ ਸਾਲਾਂ ਬਾਅਦ ਰੂੜੀ ਦੀ ਵੀ ਸੁਣੀ ਜਾਣ ਵਾਂਗਰੱਬ ਨੇ ਉਨ੍ਹਾਂ ਦੀ ਸੁਣ ਲਈ। ਚਾਹੇ ਤਰਸਾ ਕੇਹੀ, ਚੰਨ ਵਰਗਾ ਪੁੱਤਰ ਬਖਸ਼ ਦਿੱਤਾ। ਦੋਵੇਂ ਨਿਹਾਲ ਹੋ ਗਏ, ਮਸਾਂ ਮਸਾਂ ਖਾਨਦਾਨ ਦੀ ਵੇਲ ਅੱਗੇ ਵਧੀ ਹੋਣ ਕਾਰਨ ਲੜਕੇ ਦਾ ਨਾਮ ਰਵੇਲ ਸਿੰਘ ਰੱਖਿਆ ਗਿਆ। ਰਵੇਲ ਪੜ੍ਹਨ ਲਿਖਣ ਵਿੱਚ ਹੁਸ਼ਿਆਰ ਸੀ। ਉੱਚ ਵਿਦਿਆ ਪ੍ਰਾਪਤ ਕਰਕੇ ਚੰਗੀ ਨੌਕਰੀ ‘ਤੇ ਲੱਗ ਗਿਆ।ਰਿਸ਼ਤੇ ਵਾਲਿਆਂ ਨੇ ਗੇੜੇ ਮਾਰ ਮਾਰ ਕੇ ਦਰਵਾਜੇ ਨੀਵੇਂ ਕਰ ਦਿੱਤੇ। ਅਖੀਰ ਬਰਾਬਰ ਦੀ ਅਫਸਰ ਗੁਰਜੋਤ ਕੌਰ ਨੂੰਹ ਬਣ ਕੇ ਘਰ ਵਿੱਚ ਆ ਗਈ।ਕੁਝ ਸਾਲਾਂ ਵਿੱਚ ਰਵੇਲ ਵੀ ਧੀਆਂ ਪੁੱਤਰਾਂ ਵਾਲਾ ਹੋ ਗਿਆ। ਉਸ ਨੇ ਪਿੰਡ ਛੱਡ ਕੇ ਸ਼ਹਿਰ ਕੋਠੀ ਪਾ ਲਈ ਤੇ ਹੌਲੀ ਹੌਲੀ ਕਰਤਾਰ ਅਤੇ ਹਰਜੀਤ ਨੂੰ ਵੀ ਸ਼ਹਿਰ ਲੈ ਗਿਆ। ਕੁਝ ਪਿੰਡ ਦਾ ਉਦਰੇਵਾਂ ਅਤੇ ਕੁਝ ਉਮਰ ਦਾ ਤਕਾਜ਼ਾ, ਦੋਵਾਂ ਦੀ ਸਿਹਤ ਕਿਰਨ ਲੱਗੀ। ਹੌਲੀ ਹੌਲੀ ਰਵੇਲ ਨੇ ਮਿੱਠਾ ਪਿਆਰਾ ਬਣ ਕੇ ਸਾਰੀ ਜ਼ਮੀਨ ਆਪਣੇ ਨਾਮ ‘ਤੇ ਕਰਵਾ ਲਈ।ਕਿਸਾਨ ਦੀ ਵੁੱਕਤ ਜ਼ਮੀਨ ਨਾਲ ਹੀ ਹੁੰਦੀ ਹੈ। ਬੇਜ਼ਮੀਨੇ ਕਰਤਾਰ ਤੋਂ ਰਵੇਲ ਅਤੇ ਉਸ ਦੀ ਪਤਨੀ ਨੂੰ ਮੁਸ਼ਕ ਆਉਣ ਲੱਗਾ। ਸ਼ਹਿਰ ਦੇ ਜੰਮੇ ਪਲੇ ਪੋਤਰਾ ਪੋਤਰੀਤਾਂ ਪਹਿਲਾਂ ਹੀ ਦਾਦੇ ਦਾਦੀ ਦੇ ਆਉਣ ਤੋਂ ਦੁਖੀ ਸਨ। ਅਖੀਰ ਉਹ ਦਿਨ ਵੀ ਆ ਗਿਆ। ਨਿਰਮੋਹੀ ਹੋ ਚੁੱਕੇ ਰਵੇਲ ਨੇ ਮਾਂ- ਬਾਪ ਨੂੰ ਬਿਰਧਘਰ ਛੱਡਣ ਦਾ ਫੈਸਲਾ ਕਰ ਲਿਆ। ਨੂੰਹ ਅਤੇ ਪੋਤਰੇ-ਪੋਤਰੀ ਨੇ ਚਾਈਂ ਚਾਈਂ ਦਾਦੇ-ਦਾਦੀ ਦਾ ਸਮਾਨ ਗੱਡੀ ਵਿੱਚ ਸੁੱਟਿਆ। ਰਵੇਲ ਨੇ ਗੱਡੀ ਤੋਰ ਲਈ ਤਾਂ ਗੁਰਜੋਤ ਨੇ ਕਮਰੇ ਨੂੰ ਚੰਗੀ ਤਰਾਂ ਧੁਆ ਕੇ ਡੈਟੋਲ ਨਾਲ ਪੋਚਾ ਮਰਵਾਇਆ ਤਾਂ ਜੋ ਕਿਤੇ ਕੋਈ ਜਰਾਸੀਮ ਪਿੱਛੇ ਨਾ ਰਹਿ ਜਾਵੇ। ਕਰਤਾਰ ਤੇ ਹਰਜੀਤ ਨੂੰ ਬਿਰਧਘਰ ਪਹੁੰਚ ਕੇ ਪਤਾ ਚੱਲਿਆ ਕਿ ਕੀ ਭਾਣਾ ਵਾਪਰ ਗਿਆ ਹੈ। ਉਹ ਤਾਂ ਆਪਣੀ ਜਾਚੇ ਧੀ ਨੂੰ ਮਿਲਣ ਜਾ ਰਹੇ ਸਨ। ਜਦੋਂ ਰਵੇਲ ਮਾਂ ਬਾਪ ਨੂੰ ਸਧਾਰਨ ਜਿਹੇ ਕਮਰੇ ਵਿੱਚ ਛੱਡ ਕੇ ਬੇਸ਼ਰਮਾਂ ਵਾਂਗ ਤੁਰਨ ਲੱਗਾ ਤਾਂ ਹਰਜੀਤ ਦੀਆਂ ਡਾਡਾਂ ਨਿਕਲ ਗਈਆਂ। ਉਹ ਰਵੇਲ ਨੂੰ ਕੋਸਣ ਲੱਗੀ ਕਿ ਤੂੰ ਜੰਮਦਾ ਕਿਉਂ ਨਾ ਮਰ ਗਿਆ। ਕਰਤਾਰ ਨੇ ਹੌਂਸਲਾ ਰੱਖਿਆ। ਅਸਲ ਵਿੱਚ ਉਸ ਨੂੰ ਪਹਿਲਾਂ ਹੀ ਖੁੜਕ ਗਈ ਸੀ ਕਿ ਇਹ ਭਾਣਾ ਵਾਪਰਨ ਵਾਲਾ ਹੈ। ਉਸ ਨੇ ਤੁਰੇ ਜਾਂਦੇ ਰਵੇਲ ਨੂੰ ਅਵਾਜ਼ ਮਾਰ ਕੇ ਬੁਲਾਇਆ। ਰਵੇਲ ਬੁੜ ਬੁੜ ਕਰਦਾ ਵਾਪਸ ਆਇਆ ਕਿ ਪਤਾ ਨਹੀਂ ਹੁਣ ਬੁੱਢੇ ਬੁੱਢੜੀ ਨੇ ਕੀ ਖੇਖਣ ਕਰਨੇ ਹਨ। ਕਰਤਾਰ ਨੇ ਬਹੁਤ ਹੀ ਪਿਆਰ ਨਾਲ ਰਵੇਲ ਦੇ ਮੋਢੇ ‘ਤੇ ਹੱਥ ਧਰ ਕੇ ਕਿਹਾ, “ਪੁੱਤਰਾ, ਐਵੇਂ ਦਿਲ ‘ਤੇ ਨਾ ਲਾਈਂ ਕੋਈ ਗੱਲ। ਤੂੰ ਸਾਡੇ ਨਾਲ ਬਿਲਕੁਲ ਠੀਕ ਕੀਤਾ ਹੈ। ਅਸੀਂ ਇਸੇ ਦੇ ਹੱਕਦਾਰ ਹਾਂ। ਤੈਨੂੰ ਜੰਮਣ ਦੀ ਚਾਹ ਵਿੱਚ ਅਸੀਂ ਤਿੰਨ ਮਾਸੂਮ ਧੀਆਂ ਕੁੱਖ ਵਿੱਚ ਕਤਲ ਕਰਾਈਆਂ ਸਨ। ਕਾਨੂੰਨ ਨੂੰਤਾਂ ਧੋਖਾ ਦੇ ਦਿੱਤਾ,ਪਰ ਰੱਬ ਤਾਂ ਵੇਖਦਾ ਹੈ।ਸਾਨੂੰ ਉਸੇ ਪਾਪ ਦੀ ਸਜ਼ਾ ਮਿਲੀ ਹੈ। ਇਸ ਵਿੱਚ ਤੇਰਾ ਕੋਈ ਕਸੂਰ ਨਹੀਂ।“ ਸੁਣ ਕੇ ਰਵੇਲ ਦੇ ਕਦਮ ਮਣ ਮਣ ਪੱਕੇ ਦੇ ਹੋ ਗਏ। ਉਸ ਨੂੰ ਆਪਣਾ ਭਵਿੱਖ ਵੀ ਧੁੰਦਲਾ ਦਿਖਾਈ ਦੇਣ ਲੱਗਾ।

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 9501100062



# ਆਤਮ-ਹੱਤਿਆ ਕਿਉਂ ....



ਛਿੰਦਾ ਧਾਲੀਵਾਲ ਕੁਰਾਈ ਵਾਲਾ
ਫੋਨ ਨੰ : 75082-54006

ਅੱਜ ਸਾਡੇ ਸਮਾਜ ਦੀ ਸਭ ਤੋ ਗੰਭੀਰ ਸਮੱਸਿਆ ਏ ਦਿਨੋਂ ਦਿਨ ਵਧ ਰਹੀਆਂ ਆਤਮ ਹੱਤਿਆਂਵਾ, ਨਿਊਜ਼ ਪੇਪਰਾਂ ਦੇ ਹਰ ਪੰਨੇ ਉਤੇ ਅਨੇਕਾਂ ਅਜਿਹੀਆਂ ਖਬਰਾਂ ਦੇਖਣ ਨੂੰ ਮਿਲਦੀਆਂ ਹਨ, ਆਪਣੇ ਪਰਿਵਾਰ ਨੂੰ ਮਾਰਨ ਤੋਂ ਬਾਅਦ ਆਪ ਨੇ ਕੀਤੀ ਆਤਮ-ਹੱਤਿਆ, ਕਿਸਾਨ ਨੇ ਕਰਜ਼ੇ ਤੋਂ ਤੰਗ ਆ ਕੇ ਕੀਤੀ ਆਤਮ-ਹੱਤਿਆ, ਪਤਨੀ ਦੇ ਨਜਾਇਜ਼ ਸਬੰਧਾਂ ਤੋਂ ਤੰਗ ਆ ਕੇ ਪਤੀ ਨੇ ਕੀਤੀ ਆਤਮ-ਹੱਤਿਆ, ਪੜ੍ਹਾਈ ਵਿੱਚ ਘੱਟ ਨੰਬਰ ਆਉਣ ਤੇ ਵਿਦਿਆਰਥੀ ਨੇ ਕੀਤੀ ਆਤਮ-ਹੱਤਿਆ, ਅਜਿਹੀਆਂ ਪਤਾ ਨਹੀ ਕਿਨੀਆਂ ਹੀ ਖਬਰਾ ਦੇਖਣ ਨੂੰ ਮਿਲਦੀਆਂ ਹਨ,

ਆਤਮ ਹੱਤਿਆ ਕਿਸੇ ਮਸਲੇ ਦਾ ਹੱਲ ਨਹੀਂ ਕਿਉਂਕਿ ਜ਼ਿੰਦਗੀ ਵਿੱਚ ਉਤਾਰ ਚੜਾਅ ਆਉਂਦੇ ਰਹਿੰਦੇ ਹਨ ਸੋ ਜੀਵਨ ਚ ਦਰਪੇਸ਼ ਚੁਣੌਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਚਾਹੀਦਾ ਹੈ ਅਤੇ ਸਕਰਾਤਮਕਤਾ ਨਾਲ ਜੂਝਨਾ ਚਾਹੀਦਾ ਹੈ। ਮਨ ਦੀ ਨਕਰਾਤਮਕਤਾ ਨੂੰ ਸਕਰਾਤਮਕਤਾ ਵਿੱਚ ਬਦਲ ਕੇ ਆਤਮ ਹੱਤਿਆ ਤੋਂ ਬਚਿਆ ਜਾ ਸਕਦਾ ਹੈ।ਕੁਦਰਤ ਨੇ ਮਨੁੱਖੀ ਜੀਵਨ ਰੂਪੀ ਅਨਮੋਲ ਦਾਤ ਬਖਸ਼ੀ ਹੈ ਅਤੇ ਇਸ ਨੂੰ ਆਪਣੇ ਹੱਥੀਂ ਆਤਮ ਹੱਤਿਆ ਕਰਕੇ ਨਾਸ਼ ਕਰਨਾ ਜ਼ਿੰਦਗੀ ਨਾਲ ਬੇਇਨਸਾਫ਼ੀ ਹੈ।

ਸਰੀਰਕ ਬਿਮਾਰੀਆਂ ਜਿਵੇਂ ਜਿਗਰ, ਦਿਲ ਜਾਂ ਗੁਰਦੇ ਦੇ ਰੋਗ ਕਿਸੇ ਵਿਅਕਤੀ ਨੂੰ ਵੀ ਅਸਰ ਪਾਉਂਦੀਆਂ ਹਨ ਜਾਂ ਉਹਦੇ ਘਰਦਿਆਂ ਨੂੰ। ਪਰ ਮਾਨਸਿਕ ਰੋਗ ਸਾਰੇ ਸਮਾਜ ਅਤੇ ਦੂਜਿਆਂ ਦੇ ਘਰਾਂ ਨੂੰ ਅਸਰ ਕਰਦੇ ਹਨ। ਮਾਨਸਿਕ ਰੋਗ ਵਾਲੇ ਮੁੰਡੇ ਜਾਂ ਕੁੜੀ ਜਦੋਂ ਵਿਆਹ ਮਗਰੋਂ ਡਿਪਰੈਸ਼ਨ ਕਾਰਨ ਆਤਮ ਹੱਤਿਆ ਕਰਦੇ ਹਨ ਤਾਂ ਸ਼ੱਕ ਦੇ ਘੇਰੇ ਵਿਚ ਆਉਂਦੇ ਹਨ ਉਨ੍ਹਾਂ ਦੇ ਮਾਪੇ ਜਾਂ ਸਹੁਰੇ, ਦੋਸਤ ਜਾਂ ਉਸ ਨਾਲ ਕੰਮ ਕਰਨ ਵਾਲੇ ਵਿਅਕਤੀ। ਇਹੋ ਜਿਹੇ ਸ਼ੱਕ ਦੇ ਘੇਰੇ ਵਿਚ ਆਏ ਵਿਅਕਤੀਆਂ ਲਈ ਆਪਣੇ ਬਚਾਅ ਦਾ ਕੋਈ ਰਸਤਾ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਕੋਲ ਮਰਨ ਵਾਲੇ ਵਿਅਕਤੀ ਦਾ ਮਾਨਸਿਕ ਰੋਗੀ ਹੋਣ ਦਾ ਕੋਈ ਸਬੂਤ ਨਹੀਂ ਹੁੰਦਾ। ਕੋਈ ਵੀ ਪੋਸਟਮਾਰਟਮ ਇਹ ਨਹੀਂ ਦਸ ਸਕਦਾ ਕਿ ਮਰਨ ਵਾਲੇ ਵਿਚ ਕੋਈ ਮਾਨਸਿਕ ਰੋਗ ਸੀ। ਨਤੀਜਾ, ਕਿੰਨੇ ਹੀ ਬੇਕਸੂਰ ਟੱਬਰ ਕਚਹਿਰੀਆਂ ਭੁਗਤ ਰਹੇ ਹਨ ਜਾਂ ਜੇਲ੍ਹਾਂ ਵਿਚ ਪਏ ਹਨ। ਕਾਨੂੰਨ ਵੀ ਕੋਈ ਮਦਦ ਨਹੀਂ ਕਰ ਸਕਦਾ ਕਿਉਂਕਿ ਅਦਾਲਤਾਂ ਸਬੂਤ ਮੰਗਦੀਆਂ ਹਨ।

ਆਤਮ ਹੱਤਿਆ ਦੀ ਪ੍ਰਵਿਰਤੀ ਨੂੰ ਰੋਕਿਆ ਜਾ ਸਕਦਾ ਹੈ

ਆਤਮ ਹੱਤਿਆ ਪਿੱਛੇ ਮਨੋਵਿਗਿਆਨਿਕ, ਸਮਾਜਿਕ, ਆਰਥਿਕ, ਪਰਿਵਾਰਿਕ ਅਤੇ ਵਿਅਕਤੀਗਤ ਕਾਰਨ ਹੋ ਸਕਦੇ ਹਨ। ਜੇਕਰ ਕਿਸੇ ਨੂੰ ਆਤਮ ਹੱਤਿਆ ਦੇ ਵਿਚਾਰ ਆ ਰਹੇ ਹਨ ਤਾਂ ਆਪਣੇ ਕਿਸੇ ਕਰੀਬੀ ਨਾਲ ਗੱਲ ਸਾਂਝੀ ਕਰਨੀ ਚਾਹੀਦੀ ਹੈ ਅਤੇ ਮਾਨਸਿਕ ਪ੍ਰੇਸ਼ਾਨੀ ਲਈ ਕਿਸੇ ਯੋਗ ਮਨੋਵਿਗਿਆਨਿਕ ਤੋਂ ਕਾਊਂਸਲਿੰਗ ਕਰਵਾਈ ਜਾ ਸਕਦੀ ਹੈ।

ਆਤਮ ਹੱਤਿਆ ਕਿਸੇ ਮਸਲੇ ਦਾ ਹੱਲ ਨਹੀਂ ਕਿਉਂਕਿ ਜ਼ਿੰਦਗੀ ਵਿੱਚ ਉਤਾਰ ਚੜਾਅ ਆਉਂਦੇ ਰਹਿੰਦੇ ਹਨ ਸੋ ਜੀਵਨ ਚ ਦਰਪੇਸ਼ ਚੁਣੌਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਚਾਹੀਦਾ ਹੈ ਅਤੇ ਸਕਰਾਤਮਕਤਾ ਨਾਲ ਜੂਝਨਾ ਚਾਹੀਦਾ ਹੈ। ਮਨ ਦੀ ਨਕਰਾਤਮਕਤਾ ਨੂੰ ਸਕਰਾਤਮਕਤਾ ਵਿੱਚ ਬਦਲ ਕੇ ਆਤਮ ਹੱਤਿਆ ਤੋਂ ਬਚਿਆ ਜਾ ਸਕਦਾ ਹੈ।ਅੱਜ ਸਮੇਂ ਦੀ ਮੰਗ ਹੈ ਕਿ ਵਿਆਹ ਤੋਂ ਪਹਿਲਾ ਟੇਵਾ ਮਿਲਾਉਣ ਦੀ ਥਾਂ ਮੁੰਡੇ-ਕੁੜੀ ਵਿਚ ਮਾਨਸਿਕ ਰੋਗ ਹੋਣ ਬਾਰੇ ਡੂੰਘੀ ਜਾਣਕਾਰੀ ਪ੍ਰਾਪਤ ਕੀਤੀ ਜਾਵੇ। ਸਰਕਾਰੀ ਨੌਕਰੀਆਂ 'ਤੇ ਰੱਖੇ ਜਾਣ ਤੋਂ ਪਹਿਲਾਂ ਅਤੇ ਡਰਾਈਵਿੰਗ ਲਾਇਸੈਂਸ ਦੇਣ ਤੋਂ ਪਹਿਲਾਂ ਮਾਨਸਿਕ ਰੋਗ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਸਾਡੇ ਦੇਸ਼ ਵਿਚ ਡਾਕਟਰ ਵਿਦਿਆ ਸਾਗਰ ਮਾਨਸਿਕ ਰੋਗ ਹਸਪਤਾਲ, ਅੰਮ੍ਰਿਤਸਰ ਵਰਗੇ ਹਸਪਤਾਲਾਂ ਦੀ ਬਹੁਤ ਘਾਟ ਹੈ ਜਦੋਂਕਿ ਦੂਜੀਆਂ ਸਰੀਰਕ ਬਿਮਾਰੀਆਂ ਦੇ ਹਸਪਤਾਲ ਹਰ ਥਾਂ ਵੱਧ ਤੋਂ ਵੱਧ ਖੁੱਲ੍ਹ ਰਹੇ ਹਨ। ਪੁਲੀਸ ਤੇ ਜਾਂਚ ਅਧਿਕਾਰੀਆਂ ਨੂੰ ਵੀ ਮਾਨਸਿਕ ਸਿਹਤ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਬੇਕਸੂਰ ਜੇਲ੍ਹਾਂ ਵਿਚ ਨਾ ਸੜਦੇ ਰਹਿਣ। ਸਾਡਾ ਸਮਾਜ ਇਕ ਸਿਹਤਮੰਦ ਸਮਾਜ ਤਦ ਹੀ ਹੋ ਸਕਦਾ ਹੈ ਜਦੋਂ ਇਸ ਦੇ ਵਸਨੀਕਾਂ ਦੀ ਮਾਨਸਿਕ ਸਿਹਤ ਪੂਰੀ ਤਰ੍ਹਾਂ ਠੀਕ ਹੋਵੇਗੀ। ਦੇਸ਼ ਵਿਚ ਹਰ ਸੂਬਾ ਆਪਣੀ ਮਾਨਸਿਕ ਸਿਹਤ ਪਾਲਿਸੀ ਬਣਾਏ ਅਤੇ ਮਾਨਸਿਕ ਸਿਹਤ ਵਿਸ਼ੇ ਨੂੰ ਸਰੀਰਕ ਸਿਹਤ ਤੋਂ ਵੱਖ ਰੱਖਿਆ ਜਾਵੇ। ਮਾਨਸਿਕ ਸਿਹਤ ਬਾਰੇ ਘਰ-ਘਰ ਸਰਵੇ ਕੀਤੇ ਜਾਣ ਅਤੇ ਪਛਾਣੇ ਗਏ ਰੋਗੀਆਂ ਦਾ ਪੂਰਾ ਇਲਾਜ ਹੋਵੇ ਤਾਂ ਜੋ ਉਹ ਸਮਾਜ ਲਈ ਖ਼ਤਰਾ ਨਾ ਬਣਨ ਅਤੇ ਜਵਾਨੀ ਉਮਰੇ ਆਤਮ ਹੱਤਿਆ ਵੀ ਨਾ ਕਰਨ। ਇਹੋ ਜਿਹੀਆਂ ਮੌਤਾਂ ਨਾਲ ਸਾਡੇ ਦੇਸ਼ ਦਾ ਵੱਡਾ ਨੁਕਸਾਨ ਹੁੰਦਾ ਹੈ। ਆਤਮ ਹੱਤਿਆ ਦੇ ਹੋਰ ਵੀ ਕਈ ਕਾਰਨ ਹਨ। ਜਿਵੇਂ; ਵਪਾਰ ਵਿਚ ਘਾਟਾ, ਇਮਤਿਹਾਨ ਵਿਚ ਫੇਲ੍ਹ ਹੋਣਾ, ਕੋਈ ਲੰਬੀ ਬਿਮਾਰੀ ਅਤੇ ਪ੍ਰੀਤਮ ਦੀ ਜੁਦਾਈ ਜਾਂ ਪਿਆਰ ਵਿਚ ਧੋਖਾ। ਇਹੋ ਜਿਹੇ ਵਿਅਕਤੀ ਭਾਵੇਂ ਚੰਗੀ ਮਾਨਸਿਕ ਸਿਹਤ ਰੱਖਦੇ ਹੋਣ ਪਰ ਕੁਝ ਦੇਰ ਵਾਸਤੇ ਆਪਣੇ-ਆਪ 'ਤੇ ਕਾਬੂ ਨਹੀਂ ਪਾ ਸਕਦੇ ਜਦੋਂ ਵੀ ਦੁੱਖ ਸਹਿਣ ਦੀ ਸ਼ਕਤੀ ਤੋਂ ਬਹੁਤ ਵਧੇਰੇ ਹੁੰਦਾ ਹੈ ਤਾਂ ਬਹੁਤੇ ਸਾਰੇ ਵਿਅਕਤੀ ਆਤਮ ਹੱਤਿਆ ਦਾ ਸੋਚਦੇ ਹਨ। ਸੁਖ-ਦੁੱਖ ਆਉਂਦੇ-ਜਾਂਦੇ ਰਹਿੰਦੇ ਹਨ। ਮੁਸੀਬਤਾਂ ਟਲ ਜਾਂਦੀਆਂ ਹਨ ਅਤੇ ਵਕਤ ਦਾ ਮਰਹਮ ਚੰਗੇ-ਚੰਗੇ ਜ਼ਖ਼ਮ ਭਰ ਦਿੰਦਾ ਹੈ ਪਰ ਆਤਮ ਹੱਤਿਆ ਸੋਚਣ ਵਾਲਾ ਬੰਦਾ ਭੁੱਲ ਜਾਂਦਾ ਹੈ ਕਿ ਆਤਮ ਹੱਤਿਆ ਅਸਥਾਈ ਸਮੱਸਿਆ ਦਾ ਸਥਾਈ ਹੱਲ ਹੈ, ਜਿਸ ਤੋਂ ਪਿੱਛੋਂ ਪੈਰ ਨਹੀਂ ਪੁੱਟਿਆ ਜਾ ਸਕਦਾ। ਇਹੋ ਜਿਹੇ ਬੰਦਿਆਂ ਨੂੰ ਨਾਜ਼ੁਕ ਘੜੀ ਵਿਚ ਮਾਨਸਿਕ ਸਹਾਰਾ, ਹਮਦਰਦੀ ਅਤੇ ਸਾਥ ਮਿਲ ਜਾਵੇ ਤਾਂ ਕਈ ਆਤਮ ਹੱਤਿਆਵਾਂ ਟਾਲੀਆਂ ਜਾ ਸਕਦੀਆਂ ਹਨ। ਜਦੋਂ ਵੀ ਪਤਾ ਲੱਗੇ ਕਿ ਕੋਈ ਵਿਅਕਤੀ ਆਤਮ ਹੱਤਿਆ ਕਰਨ ਦੀ ਸੋਚ ਰਿਹਾ ਹੈ ਜਾਂ ਬਹੁਤ ਉਦਾਸ ਹੈ, ਇਕੱਲਾ ਹੈ ਅਤੇ ਬੈਠੇ-ਬੈਠੇ ਬਿਨਾਂ ਕਿਸੇ ਕਾਰਨ ਰੋਣ ਲੱਗ ਜਾਂਦਾ ਹੈ ਜਾਂ ਆਪਣੇ ਨੇੜੇ-ਤੇੜੇ ਬੰਦਿਆਂ ਤੇ ਹਮੇਸ਼ਾ ਲਈ ਜਾਣ ਦੀ ਆਗਿਆ ਮੰਗਣ ਲੱਗ ਜਾਂਦਾ ਹੈ ਜਾਂ ਆਪਣਾ ਸਮਾਂ ਬਗੈਰ ਕਿਸੇ ਕਾਰਨ ਵੰਡਣਾ ਸ਼ੁਰੂ ਕਰ ਦਿੰਦਾ ਹੈ। ਇਹੋ ਜਿਹਾ ਵਿਅਕਤੀ ਕਦੇ ਵੀ ਆਤਮ ਹੱਤਿਆ ਕਰ ਸਕਦਾ ਹੈ। ਉਸ ਨੂੰ ਇਕੱਲਾ ਨਾ ਛੱਡਿਆ ਜਾਵੇ। ਉਸ ਦੀ ਗੱਲ ਸੁਣੀ ਜਾਵੇ, ਸਹਾਰਾ ਦਿੱਤਾ ਜਾਵੇ ਅਤੇ ਉਸ ਦਾ ਧਿਆਨ ਧਾਰਮਿਕ ਪਾਸੇ ਜਾਂ ਯੋਗ ਦੇ ਰਸਤੇ ਜਾਂ ਸਾਧਨਾ ਦੀ ਰਾਹ 'ਤੇ ਪਾਇਆ ਜਾਵੇ ਅਤੇ ਉਸ ਨੂੰ ਮਨੋਵਿਗਿਆਨ ਮਾਹਿਰ ਜਾਂ ਕਿਸੇ ਡਾਕਟਰ ਨੂੰ ਵਿਖਾਇਆ ਜਾਵੇ। ਜੇ ਲੋੜ ਪਵੇ ਤਾਂ ਹਸਪਤਾਲ ਵਿਚ ਵੀ ਦਾਖਲ ਕਰਾਇਆ ਜਾਵੇ। ਸਾਡੀਆਂ ਧਾਰਮਿਕ, ਸਮਾਜਿਕ ਤੇ ਵਿਦਿਅਕ ਸੰਸਥਾਵਾਂ ਆਤਮ ਹੱਤਿਆ ਦੇ ਵਿਸ਼ੇ 'ਤੇ ਖੁੱਲ੍ਹ ਕੇ ਗੱਲ ਕਰਨ ਅਤੇ ਨਵੀਂ ਪੀੜ੍ਹੀ ਨੂੰ ਵਾਰ-ਵਾਰ ਇਹ ਯਾਦ ਕਰਾਇਆ ਜਾਵੇ ਕਿ ਇਹ ਜੀਵਨ ਅਨਮੋਲ ਹੈ, ਇਸ ਨੂੰ ਗੰਵਾਇਆ ਨਾ ਜਾਵੇ। ਸਾਡੇ ਦੇਸ਼ ਦਾ ਨਾਂ ਸਭ ਤੋਂ ਵਧੇਰੇ ਆਤਮ ਹੱਤਿਆਵਾਂ ਕਰਨ ਵਾਲੇ ਦੇਸ਼ਾਂ ਵਿਚ ਆਉਂਦਾ ਹੈ। ਇਹ ਗੰਭੀਰਤਾ ਦਾ ਵਿਸ਼ਾ ਹੈ। ਸਾਡੇ ਦੇਸ਼ ਦੇ ਨੌਜਵਾਨ ਬੱਚੇ-ਬੱਚੀਆਂ ਦੇਸ਼ ਦਾ ਵੱਡਾ ਧਨ ਹੈ। ਅਸੀਂ ਇਸ ਧਨ ਨੂੰ ਗੰਵਾਉਣ ਵਿੱਚ ਅਸਮਰੱਥ ਹਾਂ।

# ਪੰਜਾਬੀ ਕੁੜੀਆਂ ਦੀ ਨਿਧੜਕ ਆਵਾਜ਼ ਅਨਾਮਿਕਾ ਸੰਧੂ

ਸ਼੍ਰੀ ਗੁਰੂ ਗੋਬਿੰਦ ਸਿੰਘ ਨੇ ਕਿਹਾ ਹੈ ਕਿ ਜ਼ੁਲਮ ਕਰਨਾ ਪਾਪ ਹੈ ਤਾਂ ਜ਼ੁਲਮ ਸਹਿਣਾ ਇਸ ਤੋਂ ਵੀ ਵੱਡਾ ਪਾਪ ਹੈ। ਮੇਰੀ ਕਲਮ ਦੀ ਅਵਾਜ਼ ਵਿਚ ਕਿਹਾ ਜਾਵੇ ਤਾਂ" ਉਦੋਂ ਤੱਕ ਆਵਾਜ਼ ਚੁੱਕੋ ਜਦੋਂ ਤੱਕ ਤੁਹਾਡੀ ਦਰਦ ਦੀ ਚੀਕ ਇਕ ਇਕ ਇਨਸਾਨ ਦੇ ਕੰਨਾਂ ਵਿਚ ਨਾ ਪੈ ਜਾਵੇ। " ਸਮਾਜ ਵਿਚ ਵੱਖ ਵੱਖ ਤਰ੍ਹਾਂ ਦੇ ਲੋਕ ਹੁੰਦੇ ਹਨ। ਕੁਝ ਡਰ ਜਾਂਦੇ ਹਨ। ਪਰ ਇਹ ਵੀ ਸੱਚ ਹੈ ਚਾਹੇ ਤਾਂ ਉਹ ਘੁੱਟ ਘੁੱਟ ਕੇ ਜੀਅ ਲੈਂਦੇ ਹਨ। ਚਾਹੇ ਫੇਰ ਉਹ ਮਰ ਜਾਂਦੇ ਹਨ। ਪਰ ਇਕ ਅਸਧਾਰਨ ਇਨਸਾਨ ਜੋਂ ਕੁਝ ਕਰਨਾ ਚਾਹੁੰਦਾ , ਜ਼ਿੰਦਗੀ ਆਪਣੀ ਕੋਈ ਪਹਿਚਾਣ ਬਣਾਉਣਾ ਚਾਹੁੰਦਾ ਉਹ ਬੇਸ਼ੱਕ ਹੀ ਜ਼ੁਲਮਾਂ ਨੂੰ ਸਹਿਣ ਕਰਨਾ ਪਸੰਦ ਨਹੀਂ ਕਰੇਗਾ। ਹਰ ਔਰਤ ਦਾ ਇਜ਼ੱਤ ਸਨਮਾਨ ਪਾਉਣਾ ਇਕ ਅਧਿਕਾਰ ਪਰ ਜੇਕਰ ਉਸ ਉੱਤੇ ਜ਼ੁਲਮ ਕੀਤੇ ਜਾਣ ਤਾਂ ਉਸ ਤੇ ਆਵਾਜ਼ ਉਠਾਉਣੀ ਬਣਦੀ ਹੈ। ਇਹ ਗੱਲ ਪੱਕੀ ਹੈ ਜਿਥੇ ਔਰਤ ਔਰਤ ਦੀ ਦੁਸ਼ਮਣ ਹੁੰਦੀ ਹੈ, ਉਥੇ ਅਣਹੋਣੀਆਂ ਘਟਨਾਵਾਂ ਹੋਣ ਤੇ ਦੇਰ ਨਹੀਂ ਲੱਗਦੀ ਤੇ ਜਿੱਥੇ ਔਰਤ ਔਰਤ ਦੀ ਸਾਥੀ ਹੋਵੇ ,ਉਥੇ ਕੁਝ ਗਲਤ ਵਾਪਰ ਹੀ ਨਹੀਂ ਸਕਦਾ। ਉਹਨਾਂ ਵਿਚੋਂ ਇੱਕ ਪੰਜਾਬ ਦੀ ਤੇ ਹਰ ਕੁੜੀ ਦੀ ਨਿੱਧੜਕ ਆਵਾਜ਼ ਬਣ ਕੇ ਸਾਹਮਣੇ ਆਏ ਅਨਾਮਿਕਾ ਸੰਧੂ ।ਜੀ ਹਾਂ ਉਹ ਨਾਮ ਜਿਸਨੇ ਜ਼ਿੰਦਗੀ ਵਿਚ ਘੱਟ ਤਸੀਹੇ ਨਹੀਂ ਝੱਲੇ ।ਆਉ ਜਾਣਦੇ ਇਹਨਾਂ ਦੀ ਜ਼ਿੰਦਗੀ ਵਿਚ ਕੁਝ ਸਘੰਰਸ਼ ਬਾਰੇ-

ਅਨਾਮਿਕਾ ਸੰਧੂ ਜਦੋਂ ਛੋਟੇ ਸਨ ਤਾਂ ਉਨ੍ਹਾਂ ਦੇ ਪਿਤਾ ਵਲੋਂ ਉਹਨਾਂ ਦਾ ਸ਼ੋਸਣ ਕੀਤਾ ਗਿਆ। ਉਹਨਾਂ ਨੇ ਇਹ ਗੱਲ ਆਪਣੇ ਮਾਤਾ ਜੀ ਨੂੰ ਦੱਸੀ । ਕਾਫ਼ੀ ਸੰਘਰਸ਼ ਤੋਂ ਉਹ ਬਰਨਾਲੇ ਆ ਗ ? ਤੇ ਉਥੇ ਰਹਿਣ ਲੱਗ ਪਏ। ਉਹਨਾਂ ਦਾ ਸੁਪਨਾ ਸੀ ਕਿ ਉਹ ਡਾਕਟਰ ਬਨਣ ਪਰ ਉਹਨਾਂ ਦਾ ਵਿਆਹ ਸਾਢੇ ਸਤਾਰਾਂ ਸਾਲ ਦੀ ਉਮਰ ਵਿਚ ਇਕ ਅਜਿਹੇ ਇਨਸਾਨ ਨਾਲ ਕਰ ਦਿੱਤਾ ਗਿਆ ਜੋਂ ਉਹਨਾਂ ਨੂੰ ਪੈਰ ਦੀ ਜੁੱਤੀ ਸਮਝਦਾ ਸੀ। ਉਹਨਾਂ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਪ੍ਰਤਾੜਿਤ ਕੀਤਾ ਜਾਂਦਾ ਸੀ । ਜਦੋਂ ਉਹਨਾਂ ਇਸ ਵਿਰੁੱਧ ਆਵਾਜ਼ ਉਠਾਉਣ ਦੀ ਸੋਚੀ ਤਾਂ ਉਹਨਾਂ ਨੇ ਸੋਚਿਆ ਕਿ ਉਹਨਾਂ ਦੇ ਪੇਕੇ ਦੋ ਹੋਰ ਭੈਣਾਂ ਕਵਾਰੀਆਂ ਹਨ ਜੇਕਰ ਉਹ ਘਰ ਚਲੇ ਗ ? ਤਾਂ ਛੋਟੀਆਂ ਭੈਣਾਂ ਨਾਲ ਵਿਆਹ ਨਹੀਂ ਹੋਣਾ ?।ਇਸ ਲਈ ਚੁੱਪ ਰਹੇ । ਜਦੋਂ ਉਹਨਾਂ ਦੀ ਭੈਣਾਂ ਦਾ ਵਿਆਹ ਹੋ ਗਿਆ ਤਾਂ ਉਹ ਐਨਾ ਕੁਝ ਜ਼ੁਲਮ ਬਰਦਾਸ਼ਤ ਨਹੀਂ ਕਰ ਸਕੇ ਇਸ ਲ ?ੀ ਆਪਣੇ ਦਸ ਸਾਲ ਦੇ ਪੁੱਤਰ ਨੂੰ ਲੈ ਕੇ ਘਰੇ ਵਾਪਸ ਆ ਗ ?। ਤੇ ਉਹਨਾਂ ਨੇ ਉਹਨਾਂ ਦੇ ਪਤੀ ਦੇ ਜ਼ੁਲਮਾਂ ਵਿਰੋਧ ਲੰਬੀ ਲੜਾਈ ਲੜੀ। 2016 ਸਾਲ ਵਿਚ ਹੀ ਉਹਨਾਂ ਨੇ "ਬੇਟੀ ਬਚਾਓ, ਬੇਟੀ ਪੜ੍ਹਾਓ ਤੇ ਬੇਟੀ ਨੂੰ ਸ਼ੋਸਣ ਤੋਂ ਬਚਾਓ " ਮੁਹਿੰਮ ਦੀ ਸ਼ੁਰੂਆਤ ਕੀਤੀ ਤੇ ਇਸ ਤਹਿਤ ਹੁਣ ਉਹ ਪੰਜਾਬ ਦੇ ਵੱਖ-ਵੱਖ ਸਕੂਲਾਂ ਵਿਚ ਜਾ ਕੇ ਬੱਚੀਆਂ ਨੂੰ ਚੰਗੇ ਤੇ ਮਾੜੇ ਸਪੱਰਸ਼ ਬਾਰੇ ਜਾਣਕਾਰੀ ਦਿੰਦੇ ਰਹੇ ਤੇ ਅਤੇ ਕਾਲਜ਼ਾਂ ਦੇ ਵਿੱਚ ਉਹ ਇਕ ਮੋਟੀਵੇਸਨਲ ਸਪੀਕਰ ਬਣ ਕੇ ਸਾਹਮਣੇ ਆਏ ਹਨ। ਮੈਂ ਤੇ ਪੰਜਾਬ ਦਾ ਹਰ ਚੰਗਾ ਇਨਸਾਨ ਉਹਨਾਂ ਦੀ ਪ੍ਰੇਰਨਾ ਤੇ ਸਘੰਰਸ਼ ਨੂੰ ਵਾਰ ਵਾਰ ਸਲਾਮ ਕਰਦਾ ਰਹੇਗਾ ਕਿਉਂਕਿ



ਇਸ ਸਮੇਂ ਅਜਿਹੇ ਸ਼ਖ਼ਸੀਅਤਾਂ ਦੀ ਸਾਡੇ ਸਮਾਜ ਨੂੰ ਸਖ਼ਤ ਜ਼ਰੂਰਤ ਹੈ ,ਜਦ ਮਨੀਸ਼ਾ ਵਰਗੀਆਂ ਲੱਖਾਂ ਰੂਹਾਂ ਨਾਲ ਬਲਾਤਕਾਰ ਵਰਗੀਆਂ ਅਣਹੋਣੀਆਂ ਘਟਨਾਵਾਂ ਹੋ ਰਹੀਆਂ ਹਨ।

ਲੇਖਕ-ਪੂਜਾ ਪੁੰਡਰਕ
ਸੰਪਰਕ-7401000274

# ਸਰਧਾਂਜਲੀ ਛੋਟੀ ਕਹਾਣੀ

ਸਰਦਾਰ ਅਜਮੇਰ ਸਿੰਘ ਇੱਕਲਾ ਅੱਸੀਆਂ ਕਿਲਿਆ ਦਾ ਮਾਲਕ ਸੀ ?ਆਪਣੀ ਪੂਰੀ ਵਾਹੀ ਖੁਦ ਕਰਦਾ ਸੀ ?ਪਿੰਡ ਵਿੱਚ ਕਦੇ ਕਿਸੇ ਨੂੰ ਮਹਿਸੂਸ ਨਹੀਂ ਹੋਣ ਦਿੰਦਾ ਦੀ ਕਿ ਮੈ ਤੁਹਾਡੇ ਨਾਲੋਂ ਅਮੀਰ ਹਾਂ ?ਬਸ ਸਾਦੇ ਜਿਹੇ ਕਪੜੇ ਪਾ ਕੇ ਸਾਰਾ ਦਿਨ ਸੀਰੀਆ ਨਾਲ ਕੰਮ ਵਿੱਚ ਰੁੱਝਿਆ ਰਹਿੰਦਾ ਸੀ ?ਕਦੇ ਕਿਸੇ ਦੀ ਵੱਧ ਘੱਟ ਨਹੀਂ ਕਰਦਾ ਸੀ ?ਬੇਸ਼ਕ ਆਪ ਇੱਕਲਾ ਸੀ ਪਰ ਅਗੇ ਉਸ ਦੇ ਦੋ ਪੁੱਤਰ ਹੋਏ ?ਵੱਡਾ ਮੁੰਡਾ ਪੜ੍ਹਿਆ ਤਾਂ ਘਟ ਸੀ ਪਰ ਸਿਆਣਾ ਬਹੁਤ ਨਿੱਕਲਿਆ ?ਛੋਟਾ ਮੁੰਡਾ ਕਾਲਜ਼ ਪੜ੍ਹਨ ਲਗ ਗਿਆ ?ਥੋੜ੍ਹਾ ਚਿਰ ਮਾਪਿਆਂ ਦੇ ਕਹਿਣ ਅਨੁਸਾਰ ਚਲਦਾ ਰਿਹਾ ?ਪਰ ਜਦੋ ਸੰਗਤ ਦਾ ਰੰਗ ਚੜ੍ਹ ਗਿਆ, ਫਿਰ ਤੂੰ ਕੌਣ ਤੇ ਮੈ ਕੌਣ ਵਾਲੀ ਗੱਲ ਹੋ ਗਈ ?ਕਈ ਕਈ ਮਹੀਨੇ ਪਿੰਡ ਹੀ ਨਾ ਆਉਣਾ ਬਸ ਖਰਚਾ ਬੈਂਕ ਰਾਹੀਂ ਮੰਗਵਾਉਂਦਾ ਰਿਹਾ ?ਐਨਾ ਕੁ ਨਸ਼ੇ ਦਾ ਆਦੀ ਹੋ ਗਿਆ ਕਿ ਇਕ ਦਿਨ ਵੀ ਨਸ਼ੇ ਬਿਨਾਂ ਨਹੀਂ ਸੀ ਰਹਿ ਸਕਦਾ ?ਅਖ਼ੀਰ ਇਕ ਦਿਨ ਉਹ ਵੀ ਆ ਗਿਆ ਜੋ ਨਸੇੜੀਆ ਤੇ ਆਉਂਦਾ ਹੈ ?ਪਿੰਡ ਆਇਆ ਸੀ ਤੇ ਟੀਕਾ ਬਾਂਹ ਵਿੱਚ ਲੱਗਾ ਹੀ ਰਹਿ ਗਿਆ ?ਮੁੰਡੇ ਦੇ ਭੋਗ ਤੇ ਬਹੁਤ ਇਕੱਠ ਹੋਇਆ ?ਅੰਤਿਮ ਅਰਦਾਸ ਤੋਂ ਬਾਹਦ ਸ਼ਰਧਾਂਜਲੀਆਂ ਦਾ ਸਿਲਸਿਲਾ ਸ਼ੁਰੂ ਹੋਇਆ ?ਬਿਨਾਂ ਵਜ੍ਹਾ ਲੋਕਾਂ ਨੇ ਮੁੰਡੇ ਦੀ ਬੇਵਕਤੀ ਮੌਤ ਦੇ ਅਫਸੋਸ ਦੇ ਨਾਲ ਨਾਲ ਸਿਫਤਾਂ ਦੇ ਪੁਲ ਵੀ ਬੰਨਦੇ ਰਹੇ ?ਜਦੋ ਲੋਕ ਬੋਲਣੋ ਚੁੱਪ ਨਹੀਂ ਹੋ ਰਹੇ ਸੀ ?ਅਖੀਰ ਵਿਚ ਅਜਮੇਰ ਸਿੰਘ ਖੁੱਦ ਮਾਇਕ ਫੜ੍ਹ ਕੇ ਕਹਿਣ ਲੱਗਾ ?ਭਰਾਵੋ ਤੁਹਾਡਾ ਧੰਨਵਾਦ ਜੋ ਤੁਸੀਂ ਮੇਰੇ ਦੁੱਖ ਵਿੱਚ ਸਰੀਕ ਹੋਏ ?ਮੈਨੂੰ ਵੀ ਮੇਰੇ ਮੁੰਡੇ ਮਰਨ ਦਾ ਬਹੁਤ ਘਾਟਾ ਪਿਆ ਹੈ ਜੋ ਕਦੇ ਪੂਰਾ ਨਹੀਂ ਹੋ ਸਕਦਾ ?ਤੁਹਾਨੂੰ ਉਸ ਦੀ ਸਿਫ਼ਤ ਕਰਨ ਦੀ ਬਜਾਏ ਇਹ ਕਹਿਣਾ ਚਾਹੀਦਾ ਹੈ ? ਕਿ ਜਿਹੋ ਜਿਹਾ ਮੇਰਾ ਪੁੱਤਰ ਨਸ਼ੇੜੀ ਨਿਕਲਿਆ ਹੈ ?ਉਹੋ ਜਿਹਾ ਕਿਸੇ ਹੋਰ ਦਾ ਪੁੱਤਰ ਨਸ਼ੇੜੀ ਨਾ ਨਿਕਲੇ ?ਤੁਹਾਡੀ ਇਹੋ ਹੀ ਸੱਚੀ ਸਰਧਾਂਜਲੀ ਹੋਵੇਗੀ ?



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ
ਫਿਰੋਜ਼ਪੁਰ ਸੰਪਰਕ 7589155501



# ਮਾਨਸਿਕ ਸਿਹਤ ਦੇ ਸੰਦਰਭ ਵਿਚ ਇੱਕ ਅਣਗੌਲਿਆ ਸੱਚ

**ਸਰੀਰ ਅਤੇ ਮਨ ਦੀ ਹਰ ਅਵਸਥਾ ਤਾਕਤ (ਸ਼ਕਤੀ) 'ਤੇ ਅਧਾਰਤ ਹੁੰਦੀ ਹੈ ਜ਼ਿੰਦਗੀ ਵਿਚ ਜਿਹੜੀਆਂ ਸਰੀਰਕ ਅਤੇ ਮਨੋਵਿਗਿਆਨਕ ਸਥਿਤੀਆਂ ਵਿਚੋਂ ਅਸੀਂ ਲੰਘਦੇ ਹਾਂ ਉਨ੍ਹਾਂ ਵਿਚ ਇਕ ਅਧਾਰ ਤਾਕਤ ਹੁੰਦੀ ਹੈ। ਉਨ੍ਹਾਂ ਦਾ ਰਸਾਇਣਕ ਆਧਾਰ ਵੀ ਹੁੰਦਾ ਹੈ। ਆਧੁਨਿਕ ਅੰਗਰੇਜ਼ੀ ਦਵਾਈਆਂ ਇਕ ਤਰ੍ਹਾਂ ਨਾਲ ਰਸਾਇਣ ਹਨ। ਸਾਡੇ ਸਰੀਰ ਵਿੱਚ ਕੋਈ ਸਮੱਸਿਆ ਆਈ ਤੇ ਉਸਦੇ ਇਲਾਜ ਵਜੋਂ ਅਸੀਂ ਕੋਈ ਦਵਾਈ ਲਈ ਭਾਵ, ਅਸੀਂ ਇਕ ਰਸਾਇਣ ਲੈ ਕੇ ਆਪਣੇ ਅੰਦਰ ਸੰਤੁਲਨ ਪੈਦਾ ਕਰਦੇ ਹਾਂ। ਜਦੋਂ ਅਸੀਂ ਕਿਸੇ ਪ੍ਰਭਾਵ ਨੂੰ ਘਟਾਉਣ ਜਾਂ ਵਧਾਉਣ ਲਈ ਕਿਸੇ ਰਸਾਇਣ ਦੀ ਵਰਤੋਂ ਕਰਦੇ ਹਾਂ, ਤਾਂ ਇਸਦਾ ਇਕ ਪਲਟਵਾਂ ਪ੍ਰਭਾਵ ਵੀ ਹੁੰਦਾ ਹੈ ਜਿਸ ਨੂੰ ਅਸੀਂ ਆਮ ਤੌਰ 'ਤੇ ਇਸ ਦੇ 'ਮਾੜੇ ਪ੍ਰਭਾਵ' (ਸਾਈਡ ਐਫਕਟ) ਕਹਿੰਦੇ ਹਾਂ।**

ਵਿਚਾਰਾਂ ਦੀ ਵੱਖਰਤਾ ਦੁਨੀਆਂ ਦਾ ਅਹਿਮ ਸਚ ਹੈ ,ਇਸਨੂੰ ਮੰਨੋ ਜਾਂ ਨਾ ਮੰਨੋ । ਜੇ ਮੰਨ ਲਵਾਂਗੇ ਤਾਂ ਜ਼ਿੰਦਗੀ ਸੁਖਾਲੀ ਹੋ ਜਾਵੇਗੀ, ਨਹੀਂ ਤਾਂ ਸਾਹਮਣੇ ਵਾਲੇ ਦੇ ਲੱਖ ਗੁਣ ਵੀ ਖਾਮੀਆਂ ਨਜਰ ਆਉਣਗੇ।

ਅਸੀਂ ਆਪਣੇ ਆਪ ਨੂੰ ਬਹੁਤ ਸਿਆਣਾ ਸਮਝਣ ਲੱਗੇ ਹਾਂ ਤੇ ਦੁਨੀਆਂ ਕਮਲੀ ਲਗਣ ਲੱਗੀ ਹੈ । ਹਰ ਕੰਮ ਦੀ ਕਾਹਲੀ ਰਹਿੰਦੀ ਹੈ । ਅਸੀਂ ਨਿੱਕੀ-ਨਿੱਕੀ ਗੱਲ 'ਤੇ ਖਿੱਝਣ ਲੱਗਦੇ ਹਾਂ। ਜਦੋਂ ਤੱਕ ਅਸੀਂ ਕਿਸੇ ਕੰਮ ਨੂੰ ਕਰ ਨਹੀਂ ਲੈਂਦੇ ਅੱਚਵੀ ਵਿਚ ਰਹਿੰਦੇ ਹਾਂ। ਘਰ ਵਿੱਚ ਬੱਚਿਆਂ ਦਾ ਸ਼ੋਰ ਸਹਿਣ ਨਹੀਂ ਹੁੰਦਾ। ਸਾਡੇ ਬੱਚੇ ਦੇ 99%ਅੰਕ ਆ ਗਏ ਪਰ ਸਾਨੂੰ ਲੱਗਦਾ ਹੈ ਕਿ 100% ਕਿਉਂ ਨਹੀਂ ਆਏ, ਇੱਕਲੇ ਬੈਠੇ ਆਪਣੇ ਆਪ ਨਾਲ ਹੀ ਗੱਲਾਂ ਕਰਦੇ ਰਹਿੰਦੇ ਹੋ। ਦੂਜਿਆਂ ਨੂੰ ਖੁਸ਼ ਦੇਖ ਕੇ ਮਨ ਦੁਖੀ ਹੋਣ ਲਗਦਾ ਹੈ। ਦੋਸਤ ਨੇ ਵੱਡੀ ਗੱਡੀ ਲੈ ਲਈ ਆਦਿ ਗੱਲਾਂ ਮਹਿਸੂਸ ਹੋਣ ਲੱਗਣ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਡੀ ਜ਼ਿੰਦਗੀ ਨਵਾਂ ਮੋੜ ਲੈ ਰਹੀ ਹੈ। ਜਿਸਦਾ ਰਸਤਾ ਡਾਕਟਰ ਵੱਲ ਨੂੰ ਜਾਂਦਾ ਹੈ। ਦੁਨੀਆਂ ਦਾ ਵੱਡਾ ਸੱਚ ਹੈ ਕਿ ਇਨਸਾਨ ਦੀ ਸ਼ਕਲ ਭਾਵੇਂ ਕਿਸੇ ਨਾਲ ਮਿਲ ਜਾਵੇ ਪਰ ਭਾਵਨਾਵਾਂ ਅਤੇ ਵਿਚਾਰ ਨਹੀਂ ਮਿਲਦੇ। ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਪਰਿਵਾਰ ਵਿਚ ਜਦੋਂ ਵੀ ਕੋਈ ਸਾਡੀ ਗੱਲ ਨਾਲ ਸਹਿਮਤ ਨਹੀਂ ਹੁੰਦਾ ਤਾ ਸਾਨੂੰ ਬੁਰਾ ਲਗਦਾ ਹੈ । ਅਸੀਂ ਦੁਨੀਆਂ ਦੇ ਤਕਰੀਬਨ ਹਰ ਸੱਚ ਨੂੰ ਮੰਨਦੇ ਹਾਂ ਪਰ ਇਸ ਗੱਲ ਨੂੰ ਨਹੀਂ ਮੰਨ ਪਾਉਂਦੇ ਕਿ ਸਾਹਮਣੇ ਵਾਲੇ ਦੇ ਵਿਚਾਰ ਸਾਡੇ ਤੋਂ ਵੱਖਰੇ ਵੀ ਹੋ ਸਕਦੇ ਹਨ । ਵਿਚਾਰਾਂ ਦੀ ਵੱਖਰਤਾ ਇਸ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਲੋਕ ਆਮ ਤੌਰ 'ਤੇ ਆਪਣੀ ਸਰੀਰਕ ਸਿਹਤ ਤੇ ਮਾਨਸਿਕ ਸਿਹਤ ਵੱਲ ਬਹੁਤਾ ਧਿਆਨ ਨਹੀਂ ਦਿੰਦੇ। ਅਸੀਂ ਲੋਕ ਬਹੁਤ ਸਾਰੀਆਂ ਚੀਜ਼ਾਂ ਨੂੰ ਨਜ਼ਰ-ਅੰਦਾਜ਼ ਕਰਦੇ ਹਾਂ। ਇਸ ਲਈ ਹੱਥਲੇ ਲੇਖ ਵਿਚ ਅਸੀਂ ਸਿਹਤ ਅਤੇ ਖਾਸ ਤੌਰ 'ਤੇ ਮਾਨਸਿਕ ਸਹਿਤ ਬਾਰੇ ਗੱਲ ਕਰਾਂਗੇ ।

ਪਰ ਉਸ ਤੋਂ ਪਹਿਲਾਂ ਇਕ ਚੈਨਲ ਵਲੋਂ ਪੁੱਛੇ ਗਏ ਇਹਨਾਂ ਦਸ ਸਵਾਲਾਂ ਨੂੰ ਜ਼ਰੂਰ ਵਿਚਾਰਨਾ ਬਣਦਾ ਹੈ ਜੇ ਇਨ੍ਹਾਂ 10 ਸਵਾਲਾਂ ਦੇ ਜਵਾਬ ਹਾਂ ਹਨ, ਤਾਂ ਸਾਨੂੰ ਆਪਣੇ ਆਪ ਦੀ ਸੰਭਾਲ ਕਰਨੀ ਬਣਦੀ ਹੈ ।

1. ਕੀ ਸਾਡੇ ਕੋਲ ਲੋਕਾਂ ਨੂੰ ਅਤੇ ਆਪਣੇ ਸ਼ੌਂਕ ਸਮਾਂ ਦੇਣ ਦਾ ਸਮਾਂ ਨਹੀਂ ਰਿਹਾ ? ਭਾਵ ਅਸੀਂ ਆਪਣੇ ਆਪ ਨੂੰ ਰੁੱਝਿਆ ਹੋਇਆ ਮਹਿਸੂਸ ਕਰਦੇ ਹਾਂ ?
2. ਕੀ ਸਾਡੀ ਨੀਂਦ, ਭੁੱਖ ਅਤੇ ਸੋਚਣ ਦਾ ਤਰੀਕਾ ਬਦਲ ਗਿਆ ਹੈ ?
3. ਕੀ ਅਸੀਂ ਭਵਿੱਖ ਬਾਰੇ ਨਾ ਉਮੀਦੀ ਅਤੇ ਨਿਰਾਸ਼ਾਵਾਦੀ ਹੋ ਗਏ ਹਾਂ ?
4. ਕੀ ਸਾਨੂੰ ਲਗਦਾ ਹੈ ਕਿ ਸਾਡੀ ਪੁਰਾਣੀ ਨੌਕਰੀ ਹੁਣ ਮੁਸ਼ਕਲਾਂ ਨਾਲ ਭਰੀ ਹੋਈ ਹੈ ? ਕੀ ਸਾਡਾ ਕੰਮ ਕਰਨ ਨੂੰ ਦਿਲ ਨਹੀਂ ਕਰਦਾ ?
5. ਕੀ ਅਸੀਂ ਦੇਖਿਆ ਹੈ ਕਿ ਸਾਡਾ ਚਿੱਤ ਕਈ ਵਾਰ ਬਹੁਤ ਜਿਆਦਾ ਖੁਸ਼ ਅਤੇ ਕਈ ਵਾਰ ਬਹੁਤ ਉਦਾਸ ਹੋ ਜਾਂਦਾ ਹੈ ?
6. ਕੀ ਸਾਨੂੰ ਅਚਾਨਕ ਆਪਣੀ ਇਕਾਗਰਤਾ ਬਣਾਉਣ ਵਿਚ ਔਖਾਈ ਮਹਿਸੂਸ ਹੋਣ ਲੱਗੀ ਹੈ ? ਕੀ ਅਸੀਂ ਹੁਣ ਪਹਿਲਾਂ ਵਾਂਗ ਕਿਸੇ ਵੀ ਚੀਜ 'ਤੇ ਧਿਆਨ ਨਹੀਂ ਦੇ ਪਾ ਰਹੇ ?
7. ਕੀ ਸਾਨੂੰ ਲਗਦਾ ਹੈ ਕਿ ਸਾਡੀ ਯਾਦ ਸ਼ਕਤੀ ਕਮਜ਼ੋਰ ਹੈ ਜਾਂ ਸਾਨੂੰ ਕੁਝ ਸਮਝਣ ਵਿੱਚ ਮੁਸ਼ਕਲ ਆ ਰਹੀ ਹੈ ?
8. ਕੀ ਅਸੀਂ ਅਚਾਨਕ ਬਹੁਤ ਘਬਰਾਉਂਦੇ ਹਾਂ, ਕੀ ਸਾਨੂੰ ਸਾਹ ਦੀ ਗਤੀ ਵਿਚ ਕੋਈ ਬਦਲਾਅ ਮਹਿਸੂਸ ਹੁੰਦਾ ਹੈ ?
9. ਕੀ ਸਾਡਾ ਵਿਵਹਾਰ ਪਹਿਲਾਂ ਨਾਲੋਂ ਬਦਲ ਗਿਆ ਹੈ ,ਕੀ ਅਸੀਂ ਰੋਣਾ ਚਾਹੁੰਦੇ ਹੋ?
10. ਕੀ ਅਸੀਂ ਆਪਣੇ ਆਸ-ਪਾਸ ਦੇ ਲੋਕਾਂ ਨਾਲ ਗੱਲ ਕਰਨ ਸਮੇਂ ਅਸਹਿਜ ਮਹਿਸੂਸ ਕਰਦੇ ਹਾਂ, ਕੀ ਅਸੀਂ ਉਨ੍ਹਾਂ ਨਾਲ ਗੱਲ ਕਰਨ ਤੋਂ ਝਿਜਕਦੇ ਹਾਂ ?

ਜੇਕਰ ਇਹਨਾਂ ਸਵਾਲਾ ਦੇ ਜਵਾਬ ਸਾਡੇ 'ਤੇ ਢੁੱਕਦੇ ਮਹਿਸੂਸ ਹੁੰਦੇ ਨੇ ਤਾਂ ਸਾਨੂੰ ਸਭ ਕੁਝ ਛੱਡ ਕੇ ਆਪਣੀ ਸਿਹਤ ਵੱਲ ਧਿਆਨ ਦੇਣਾ ਬਣਦਾ ਹੈ । ਪਹਿਲਾਂ ਸਿਹਤ ਕੀ ਹੁੰਦੀ ਹੈ ? ਇਸ ਬਾਰੇ ਵਿਚਾਰ ਕਰਦੇ ਹਾਂ ।'ਸਿਹਤ' ਦਾ ਅੰਗਰੇਜ਼ੀ ਸਮਾਨਾਰਥੀ ਮੂਲ ਰੂਪ ਵਿਚ ਸ਼ਬਦ 'ਹੋਲ' ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ 'ਪੂਰੀ', ਭਾਵ ਪੂਰੀ ਤਰ੍ਹਾਂ ਠੀਕ ਹੋਣਾ। ਸਰੀਰਕ ਅਤੇ ਮਾਨਸਿਕ ਤੌਰ 'ਤੇ ਆਪਣੇ ਆਪ ਨੂੰ 'ਸਿਹਤਮੰਦ ਮਹਿਸੂਸ ਕਰਨਾ', ਭਾਵ, ਅਸੀਂ ਆਪਣੇ ਅੰਦਰ ਪੂਰਨਤਾ ਮਹਿਸੂਸ ਕਰਦੇ ਹਾਂ। ਡਾਕਟਰੀ ਤੌਰ 'ਤੇ, ਜੇ ਅਸੀਂ ਬਿਮਾਰੀਆਂ ਤੋਂ ਮੁਕਤ ਹਾਂ ਤਾਂ ਸਾਨੂੰ ਸਿਹਤਮੰਦ ਮੰਨਿਆ ਜਾਂਦਾ ਹੈ ਪਰ ਇਹ ਸਿਹਤ ਨਹੀਂ ਹੈ। ਜਦੋਂ ਅਸੀਂ ਤਨ, ਮਨ ਅਤੇ ਆਤਮਾ ਨਾਲ ਇਕ ਪੂਰਨ ਮਨੁੱਖ ਵਾਂਗ ਮਹਿਸੂਸ ਕਰਦੇ ਹਾਂ, ਕੇਵਲ ਉਦੋਂ ਹੀ ਅਸੀਂ ਸਿਹਤਮੰਦ ਹਾਂ। ਦਰਅਸਲ ਬਹੁਤ ਸਾਰੇ ਲੋਕ ਹਨ ਜੋ ਡਾਕਟਰੀ ਤੌਰ ਤੇ ਸਿਹਤਮੰਦ ਹਨ, ਪਰ ਉਹ ਅਸਲ ਵਿੱਚ ਸਿਹਤਮੰਦ ਨਹੀਂ ਹਨ, ਕਿਉਂਕਿ ਉਹ ਮਾਨਸਿਕ ਤੌਰ 'ਤੇ ਚੰਗਾ ਮਹਿਸੂਸ ਨਹੀਂ ਕਰ ਰਹੇ। ਜੇ ਕੋਈ ਪੂਰਨਤਾ ਅਤੇ ਏਕਤਾ ਦਾ ਅਨੁਭਵ ਕਰਨਾ ਚਾਹੁੰਦਾ ਹੈ, ਤਾਂ ਇਹ ਜ਼ਰੂਰੀ ਹੈ ਕਿ ਉਸਦਾ ਸਰੀਰ, ਮਨ ਅਤੇ ਮੁੱਖ ਤੌਰ ਤੇ ਉਸਦੀ ਅੰਦਰਲੀ ਤਾਕਤ ਪੂਰਨ ਰੂਪ ਵਿਚ ਕੰਮ ਕਰੇ। ਸਰੀਰ ਅਤੇ ਮਨ ਦੀ ਹਰ ਅਵਸਥਾ ਤਾਕਤ (ਸ਼ਕਤੀ) 'ਤੇ ਅਧਾਰਤ ਹੁੰਦੀ ਹੈ ਜ਼ਿੰਦਗੀ ਵਿਚ ਜਿਹੜੀਆਂ ਸਰੀਰਕ ਅਤੇ ਮਨੋਵਿਗਿਆਨਕ ਸਥਿਤੀਆਂ ਵਿਚੋਂ ਅਸੀਂ ਲੰਘਦੇ ਹਾਂ ਉਨ੍ਹਾਂ ਵਿਚ ਇਕ ਅਧਾਰ ਤਾਕਤ ਹੁੰਦੀ ਹੈ। ਉਨ੍ਹਾਂ ਦਾ ਰਸਾਇਣਕ ਆਧਾਰ ਵੀ ਹੁੰਦਾ ਹੈ। ਆਧੁਨਿਕ ਅੰਗਰੇਜ਼ੀ ਦਵਾਈਆਂ ਇਕ ਤਰ੍ਹਾਂ ਨਾਲ ਰਸਾਇਣ ਹਨ। ਸਾਡੇ ਸਰੀਰ ਵਿੱਚ ਕੋਈ ਸਮੱਸਿਆ ਆਈ ਤੇ ਉਸਦੇ ਇਲਾਜ ਵਜੋਂ ਅਸੀਂ ਕੋਈ ਦਵਾਈ ਲਈ ਭਾਵ, ਅਸੀਂ ਇਕ ਰਸਾਇਣ ਲੈ ਕੇ ਆਪਣੇ ਅੰਦਰ ਸੰਤੁਲਨ ਪੈਦਾ ਕਰਦੇ ਹਾਂ। ਜਦੋਂ ਅਸੀਂ ਕਿਸੇ ਪ੍ਰਭਾਵ ਨੂੰ ਘਟਾਉਣ ਜਾਂ ਵਧਾਉਣ ਲਈ ਕਿਸੇ ਰਸਾਇਣ ਦੀ ਵਰਤੋਂ ਕਰਦੇ ਹਾਂ, ਤਾਂ ਇਸਦਾ ਇਕ ਪਲਟਵਾਂ ਪ੍ਰਭਾਵ ਵੀ ਹੁੰਦਾ ਹੈ ਜਿਸ ਨੂੰ ਅਸੀਂ ਆਮ ਤੌਰ 'ਤੇ ਇਸ ਦੇ 'ਮਾੜੇ ਪ੍ਰਭਾਵ' (ਸਾਈਡ ਐਫਕਟ)ਕਹਿੰਦੇ ਹਾਂ। ਫਿਰ ਇਸ ਮਾੜੇ ਪ੍ਰਭਾਵ ਤੋਂ ਬਚਾਉਣ ਲਈ ਇਕ ਤੋੜ ਹੈ, ਫਿਰ ਉਸਦੇ ਤੋੜ ਲਈ ਇਕ ਹੋਰ ਤੋੜ, ਇਹ ਇਕ ਬੇਅੰਤ ਲੜੀ ਹੈ। ਜੋ ਵੀ ਸਾਡੇ ਸਰੀਰ ਵਿੱਚ ਰਸਾਇਣਕ ਪੱਧਰ 'ਤੇ ਹੋ ਰਿਹਾ ਹੈ, ਇਹ ਸਿਰਫ ਸਾਡੀ ਅੰਦਰੂਨੀ ਤਾਕਤ ਦੁਆਰਾ ਕੰਟਰੋਲ ਕੀਤਾ ਜਾ ਸਕਦਾ ਹੈ। ਇਸਦੇ ਲਈ, ਸਾਡੀ ਸ਼ਕਤੀ ਨੂੰ ਇੱਕ ਵਿਸ਼ੇਸ਼ ਢੰਗ ਨਾਲ ਕਾਰਜਸ਼ੀਲ ਕਰਨਾ ਪਵੇਗਾ। ਜੇ ਕਿਸੇ ਵਿਅਕਤੀ ਦੇ ਸਰੀਰ ਵਿਚ ਤੇਜ਼ਾਬ ਦੀ ਜ਼ਿਆਦਾ ਮਾਤਰਾ ਹੁੰਦੀ ਹੈ, ਤਾਂ ਅਸੀਂ ਉਸ ਨੂੰ ਖਾਰੀ ਮਾਤਰਾ ਵਾਲੀਆਂ ਦਵਾਈਆਂ ਦਿੰਦੇ ਹਾਂ। ਪਰ ਤੇਜ਼ਾਬ ਦੀ ਜ਼ਿਆਦਾ ਮਾਤਰਾ ਕਿਉਂ ਹੈ ? ਇਹ ਉਸ ਦੇ ਦਿਮਾਗ, ਸਰੀਰ ਅਤੇ ਮੁੱਖ ਤੌਰ ਤੇ ਉਸਦੀ ਸ਼ਕਤੀ ਦੇ ਕੰਮ ਕਰਨ ਦੇ ਢੰਗ ਕਾਰਨ ਹੋ ਸਕਦਾ ਹੈ ।

ਅਜੋਕੇ ਦੌਰ ਵਿਚ ਸ਼ਰੀਰਿਕ ਸਿਹਤ ਨਾਲੋਂ ਵੱਧ ਚਿੰਤਾ ਦਾ ਵਿਸ਼ਾ ਮਾਨਸਿਕ ਸਿਹਤ ਹੈ । ਮੇਰੇ ਇਕ ਦੋਸਤ ਦਾ 22 ਸਾਲਾ ਭਰਾ ਨਿਊਜ਼ੀਲੈਂਡ ਤੋਂ ਆਇਆ ਸੀ। ਉਸ ਨਾਲ ਗੱਲਾਂ ਕਰਨ 'ਤੇ ਪਤਾ ਲੱਗਿਆ ਕੇ ਉਸਨੂੰ ਮਾਨਸਿਕ-ਤਣਾਅ ਦੀ ਸਮੱਸਿਆ ਹੈ । ਵਧੇਰੇ ਗੱਲਬਾਤ ਤੋਂ ਇਹ ਪਤਾ ਲੱਗਾ ਕਿ ਨਿਊਜ਼ੀਲੈਂਡ ਵਿਚ 15 ਸਾਲ ਤੇ ਇਸ ਤੋਂ ਵੱਧ ਉਮਰ ਦੇ ਲਗਭਗ 50% ਨੌਜਵਾਨ ਇਸ ਬਿਮਾਰੀ ਨਾਲ ਪੀੜ੍ਹਤ ਹਨ । ਮਾਨਸਿਕ-ਤਣਾਅ ਦੀ ਸਮੱਸਿਆ ਦਾ ਨੌਜਵਾਨਾਂ ਵਿਚ ਐਨਾ ਪ੍ਰਭਾਵ ਦੇਖਕੇ ਹੈਰਾਨੀ ਦੇ ਨਾਲ-ਨਾਲ ਉਦਾਸੀ ਹੋਈ। ਮਾਨਸਿਕ ਸੰਤੁਲਨ ਨੂੰ ਬਰਕਰਾਰ ਰੱਖਣਾ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਹੈ। ਉਹ ਸਮਾਂ ਜਦੋਂ ਅਸੀਂ ਆਪਣੇ-ਆਪ ਨਾਲੋਂ ਵੱਧ ਖਿਆਲ ਆਪਣੀ ਨੌਕਰੀ, ਪੈਸੇ, ਰਸੂਕ, ਦਿਖਾਵਾ ਤੇ ਇੱਛਾਵਾਂ ਦਾ ਰੱਖਣ ਲੱਗ ਜਾਂਦੇ ਹਾਂ ਤਾਂ ਸਾਡੀ ਰਾਤ ਦੀ ਨੀਂਦ ਗਾਇਬ ਹੋਣ ਲੱਗ ਜਾਂਦੀ ਹੈ ਇਸੇ ਤੋਂ ਹੀ ਵੱਡੀ ਬਿਮਾਰੀ ਦੀ ਸ਼ੁਰੂਆਤ ਹੁੰਦੀ ਹੈ ।

ਵੱਡੇ ਸ਼ਹਿਰਾਂ ਵਿਚ ਦਿਨੋਂ-ਦਿਨ ਵੱਧ ਰਹੇ ਮਾਨਸਿਕ ਰੋਗ ਨਿਵਾਰਨ ਕੇਂਦਰ ਇਸ ਗੱਲ ਦਾ ਵੱਡਾ ਸਬੂਤ ਹਨ ਕਿ ਆਉਣ ਵਾਲੇ ਸਮੇਂ ਵਿਚ ਸ਼ਰੀਰਿਕ ਇਲਾਜ ਨਾਲੋਂ ਜਿਆਦਾ ਮਾਨਸਿਕ ਇਲਾਜ਼ ਕੇਂਦਰ ਦੀ ਲੋੜ ਹੋਵੇਗੀ । ਵੱਡੀਆਂ ਯੂਨੀਵਰਸਿਟੀਆਂ ਵਿਚ ਮਨੋਵਿਗਿਆਨ ਦੇ ਕੋਰਸਾਂ ਦੇ ਸਲੇਬਸ ਵੱਡੀਆਂ ਤਬਦੀਲੀਆਂ ਦੇ ਗਵਾਹ ਬਣਨਗੇ। । ਇਸ ਖੇਤਰ ਵਿਚ ਕਾਰਜਸ਼ੀਲ ਇਕ ਦੋਸਤ ਨਾਲ ਗੱਲਬਾਤ ਵਿਚ ਪਤਾ ਲਗਿਆ ਕੇ ਵਧੀਆ ਮਨੋਵਿਗਿਆਨੀ ਕੋਲ ਆਉਣ ਵਾਲੇ ਇੱਕ ਸਾਲ ਤੱਕ ਸਾਡੇ ਇਲਾਜ਼ ਸਮਾਂ ਨਹੀਂ ਹੈ।

ਹਾਲਾਂਕਿ, ਮਾਨਸਿਕ ਬਿਮਾਰੀ ਦਾ ਕੋਈ ਇਕ ਵਿਸ਼ੇਸ਼ ਕਾਰਨ ਨਹੀਂ ਦੱਸਿਆ ਜਾ ਸਕਦਾ, ਪਰ ਇਸ ਦੇ ਬਾਵਜੂਦ, ਮਨੁੱਖੀ ਮਨੋਵਿਗਿਆਨ 'ਤੇ ਕੀਤੇ ਗਏ ਬਹੁਤ ਸਾਰੇ ਅਧਿਐਨਾਂ ਨੇ ਇਸ ਗੱਲ ਦੀ ਪ੍ਰੁਸ਼ਟੀ ਕੀਤੀ ਹੈ ਕਿ ਮਾਨਸਿਕ ਰੋਗ ਦੇ ਕੁਝ ਮੁੱਖ ਕਾਰਨ ਹੋ ਸਕਦੇ ਹਨ । ਇਹ ਮੰਨਿਆ ਜਾਂਦਾ ਹੈ ਕਿ ਘਰੇਲੂ ਸਮੱਸਿਆਵਾਂ ਸਾਡੇ ਉਪਰ ਬਹੁਤ ਮਾਰੂ ਪ੍ਰਭਾਵ ਪਾਉਂਦੀਆਂ ਹਨ। ਹਰ ਰੋਜ਼ ਦੇ ਕਲੇਸ਼ ਦਾ ਕੁਝ ਪ੍ਰਭਾਵ ਜਿੱਥੇ ਸਾਰੇ ਪਰਿਵਾਰਿਕ ਮੈਂਬਰਾਂ ਉਤੇ ਪੈਂਦਾ ਹੈ ਉੱਥੇ ਘਰ ਵਿਚਲੇ ਬੱਚੇ ਇਸਦੀ ਚਪੇਟ ਵਿਚ ਆ ਜਾਂਦੇ ਹਨ ਤੇ ਉਹ ਸਮਾਂ ਪਾ ਕੇ ਮਾਨਸਿਕ ਤਣਾਵ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਫਲਸਰੂਪ ਉਹ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ, ਜਿਸ ਦੇ ਇਲਾਜ਼ ਲਈ ਮਨੋਵਿਗਿਆਨਕ ਸਹਾਇਤਾ ਦੀ ਲੋੜ ਪੈਂਦੀ ਹੈ। ਜਦੋਂ ਵਿਅਕਤੀ ਦੇ ਸਿਰ 'ਤੇ ਸੱਟ ਲੱਗ ਜਾਂਦੀ ਹੈ ਤਾਂ ਮਾਨਸਿਕ ਬਿਮਾਰੀ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ। ਜੀਵਨ ਵਿਚ ਹੋਇਆਂ ਘਟਨਾਵਾਂ ਦਾ ਵੀ ਇਨਸਾਨ ਦੀ ਮਾਨਸਿਕ ਸਿਹਤ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ, ਛੋਟੇ ਬੱਚਿਆਂ ਦੇ ਹਾਲਤ ਵਿਚ ਇਸਦੇ ਹੋਰ ਵੀ ਗੰਭੀਰ ਪ੍ਰਭਾਵ ਪੈਂਦੇ ਹਨ। ਇੱਕ ਬੱਚੇ ਨਾਲ ਹੋਈ ਦੁਰਘਟਨਾ ਜਿਵੇਂ ਕਿ ਇੱਕ ਮਾਂ-ਪਿਓ ਦੀ ਮੌਤ, ਕਿਸੇ ਅਜ਼ੀਜ਼ ਦੀ ਮੌਤ, ਇੱਕ ਕਲਾਸ ਵਿੱਚ ਅਸਫਲਤਾ, ਆਦਿ ਦਾ ਪ੍ਰਭਾਵ ਬੱਚਿਆਂ ਦੇ ਦਿਮਾਗ 'ਤੇ ਕਾਫ਼ੀ ਡੂੰਘਾ ਹੁੰਦਾ ਹੈ ਤੇ ਅਕਸਰ ਉਹ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦੇ ਹਨ। ਕੁਝ ਲੋਕ ਇਸ ਸੱਚ 'ਤੇ ਵੀ ਵਿਸ਼ਵਾਸ ਨਹੀਂ ਕਰਦੇ ਕਿ ਮਾਨਸਿਕ ਬਿਮਾਰੀ ਗੈਰ ਕੁਦਰਤੀ ਭੋਜਨ ਕਾਰਨ ਵੀ ਹੋ ਸਕਦੀ ਹੈ। ਜੇ ਕੋਈ ਮਨੁੱਖ ਜ਼ਿਆਦਾ ਮਾਤਰਾ ਵਿਚ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦਾ ਹੈ, ਤਾਂ ਇਹ ਸਿਰਫ ਉਸ ਦੀ ਸਰੀਰਕ ਸਿਹਤ ਨੂੰ ਹੀ ਪ੍ਰਭਾਵਤ ਨਹੀਂ ਕਰਦਾ ਸਗੋਂ ਇਹ ਉਸਦੀ ਮਾਨਸਿਕ ਸਿਹਤ ਨੂੰ ਵੀ ਵਿਗਾੜਦਾ ਹੈ। ਨਤੀਜੇ ਵਜੋਂ, ਉਸਦਾ ਦਿਮਾਗ ਸਹੀ ਢੰਗ ਨਾਲ ਕੰਮ ਨਹੀਂ ਕਰ ਪਾਉਂਦਾ ਅਤੇ ਜਲਦੀ ਹੀ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ।

ਹਾਲਾਂਕਿ, ਮਾਨਸਿਕ ਬਿਮਾਰੀ ਕਾਰਨ ਲੋਕਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਇਸਦੇ ਬਾਵਜੂਦ, ਇਹ ਰਾਹਤ ਦੀ ਗੱਲ ਹੈ ਕਿ ਜੇ ਲੋਕ ਆਪਣੀ ਸਿਹਤ ਵੱਲ ਧਿਆਨ ਦਿੰਦੇ ਹਨ, ਤਾਂ ਉਹ ਮਾਨਸਿਕ ਬਿਮਾਰੀ ਨੂੰ ਰੋਕ ਸਕਦੇ ਹਨ।

ਕੋਈ ਵੀ ਵਿਅਕਤੀ ਛੋਟੇ ਛੋਟੇ ਨੁਕਤਿਆਂ ਨੂੰ ਧਿਆਨ ਵਿਚ ਰੱਖਕੇ ਮਾਨਸਿਕ ਬਿਮਾਰੀ ਨੂੰ ਰੋਕਣ ਵਿੱਚ ਸਫਲ ਸਾਬਤ ਹੋ ਸਕਦਾ ਹੈ। ਜ਼ਿਆਦਾਤਰ ਲੋਕ ਚਾਹ ਨੂੰ ਪਸੰਦ ਕਰਦੇ ਹਨ ਅਤੇ ਉਹ ਚਾਹ ਪੀ ਕੇ ਸਵੇਰ ਦੀ ਸ਼ੁਰੂਆਤ ਕਰਦੇ ਹਨ। ਹਾਲਾਂਕਿ, ਡਾਕਟਰੀ ਅਧਿਐਨ ਦੱਸਦੇ ਹਨ ਕਿ ਕਿ ਬਹੁਤ ਜ਼ਿਆਦਾ ਚਾਹ ਪੀਣਾ ਸਿਹਤ ਲਈ ਨੁਕਸਾਨਦੇਹ ਹੈ। ਇਨ੍ਹਾਂ ਅਧਿਐਨਾਂ ਵਿਚ, ਚਾਹ ਦੀ ਬਜਾਏ ਕੌਫ਼ੀ ਜਾਂ ਗ੍ਰੀਨ-ਟੀ ਪੀਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਕਿਉਂਕਿ ਉਹ ਚਾਹ ਨਾਲੋਂ ਸਿਹਤ ਲਈ ਘੱਟ ਨੁਕਸਾਨਦੇਹ ਹਨ। ਇਹ ਮਾਨਸਿਕ ਬਿਮਾਰੀ 'ਤੇ ਵੀ ਲਾਗੂ ਹੁੰਦਾ ਹੈ, ਜੇਕਰ ਕੋਈ ਵਿਅਕਤੀ ਚਾਹ ਦੀ ਬਜਾਏ ਗ੍ਰੀਨ ਟੀ ਜਾਂ ਕੌਫ਼ੀ ਦਾ ਸੇਵਨ ਕਰਦਾ ਹੈ, ਤਾਂ ਇਹ ਮਾਨਸਿਕ ਬਿਮਾਰੀ ਨੂੰ ਰੋਕਣ ਵਿਚ ਸਹਾਇਤਾ ਕਰਦਾ ਹੈ।

ਆਤਮ-ਵਿਸ਼ਵਾਸ਼ ਦਾ ਮਨੁੱਖੀ ਜੀਵਨ ਵਿਚ ਅਹਿਮ ਸਥਾਨ ਹੈ, ਸਾਰੇ ਲੋਕਾਂ ਲਈ ਆਤਮ-ਵਿਸ਼ਵਾਸ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਇਹ ਸਾਨੂੰ ਜ਼ਿੰਦਗੀ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਦੀ ਤਾਕਤ ਦਿੰਦਾ ਹੈ। ਇਸ ਤੋਂ ਇਲਾਵਾ, ਜਿੱਥੋਂ ਤੱਕ ਮਾਨਸਿਕ ਬਿਮਾਰੀ ਦਾ ਸੰਬੰਧ ਹੈ, ਤਾਂ ਆਤਮ-ਵਿਸ਼ਵਾਸ ਨਾਲ ਭਰਪੂਰ ਵਿਅਕਤੀ ਨੂੰ ਮਾਨਸਿਕ ਬਿਮਾਰੀ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ।

ਮਨੁੱਖੀ ਸਰੀਰ ਨੂੰ ਨੌ-ਬਰ-ਨੌਂ ਰੱਖਣ ਵਿਚ ਨੀਂਦ ਦਾ ਅਹਿਮ ਰੋਲ ਅਦਾ ਕਰਦੀ ਹੈ, ਅਸੀਂ ਸਾਰੇ ਜਾਣਦੇ ਹਾਂ ਕਿ ਹਰ ਵਿਅਕਤੀ ਲਈ ਪੂਰੀ ਨੀਂਦ ਲੈਣਾ (6-8 ਘੰਟੇ) ਕਿੰਨਾ ਮਹੱਤਵਪੂਰਣ ਹੈ। ਘੱਟ ਸੌਣਾ ਕਿਸੇ ਵੀ ਵਿਅਕਤੀ ਲਈ ਨੁਕਸਾਨਦੇਹ ਸਿੱਧ ਹੋ ਸਕਦਾ ਹੈ ਅਤੇ ਇਹ ਉਨ੍ਹਾਂ ਨੂੰ ਬਿਮਾਰ ਵੀ ਕਰ ਸਕਦਾ ਹੈ। ਇਸ ਕਾਰਨ ਕਰਕੇ, ਜੇ ਅਸੀਂ ਮਾਨਸਿਕ ਬਿਮਾਰੀ ਤੋਂ ਬਚਣਾ ਚਾਹੁੰਦੇ ਹਾਂ ਤਾਂ ਸਾਨੂੰ ਪੂਰੀ ਨੀਂਦ ਲੈਣੀ ਚਾਹੀਦੀ ਹੈ। ਦੋਸਤਾਂ ਦਾ ਸਾਡੇ ਸਾਰਿਆਂ ਦੇ ਜੀਵਨ ਵਿੱਚ ਇੱਕ ਬਹੁਤ ਖਾਸ ਸਥਾਨ ਹੁੰਦਾ ਹੈ, ਉਹ ਖੁਸ਼ਹਾਲੀ ਦੇ ਨਾਲ ਨਾਲ ਦੁੱਖ ਵਿੱਚ ਵੀ ਸਾਡੀ ਸਹਾਇਤਾ ਕਰਦੇ ਹਨ। ਇਸ ਕਾਰਨ ਕਰਕੇ, ਜ਼ਿਆਦਾਤਰ ਮਨੋਵਿਗਿਆਨੀ ਮਾਨਸਿਕ ਬਿਮਾਰੀ ਵਾਲੇ ਲੋਕਾਂ ਨੂੰ ਦੋਸਤਾਂ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣ ਦੀ ਸਿਫਾਰਸ਼ ਕਰਦੇ ਹਨ, ਤਾਂ ਜੋ ਉਹ ਮਾਨਸਿਕ ਬਿਮਾਰੀ ਤੋਂ ਬਾਹਰ ਆ ਸਕਣ।

ਅੱਜਕਲ ਦੇ ਰੁਝੇਂਵਿਆਂ ਭਰੇ ਅਕਾਊ ਜੀਵਨ ਵਿਚ ਮਨੁੱਖ ਨੂੰ ਹੱਸਣ ਲਈ ਬਿਲਕੁਲ ਵੀ ਸਮਾਂ ਨਹੀਂ ਰਿਹਾ ਇਸੇ ਕਰਕੇ ਲਾਫਟਰ ਥੈਰੇਪੀ ਅਜੋਕੇ ਦੌਰ ਵਿੱਚ ਬਹੁਤ ਮਸ਼ਹੂਰ ਹੋ ਰਹੀ ਹੈ। ਕਿਉਂਕਿ ਹਾਸੇ ਨੂੰ ਬਹੁਤ ਤੰਦਰੁਸਤ ਮੰਨਿਆ ਜਾਂਦਾ ਹੈ, ਜਿਸ ਨਾਲ ਵਿਅਕਤੀ ਵਿਚ ਸਕਾਰਾਤਮਕ ਸ਼ਕਤੀ ਆਉਂਦੀ ਹੈ, ਮਾਹਰ ਲੋਕਾਂ ਨੂੰ ਹਾਸੇ ਦੀ ਥੈਰੇਪੀ ਕਰਨ ਦੀ ਸਿਫਾਰਸ਼ ਕਰਦੇ ਹਨ। ਇਸ ਲਈ ਮਾਨਸਿਕ ਬਿਮਾਰੀ ਦੀ ਰੋਕਥਾਮ ਵਿਚ ਲਾਫ਼ਟਰ ਥੈਰੇਪੀ ਇਕ ਲਾਭਕਾਰੀ ਉਪਾਅ ਸਾਬਤ ਹੋ ਸਕਦੀ ਹੈ।

ਮੌਜੂਦਾ ਸਮੇਂ ਭਾਰਤ ਵੀ ਮਾਨਸਿਕ ਬਿਮਾਰੀ ਦੀ ਚਪੇਟ ਵਿਚ ਆ ਰਿਹਾ ਹੈ ਇਸਦੇ ਵਧਣ ਦਾ ਅੰਦਾਜ਼ਾ ਅਰਥ-ਸ਼ਾਸਤਰ ਟਾਈਮਜ਼ ਵਿਚ ਪ੍ਰਕਾਸ਼ਤ ਰਿਪੋਰਟ ਤੋਂ ਲਗਾਇਆ ਜਾ ਸਕਦਾ ਹੈ। ਇਸ ਰਿਪੋਰਟ ਦੇ ਅਨੁਸਾਰ, ਭਾਰਤ ਵਿਚ 7.5 ਪ੍ਰਤੀਸ਼ਤ ਲੋਕ ਕਿਸੇ ਨਾ ਕਿਸੇ ਰੂਪ ਵਿਚ ਮਾਨਸਿਕ ਬਿਮਾਰੀ ਨਾਲ ਜੂਝ ਰਹੇ ਹਨ ਜਦੋਂਕਿ ਦੇਸ਼ ਵਿਚ ਸਿਰਫ 4,000 ਮਨੋਵਿਗਿਆਨੀ ਮੌਜੂਦ ਹਨ। ਇਹ ਅੰਕੜੇ ਮਾਨਸਿਕ ਬਿਮਾਰੀ ਦੀ ਗੰਭੀਰ ਸਥਿਤੀ ਬਾਰੇ ਦੱਸਣ ਲਈ ਕਾਫ਼ੀ ਹਨ, ਪਰ ਇਹ ਬਹੁਤ ਮੰਦਭਾਗਾ ਹੈ ਕਿ ਲੋਕਾਂ ਨੂੰ ਮਾਨਸਿਕ ਬਿਮਾਰੀ ਬਾਰੇ ਬਹੁਤ ਘੱਟ ਜਾਣਕਾਰੀ ਹੈ।

ਅੰਤ ਵਿਚ ਅਸੀਂ ਆਸ ਕਰਦੇ ਹਾਂ ਕਿ ਅਸੀਂ ਸਾਰੇ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਆਪਣੇ-ਆਪ ਲਈ ਸਮਾਂ ਕੱਢਾਂਗੇ। ਜਿਵੇਂ ਅਸੀਂ ਆਪਣੇ ਰੁਤਬੇ, ਨੌਕਰੀ, ਪੈਸੇ, ਸੁਪਨੇ ਤੇ ਰੀਝਾਂ ਦਾ ਖਿਆਲ ਰੱਖਦੇ ਹਾਂ, ਉਸੇ ਤਰ੍ਹਾਂ ਹੀ ਅਸੀਂ ਆਪਣੀ ਸਰੀਰਿਕ ਤੇ ਖਾਸ ਤੌਰ 'ਤੇ ਮਾਨਸਿਕ ਸਿਹਤ ਦਾ ਖਿਆਲ ਰੱਖਾਂਗੇ। ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਵਿਚ ਆਪਣਾ ਬਣਦਾ ਯੋਗਦਾਨ ਪਾਵਾਂਗੇ।

**ਸਿਕੰਦਰ ਸਿੰਘ ਸਿੱਧੂ (ਡਾ.)**
93554704273





# ਸੁਹਾਗਣਾਂ ਦਾ ਤਿਉਹਾਰ ਕਰਵਾ ਚੌਥ








ਵਰਸ਼ਾ ਵਰਮਾ (ਪਟਿਆਲਾ)
ਮੋ: 90234-91234

ਕਰਵਾ ਚੌਥ ਦਾ ਤਿਉਹਾਰ ਸੁਹਾਗਣਾਂ ਦਾ ਤਿਉਹਾਰ ਹੈ। ਕਰਵਾ ਚੌਥ ਦਾ ਵਰਤ ਔਰਤਾਂ ਲਈ ਸਭ ਤੋਂ ਖ਼ਾਸ ਮੰਨਿਆ ਜਾਣ ਵਾਲਾ ਵਰਤ ਹੈ। ਪਤੀ-ਪਤਨੀ ਦੇ ਖਾਸ ਰਿਸ਼ਤੇ ਨੂੰ ਦਰਸਾਉਂਦਾ ਇਹ ਤਿਉਹਾਰ ਪੂਰੇ ਭਾਰਤ ਵਿੱਚ ਰੀਤੀ-ਰਿਵਾਜ਼ਾਂ ਅਨੁਸਾਰ ਮਨਾਇਆ ਜਾਂਦਾ ਹੈ। ਇਸ ਦਿਨ ਵਿਆਹੁਤਾ ਔਰਤਾਂ ਆਪਣੇ ਪਤੀ ਦੀ ਲੰਬੀ ਉਮਰ ਲਈ ਨਿਰਜਲਾ ਵਰਤ ਰੱਖਦੀਆਂ ਹਨ। ਨਿਰਜਲਾ ਤੋਂ ਭਾਵ – ਬਿਨਾਂ ਅੰਨ ਅਤੇ ਜਲ ਤੋਂ। ਇਸ ਦਿਨ ਸੁਹਾਗਣ ਔਰਤਾਂ ਨਾ ਤਾਂ ਕੁੱਝ ਖਾਂਦੀਆਂ ਹਨ ਅਤੇ ਨਾ ਹੀ ਕੁੱਝ ਪੀ ਸਕਦੀਆਂ ਹਨ। ਸਵੇਰੇ ਸੂਰਜ ਚੜ ਨ ਤੋਂ ਪਹਿਲਾਂ ਤੋਂ ਲੈ ਕੇ ਚੰਨ ਚੜ ਨ ਤੱਕ ਸੁਹਾਗਣਾਂ ਇਹ ਵਰਤ ਰੱਖਦੀਆਂ ਹਨ। ਔਰਤਾਂ ਸ਼ਾਮ ਵੇਲੇ ਵਰਤ ਦੀ ਕਥਾ ਸੁਣ ਕੇ ਪਾਣੀ, ਚਾਹ ਜਾਂ ਦੁੱਧ ਪੀਂਦੀਆਂ ਹਨ। ਇਹ ਵਰਤ ਸੁਹਾਗਣਾਂ ਆਪਣੇ ਪਤੀ ਦੀ ਚੰਗੀ ਸਿਹਤ ਅਤੇ ਚਿਰ ਜਿਊਣ ਦੀ ਕਾਮਨਾ ਕਰਨ ਲਈ ਰੱਖਦੀਆਂ ਹਨ। ਕੱਤਕ ਮਹੀਨੇ ਦੀ ਚੌਥ ਨੂੰ ਮਨਾਇਆ ਜਾਣ ਵਾਲਾ ਕਰਵਾ ਚੌਥ ਦਾ ਤਿਉਹਾਰ ਇਸ ਸਾਲ 4 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ।

**ਕਰਵਾ ਚੌਥ ਦਾ ਅਰਥ**

ਕਰਵਾ ਚੌਥ ਦਾ ਵਰਤ ਝੱਕਰੀਆਂ ਦੇ ਵਰਤ ਤੋਂ ਚਾਰ ਦਿਨ ਪਹਿਲਾਂ, ਚੌਥ ਵਾਲੇ ਦਿਨ ਰੱਖਿਆ ਜਾਂਦਾ ਹੈ। ਕਰਵਾ ਚੌਥ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। ਕਰਵੇ ਤੋਂ ਭਾਵ ਮਿੱਟੀ ਦਾ ਭਾਂਡਾ, ਪਾਣੀ ਦਾ ਭਰਿਆ ਬਰਤਨ ਜਾਂ ਛੋਟਾ ਕੁੱਜਾ ਅਤੇ ਚੌਥ ਤੋਂ ਭਾਵ ਚਤੁਰਥੀ ਤੋਂ ਹੈ। ਇਸ ਤਿਉਹਾਰ 'ਤੇ ਮਿੱਟੀ ਦੇ ਕਰਵੇ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਪਾਣੀ ਦਾ ਭਰਿਆ ਕਰੁਆ ਜ਼ਿੰਦਗੀ ਦਾ ਪ੍ਰਤੀਕ ਹੈ। ਕਰੁਏ ਦੇ ਕਾਰਨ ਹੀ ਇਸ ਦਾ ਨਾਂ ਕਰਵਾ ਚੌਥ ਪਿਆ ਹੈ।

**ਹਾਰ-ਸ਼ਿੰਗਾਰ ਅਤੇ ਸ਼ਗਨਾਂ ਦੀ ਮਹਿੰਦੀ**

ਸਮਾਜਿਕ-ਸੱਭਿਆਚਾਰਕ ਮੌਕਿਆਂ ਨਾਲ ਮਹਿੰਦੀ ਦਾ ਸਬੰਧ ਇਸ ਹੱਦ ਤੱਕ ਜੁੜ ਗਿਆ ਹੈ ਕਿ ਇਸ ਨੇ ਸ਼ਗਨਾਂ ਅਤੇ ਰਸਮਾਂ ਦਾ ਮਹੱਤਵਪੂਰਨ ਰੂਪ ਅਖ਼ਤਿਆਰ ਲਿਆ ਹੈ। ਮਹਿੰਦੀ ਤੋਂ ਬਿਨਾਂ ਸੁਹਾਗਣਾਂ ਦਾ ਕੋਈ ਵੀ ਤਿਉਹਾਰ ਪੂਰਾ ਨਹੀਂ ਸਮਝਿਆ ਜਾਂਦਾ। ਕਰਵਾ ਚੌਥ ਤੋਂ ਇੱਕ-ਦੋ ਦਿਨ ਪਹਿਲਾਂ ਹੀ ਸੁਹਾਗਣ ਇਸਤਰੀਆਂ ਵੱਲੋਂ ਆਪਣੇ ਹੱਥਾਂ-ਪੈਰਾਂ 'ਤੇ ਮਹਿੰਦੀ ਲਗਾਈ ਜਾਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਮਹਿੰਦੀ ਦਾ ਰੰਗ ਜਿੰਨਾ ਗੂੜ ਾ ਹੁੰਦਾ ਹੈ, ਪਤੀ ਕੋਲੋਂ ਓਨਾ ਹੀ ਜ਼ਿਆਦਾ ਪਿਆਰ ਮਿਲਦਾ ਹੈ। ਕਰਵਾ ਚੌਥ ਆਉਣ ਤੋਂ ਪਹਿਲਾਂ ਹੀ ਔਰਤਾਂ 'ਚ ਭਾਰੀ ਚਾਅ 'ਤੇ ਉਤਸ਼ਾਹ ਹੁੰਦਾ ਹੈ। ਇਸ ਦਿਨ ਸੁਹਾਗਣਾਂ ਇਸਤਰੀਆਂ ਨਵੇਂ ਸੂਟ ਪਾ ਕੇ ਤੇ ਬਾਹਾਂ ਵਿੱਚ ਚੂੜੀਆਂ ਚੜ ਾ ਕੇ, ਹਾਰ-ਸ਼ਿੰਗਾਰ ਕਰਕੇ ਸੱਜਦੀਆਂ ਹਨ।

**ਸਰਘੀ ਅਤੇ ਵਰਤ ਦੀ ਸ਼ੁਰੂਆਤ**

ਸੁਹਾਗਣਾਂ ਇਸ ਵਰਤ ਦਾ ਆਗਾਜ਼ ਸਵੇਰੇ ਸੂਰਜ ਚੜ ਨ ਤੋਂ ਪਹਿਲਾਂ ਉੱਠ ਕੇ, ਨਹਾ ਕੇ, ਨਵੇਂ ਸੂਟ ਪਾ ਕੇ ਅਤੇ ਤਾਰਿਆਂ ਦੀ ਛਾਂਵੇਂ ਪੇਕਿਆਂ ਤੋਂ ਆਈ ਸਰਘੀ ਖਾ ਕੇ ਕਰਦੀਆਂ ਹਨ। ਸਰਘੀ ਵਿੱਚ ਮਿੱਠੀ ਰੋਟੀ, ਚੂਰੀ ਅਤੇ ਕੁੱਝ ਫਲ ਹੁੰਦੇ ਹਨ, ਜਿਹਨਾਂ ਦਾ ਸੇਵਨ ਕਰਕੇ ਸੁਹਾਗਣਾਂ ਆਪਣਾ ਵਰਤ ਸ਼ੁਰੂ ਕਰਦੀਆਂ ਹਨ। ਸਰਘੀ ਖਾਣ ਤੋਂ ਬਾਅਦ ਫਿਰ ਦਿਨ ਵਿੱਚ ਕੁਝ ਵੀ ਨਹੀਂ ਖਾਇਆ ਜਾਂਦਾ। ਇੱਥੋਂ ਤਕ ਕਿ ਪਾਣੀ ਦਾ ਘੁੱਟ ਵੀ ਨਹੀਂ ਪੀਤਾ ਜਾਂਦਾ।

**ਕਰਵਾ ਚੌਥ ਦੀ ਕਥਾ ਸੁਣਨਾ**

ਕਰਵਾ ਚੌਥ ਦਾ ਵਰਤ ਇੱਕ ਅਜਿਹਾ ਵਰਤ ਹੈ, ਜਿਸ ਦੀ ਕਥਾ ਸੁਹਾਗਣਾਂ ਕਿਸੇ ਪੰਡਤਾਣੀ ਕੋਲੋਂ ਸੁਣਦੀਆਂ ਹਨ। ਇਸ ਵਰਤ ਨੂੰ ਖੋਲ ਣ ਤੋਂ ਪਹਿਲਾਂ ਸ਼ਾਮ ਨੂੰ ਸੱਜ-ਧੱਜ ਕੇ ਅਤੇ ਸੋਲਾਂ ਸ਼ਿੰਗਾਰ ਕਰਕੇ ਸੁਹਾਗਣਾਂ ਹੱਥਾਂ ਵਿੱਚ ਥਾਲ ਲੈ ਕੇ, ਜਿਸ ਵਿਚ ਮੱਠੀਆਂ, ਬਦਾਮ, ਛੁਹਾਰੇ, ਪੈਸੇ ਆਦਿ ਵਸਤਾਂ ਹੁੰਦੀਆਂ ਹਨ, ਗੋਲ ਚੱਕਰ ਵਿਚ ਬੈਠਦੀਆਂ ਹਨ। ਥਾਲ ਵਟਾਂਦਰੇ ਸਮੇਂ ਉਹ ਰੱਲ ਕੇ ਗਾਉਂਦੀਆਂ ਹਨ-

ਕਰਵੜਾ ਨੀ ਕਰਵੜਾ, ਲੈ ਨੀ ਭੈਣੇ
ਕਰਵੜਾ

ਫਿਰ ਸਾਰੀਆਂ ਸੁਹਾਗਣਾਂ ਪੰਡਤਾਣੀ ਤੋਂ ਸੱਤ ਭਰਾਵਾਂ ਦੀ ਇਕ ਭੈਣ ਵਾਲੀ ਜਾਂ ਪਤੀ ਦੇ ਸਰੀਰ ਵਿਚ 365 ਕੰਡੇ ਖੁੱਭਣ ਵਾਲੀ ਪ੍ਰਚਲਿਤ ਮਿਥਿਹਾਸਕ ਕਹਾਣੀ ਸੁਣਦੀਆਂ ਹਨ। ਵਰਤ ਦੀ ਕਥਾ ਸੁਣ ਕੇ ਸਾਰੀਆਂ ਸੁਹਾਗਣਾਂ ਵੱਲੋਂ ਪਾਣੀ, ਚਾਹ ਜਾਂ ਦੁੱਧ ਪੀਤਾ ਜਾਂਦਾ ਹੈ।

**ਚੰਨ ਨੂੰ ਅਰਘ ਦੇਣਾ ਅਤੇ ਵਰਤ ਖੋਲ ਣਾ**

ਕਥਾ ਸੁਣਨ ਤੋਂ ਬਾਅਦ ਸਾਰੀਆਂ ਸੁਹਾਗਣ ਔਰਤਾਂ ਹਾਰ-ਸ਼ਿੰਗਾਰ ਕਰਕੇ ਸੱਜ-ਵਿਆਹੀਆਂ ਵਾਂਗ ਕੋਠਿਆਂ ਉੱਤੇ ਚੜ ਦੀਆਂ ਹਨ ਅਤੇ ਚੌਥ ਦੇ ਚੰਨ ਦੀ ਉਡੀਕ ਕਰਦੀਆਂ ਹਨ। ਮੰਨਿਆਂ ਜਾਂਦਾ ਹੈ ਕਿ ਚੰਨ ਦੇਖੇ ਬਿਨਾਂ ਇਹ ਵਰਤ ਅਧੂਰਾ ਮੰਨਿਆਂ ਜਾਂਦਾ ਹੈ। ਇਸ ਦਿਨ ਕਰੂਏ ਦੀ ਪੂਜਾ ਕੀਤੀ ਜਾਂਦੀ ਹੈ। ਕਰੂਏ ਵਿੱਚ ਪਾਣੀ ਭਰਿਆ ਜਾਂਦਾ ਹੈ ਅਤੇ ਜਦੋਂ ਚੰਨ ਨਿਕਲ ਆਉਂਦਾ ਹੈ, ਉਸ ਸਮੇਂ ਚੰਨ ਨੂੰ ਕਰੂਏ ਵਿੱਚ ਪਾਏ ਪਾਣੀ ਅਤੇ ਹੋਰ ਪਦਾਰਥਾਂ ਨਾਲ ਅਰਘ ਦਿੱਤਾ ਜਾਂਦਾ ਹੈ। ਫਿਰ ਸਾਰੀਆਂ ਸੁਹਾਗਣਾਂ ਛਾਨਣੀ ਨਾਲ ਪਹਿਲਾਂ ਚੰਨ ਨੂੰ ਵੇਖਦੀਆਂ ਹਨ ਤੇ ਫਿਰ ਆਪਣੇ ਪਤੀ ਨੂੰ। ਉਹ ਆਪਣੇ ਪਤੀ ਦੀ ਲੰਮੀ ਉਮਰ ਦੀ ਕਾਮਨਾ ਕਰਦੀਆਂ ਹਨ ਅਤੇ ਆਪਣੇ ਪਤੀ ਦੇ ਹੱਥੋਂ ਪਾਣੀ ਪੀ ਕੇ ਅਤੇ ਕੋਈ ਮਿੱਠੀ ਚੀਜ਼ ਖਾ ਕੇ ਸੁਹਾਗਣਾਂ ਆਪਣਾ ਵਰਤ ਖੋਲ ਦੀਆਂ ਹਨ। ਇਸ ਗੀਤ ਵਿੱਚ ਚੰਨ ਨੂੰ ਦੇਵਤਾ ਮੰਨ ਕੇ ਸਾਰੇ ਕਰਮ-ਕਾਂਡ ਕੀਤੇ ਜਾਂਦੇ ਹਨ। ਚੰਨ ਨੂੰ ਵੇਖ ਕੇ ਵਰਤ ਤੋੜਨਾ, ਉਸ ਨੂੰ ਅਰਘ ਦੇਣਾ, ਪੂਜਾ ਕਰਨੀ ਆਦਿ ਇਸ ਰਸਮ ਦੇ ਅਹਿਮ ਹਿੱਸੇ ਹਨ। ਕਰਵਾ ਚੌਥ ਦੇ ਵਰਤ ਵਿਚ ਭਗਵਾਨ ਸ਼ਿਵ, ਮਾਤਾ ਪਾਰਵਤੀ, ਕਾਰਤੀਕੇ, ਭਗਵਾਨ ਗਣੇਸ਼ ਅਤੇ ਚੰਨ ਦੀ ਪੂਜਾ ਕੀਤੀ ਜਾਂਦੀ ਹੈ।

ਪਤੀ ਦੀ ਲੰਮੀ ਉਮਰ ਦਾ ਪ੍ਰਤੀਕ ਕਰਵਾ ਚੌਥ ਦੇ ਤਿਉਹਾਰ ਦੇ ਮਾਇਨੇ ਲਗਾਤਾਰ ਬਦਲਦੇ ਜਾ ਰਹੇ ਹਨ। ਬਦਲਦੇ ਦੌਰ 'ਚ ਜਿੱਥੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਸਮਝਿਆ ਜਾਂਦਾ ਹੈ, ਉੱਥੇ ਮਰਦ ਵੀ ਇਸ ਤਿਉਹਾਰ ਨੂੰ ਇਸਤਰੀਆਂ ਦੇ ਬਰਾਬਰ ਮਹੱਤਵ ਦਿੰਦੇ ਹਨ। ਹੁਣ ਪਤੀ ਵੀ ਆਪਣੇ ਸਫਲ ਵਿਆਹੁਤਾ ਜੀਵਨ ਲਈ ਆਪਣੀਆਂ ਪਤਨੀਆਂ ਦੇ ਨਾਲ ਕਰਵਾ ਚੌਥ ਦਾ ਵਰਤ ਰੱਖਣ ਲੱਗ ਪਏ ਹਨ।

# ਸਰਬ ਭਾਰਤ ਦੀ ਜਮਹੂਰੀਅਤ ਨੂੰ ਖਤਰਾ



ਪਾਸ਼ ਔਜਲਾ

ਏਸ ਸੰਘਰਸ਼ਾਂ ਦੇ ਦੌਰ ਚੱ ਜੋ ਅੱਜ ਅਸੀਂ ਦੇਖ ਰਹੇ ਹਾਂ ਕਿ ਪੰਜਾਬ ਚ ਵੰਨ ਸੁਵੰਨੇ ਫੁੱਲ ਖਿੜ ਪਏ ਨੇ ਕਿਸਾਨੀ ਸੰਘਰਸ਼ ਆਪਣੇ ਸਿਖਰ ਤੇ ਪਹੁੰਚਦਾ ਹੋਇਆ ਸਰਕਾਰਾਂ ਨੂੰ ਦਹਾੜਦਾ ਹੋਇਆ ਅੱਗੇ ਵੱਧ ਰਿਹਾ ਹੈ

ਕਿਸਾਨ ਮਜ਼ਦੂਰ ਵਰਗ ਸਦੀਆਂ ਤੋਂ ਲਤਾੜਿਆ ਰਿਹਾ ਪਿੱਠਾਂ ਤੇ' ਕਰਜ਼ਿਆਂ ਦੇ ਭਾਰ ਸਰਕਾਰਾਂ ਦੀ ਲੁੱਟ ਦਾ ਸ਼ਿਕਾਰ ਹੁੰਦਾ ਰਿਹਾ ਮੁੱਢ ਤੋਂ ਹੀ ਸਰਕਾਰਾਂ ਮਜ਼ਦੂਰਾਂ ਕਿਸਾਨਾਂ ਲੋਕਾਂ ਨੂੰ ਫਾਹੇ ਲਾਉਂਦੀਆਂ ਆਈਆਂ

ਜਿਹੜੇ ਮਜ਼ਦੂਰ ਕਿਸਾਨ ਨੂੰ ਸਰਕਾਰ ਸਾਰੀ ਉਮਰ ਲਤਾੜਦੀ ਰਹੀ ਨਿਚੋੜਦੀ ਰਹੀ ਖੂਨ ਪੀਂਦੀ ਰਹੀ ਕੀੜੇ ਮਕੌੜੇ ਸਮਝਦੇ ਹੋਏ ਮਜ਼ਦੂਰਾਂ ਦਲਿਤ ਵਰਗਾਂ ਨੂੰ ਬੇਇੱਜ਼ਤ ਕਰਦੀ ਰਹੀ

ਤੇ ਜਿਵੇਂ ਕਿ ਅਸੀਂ ਵੇਖ ਰਹੇ ਹਾਂ ਕਿ ਸਮੇਂ ਨੇ ਕਰਵਟ ਲਈ ਤੇ ਅੱਜ ਰਵਾਇਤੀ ਵੋਟ ਪਾਰਟੀਆਂ ਜਿਨ੍ਹਾਂ ਨੂੰ ਡਰ ਹੈ ਕਿ 2022 ਦੀਆਂ ਵੋਟਾਂ ਅਤੇ ਕੁਰਸੀ ਤੇ ਸੱਤਾ ਦਾ ਲਾਲਚ ਖਾ ਰਿਹਾ ਤੇ ਵੱਖੋ -ਵੱਖਰੇ ਕਾਰਜ ਕਰਾ ਰਿਹਾ

ਤੇ ਜਦੋਂ ਅੱਜ ਸਰਕਾਰਾਂ ਕੋਲ ਕਹਿਣ ਲਈ ਕੁਝ ਨਾ ਬਚਿਆ ਤਾਂ ਉਨ੍ਹਾਂ ਸਮੇਂ ਦਾ ਰੁੱਖ ਦੇਖਦਿਆਂ ਸਿਰਫ਼ ਤੇ ਸਿਰਫ਼ ਟਰੈਕਟਰਾਂ ਤੇ ਬੈਠ ਭਲਵਾਨੀ ਗੇੜੇ ਕੱਢ ਪੰਜਾਬ ਦੇ ਉੱਪਰੋਂ -ਉੱਪਰੋਂ ਦਿੰਦੇ ਹੋਏ ਉਹ ਵੱਖੋ ਵੱਖਰੇ ਟਰੈਕਟਰ ਤੇ ਜੱਦੀ ਪੁਸ਼ਤੀ ਚੱਲਦਾ ਆ ਰਿਹਾ ਚੋਣ ਨਿਸ਼ਾਨ ਸਿਰਫ਼ ਤੇ ਸਿਰਫ਼ ਹਾਜ਼ਰੀ ਲਵਾਉਂਦੇ ਹੋਏ ਰਵਾਇਤੀ ਪਾਰਟੀਆਂ ਨੇ ਆਪਣੇ ਆਪਣੇ ਨਾਟਕ ਖੇਡੇ ਇੱਕ ਦਿਨ ਦੀ ਸ਼ਾਰਟ ਫਿਲਮ ਬਣਾਈ

ਸਿਰਫ਼ ਤੇ ਸਿਰਫ਼ ਲੋਕਾਂ ਦਾ ਦਿਲ ਜਿਤਣ ਦੀਆਂ ਕੋਸ਼ਿਸ਼ਾਂ ਕਰਦੀ ਹੋਈ ਅੱਜ ਮਜ਼ਦੂਰ ਵਰਗ ਦੀ ਗੱਲ ਨੂੰ ਮੁੱਖ ਰੱਖਦਿਆਂ ਕਿਸਾਨਾਂ ਨੂੰ ਧਿਆਨ ਚ ਰੱਖਦਿਆਂ ਮਜਦੂਰਾਂ ਨੂੰ ਮੋਢੇ ਤੇ ਬਿਠਾ ਲੋਕ ਭਰਮਾਊ ਫਲਾਪ ਰੋਡ ਸ਼ੋਅ ਕਰਦੀਆਂ ਹੋਈਆਂ ਮੌਕੇ ਦੀਆਂ ਤਸਵੀਰਾਂ ਬਣਾਉਂਦੀਆਂ ਹੋਈਆਂ ਸੱਤਾ ਚੱ ਐਂਟਰ ਕਰਨ ਸਾਰ ਫਿਰ ਤੋਂ ਝੂਠੇ ਵਾਇਦਿਆਂ ਨੂੰ ਪਾਸੇ ਰੱਖ ਫਿਰ ਤੋਂ ਮਜ਼ਦੂਰ ਦਲਿਤਾਂ ਕਿਸਾਨਾਂ ਨੋਜਵਾਨਾ ਨੂੰ ਤੇ ਕੁੱਲ ਲੁਕਾਈ ਨੂੰ ਮੁੜ ਤੋਂ ਚਰਖੜੀਆਂ ਤੇ ਚਾੜ੍ਹ ਦੇਣਗੀਆਂ ਇਹ ਇਸ ਮੋਦੀ ਯੋਗੀ ਵਿੱਚ ਜਿਹੜਾ ਹਿਟਲਰ ਬੋਲਦਾ ਹੈ ਉਸ ਦਾ ਅੰਤ ਲਾਜ਼ਿਮ ਹੈ ।

ਮੋਦੀ ਯੋਗੀ ਭਾਜਪਾ ਸਰਕਾਰ ਦੇ ਰੋਜ਼ਾਨਾ ਹੀ ਹਜ਼ਾਰਾਂ ਪੁਤਲੇ ਫੂਕੇ ਜਾ ਰਹੇ ਹਨ ਮੋਦੀ ਹਿਟਲਰ ਦੇ ਬੁੱਤ ਬਣਾ ਕੇ ਛਿੱਤਰ ਮਾਰੇ ਜਾ ਰਹੇ ਹਨ ਸੱਭਿਆਚਾਰ ਵਿੰਗ ਦੀਆਂ ਟੀਮਾਂ ਪਿੰਡ ਪਿੰਡ ਲੋਕ ਪੱਖੀ ਨਾਟਕ ਖੇਡ ਰਹੀਆਂ

ਲੋਕਾਂ ਦੇ ਦੁੱਖਾਂ ਨੂੰ ਗੀਤਾਂ ਚ ਪਰੋਇਆ ਜਾ ਰਿਹੈ ਨੌਜਵਾਨ ਵਿਦਿਆਰਥੀ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਨੇ

ਮਜ਼ਦੂਰ ਕਿਸਾਨ ਨੌਜਵਾਨਾਂ ਦੀ ਤਾਕਤ ਨੇ ਦਿੱਲੀ ਨੂੰ ਪੰਜਾਬ ਚ ਗੇੜੇ ਕੱਢਣ ਲਈ ਮਜਬੂਰ ਕਰ ਦਿੱਤਾ

ਭਾਰਤ ਦੀ ਮਜ਼ਦੂਰ ਜਮਾਤ ਨੇ ਬਗ਼ਾਵਤ ਦਾ ਸੁਨੇਹਾ ਦੇ ਕੇ ਸਰਮਾਏਦਾਰਾਂ ਦਾ ਕੀਤਾ ਪਰਦਾਫਾਸ਼ ਸਰਕਾਰਾਂ ਦੀ ਪਤੰਗ ਦੀਆਂ ਡੋਰਾਂ ਵਾਂਗ ਉਲਝਾਏ ਲੋਕ ਵੱਖੋ ਵੱਖਰੇ ਫ਼ਿਰਕਿਆਂ ਚ ਵੰਡ ਜਾਤਾਂ ਪਾਤਾਂ ਧਰਮਾਂ ਦੇ ਗੇੜ ਚ ਫਸੇ ਵਰ੍ਹਿਆਂ ਤੋਂ ਕੰਗਾਲੀਆਂ ਹੰਢਾ ਰਹੇ ਨੇ

ਦੂਜੇ ਪਾਸੇ ਕਰੋੜਪਤੀਆਂ ਦੀਆਂ ਗਿਣਤੀਆਂ ਮਿਣਤੀਆਂ ਚ ਲਗਾਤਾਰ ਚੋਖੇ ਵਾਧੇ ਹੋ ਰਹੇ ਨੇ

ਅੱਜ ਕਾਲੇ ਕਨੂੰਨ ਦਾ ਵਿਰੋਧ ਚੱ ਬੱਚੇ ਨੌਜਵਾਨ ਕਿਸਾਨ ਵਿਦਿਆਰਥੀ ਮਜ਼ਦੂਰ ਮੁਲਾਜ਼ਮ ਵਕੀਲ ਵੱਡੀ ਪੱਧਰ ਚੱ ਸੰਘਰਸ਼ਾਂ ਚੱ ਹਿੱਸਾ ਲੈ ਰਹੇ ਨੇ ।

ਸ਼ਮੂਲੀਅਤ ਕਰ ਰਹੇ ਨੇ ਹਿੰਦੁਸਤਾਨ ਦੀਆਂ ਮਜ਼ਦੂਰ ਕਿਸਾਨ ਤਾਕਤਾਂ ਨੇ ਸਰਮਾਏਦਾਰਾਂ ਨੂੰ ਲਲਕਾਰਿਆ ਤੇ ਮਜ਼ਦੂਰ ਕਿਸਾਨ ਸਾਂਝੇ ਮੋਰਚਿਆਂ ਚ ਤਬਦੀਲ ਦਿਨ ਰਾਤ ਪਹਿਰਾ ਦੇ ਰਹੇ ਨੇ ਅਣਮਿੱਥੇ ਸਮੇਂ ਲਈ ਚੱਲ ਰਹੇ ਮੋਰਚਿਆਂ ਧਰਨਿਆਂ ਚ ਪੰਜਾਬ ਦੇ ਨੌਜਵਾਨ ਕਿਸਾਨ ਮਜ਼ਦੂਰ ਹਰ ਵਰਗ ਦੇ ਲੋਕ ਦਿਨ ਰਾਤ ਜੁਟੇ ਹੋਏ ਨੇ

ਰਿਟਾਇਰ ਫੌਜੀ ਵਿਹਾਰ ਦਾ ਨਾਅਰਾ ਮਾਰਦੇ ਹੋਏ ਅੱਗੇ ਵਧ ਰਹੇ ਨੇ ਨੌਜਵਾਨ ਭਾਰਤ ਸਭਾ ਚ ਵਿਦਿਆਰਥੀ ਬਸੰਤੀ ਰੰਗ ਦੀਆਂ ਪੱਗਾਂ ਮਨ ਵਲੰਟੀਅਰ ਵਜੋਂ ਤੈਨਾਤ ਹਨ ਹਿੰਦੁਸਤਾਨ ਦੀਆਂ ਲੋਕ ਪੱਖੀ ਤਾਕਤਾਂ ਨੇ ਫਾਸਿਸਟਾਂ ਨੂੰ ਭਾਜੜਾਂ ਪਾਈਆਂ ਤੇ ਸਿੱਧੇ ਹੋ ਕੇ ਲਲਕਾਰਿਆ

ਅੱਜ ਜੋ ਸਮਾਂ ਚੱਲ ਰਿਹਾ ਹੈ ਅਸੀਂ ਦੇਖ ਰਹੇ ਹਾਂ ਜਿਵੇਂ ਕਿ ਪੰਜਾਬ ਤੋਂ ਬਾਹਰ ਵੀ ਭਾਰਤ ਦੇ ਵਿੱਚ ਵੱਖ ਵੱਖ ਸੂਬਿਆਂ ਚ ਰੋਸ ਪ੍ਰਦਰਸ਼ਨ ਚੱਲ ਰਹੇ ਨੇ

ਕੈਨੇਡਾ ਅਮਰੀਕਾ ਦੀਆਂ ਸੜਕਾਂ ਤੇ ਵੀ ਬਿੱਲਾਂ ਦਾ ਤਿੱਖਾ ਵਿਰੋਧ ਹੋ ਰਿਹਾ ਹੈ ਇੰਗਲੈਂਡ ਦੇ ਰਾਜੇ ਮਹਾਰਾਜੇ ਰਾਣੀ ਵੀ ਕਿਸਾਨਾਂ ਮਜ਼ਦੂਰਾਂ ਦੇ ਪੱਖ ਦੀਆਂ ਗੱਲਾਂ ਕਰ ਰਹੀਆਂ ਨੇ ਜੋ ਲੋਕਾਂ ਦਾ ਖੂਨ ਪੀ ਕੇ ਗੋਗੜ ਵਧਾਉਂਦੇ ਰਹੇ ਆਖਰ ਇਹ ਕਿਉਂ ਕਰ ਰਹੇ ਨੇ ਕਿਸਾਨਾਂ ਦੇ ਪੱਖ ਦੀ ਗੱਲ ਕੀ ਮਨਸ਼ੇ ਨੇ ਇਨ੍ਹਾਂ ਦੇ ਕੀ ਮਨਸੂਬੇ ਨੇ ਮੁੜ ਤੋਂ ਆਉਂਦੀਆਂ ਚੋਣਾਂ ਦਾ ਸਦੀਆਂ ਤੋਂ ਚੱਲਦਾ ਗੇੜ ਕੁਰਸੀ ਦਾ ਫ਼ਿਕਰ ਕੋਝੀ ਸਿਆਸਤ ਦੀ ਭੁੱਖ ਸੱਤਾ ਚ ਮੁੜ ਪਸਾਰ ਕਰਨ ਦੇ ਵਸੀਲੇ ਅੰਗਰੇਜ਼ਾਂ ਤੋਂ ਬਾਅਦ ਸੱਤਾ ਚ ਆਈਆਂ ਖੂਨ ਪੀਣੀਆਂ ਸਰਕਾਰਾਂ ਨੇ ਦਹਾਕਿਆਂ ਤੋਂ ਆਪਸੀ ਰਲੀ ਮਿਲੀ ਭੁਗਤ ਨਾਲ ਹਮੇਸ਼ਾ ਤੋਂ ਹੀ ਇਕ ਦੂਜੇ ਤੇ ਦੂਸ਼ਣਬਾਜ਼ੀ ਕਰਦਿਆਂ ਹੋਇਆਂ ਵਿਅੰਗ ਆਤਮਿਕ ਸਕੀਮ ਨਾਲ ਵਾਰੀ ਵਾਰੀ ਲੋਕਾਂ ਨੂੰ ਮੂਰਖ ਬਣਾਉਂਦਿਆਂ ਲੋਕਾਂ ਨੂੰ ਬੇਰੁਜ਼ਗਾਰੀ ਲਾਚਾਰੀ ਤੇ 95% ਲੋਕਾਂ ਨੂੰ ਗਰੀਬੀ ਰੇਖਾ ਤੋਂ ਵੀ ਹੇਠਾਂ ਲੈ ਆਈਆਂ ਸਰਕਾਰਾਂ

ਸਮੁੱਚੇ ਭਾਰਤ ਚ ਆਰ ਐਸ ਐਸ ਭਾਜਪਾ ਦਾ ਤਿੱਖਾ ਵਿਰੋਧ ਹੋ ਰਿਹੈ ਪੰਜਾਬ ਦੇ ਲੋਕਾਂ ਨੇ ਦੇਸੀ ਵਿਦੇਸ਼ੀ ਦਲਾਲਾਂ ਦੀਆਂ ਕੰਪਨੀਆਂ ਮੁਕੰਮਲ ਬਰਾਂਡਾਂ ਦਾ ਬਾਈਕਾਟ ਕੀਤਾ ਆਓਂਦੇ ਸਮਿਆਂ ਚੱ ਰਾਸ਼ਨ ਪਾਣੀ ਵੱਡੇ ਸਟੋਰਾਂ ਦੀ ਥਾਂ ਛੋਟੀਆਂ ਦੁਕਾਨਾਂ ਨੂੰ ਪਹਿਲ ਦਿੱਤੀ ਜਾਵੇਗੀ ਇਹ ਸੰਘੀਆਂ ਗੁੰਡਾ ਦਲ ਬਦਮਾਸ਼ਾਂ ਦੇ ਫਰਮਾਨਾਂ ਦਾ ਜ਼ਬਰਦਸਤ ਵਿਰੋਧ ਕਰਦੇ ਹੋਏ ਲੋਕ ਵੱਡੇ ਸੰਘਰਸ਼ਾਂ ਦੇ ਰਾਹ ਪੈਂਦੇ ਹੋਏ ਬਹੁਤ ਅੰਦਰ ਤਕ ਪੱਸਰੀਆਂ ਕੰਪਨੀਆਂ ਜਿਵੇਂ ਕਿ ਰਿਲਾਇੰਸ ਦੇ ਗੈਸ ਸਟੇਸ਼ਨ ਅਨਾਜ ਭੰਡਾਰ ਵੱਡੇ ਕੋਲਡ ਸਟੋਰ ਤੇ ਧਾਵਾ ਬੋਲਿਆ ਧਰਨਿਆਂ ਦੇ ਰੂਪ ਚੱ ਦਿਨੋ ਦਿਨ ਸੰਘਰਸ਼ ਚੰਗੇ ਵਸੀਲਿਆਂ ਨਾਲ ਲਗਾਤਾਰ ਅੱਗੇ ਵੱਧ ਰਿਹਾ ਸਰਕਾਰਾਂ ਦੀ ਬੁਖਲਾਹਟ ਗਵਾਹੀ ਦਿੰਦੀ ਹੈ ਕਿ ਲੋਕ ਇੱਕਜੁਟ ਹੋਕੇ ਸਾਡੇ ਵੱਲ ਨੂੰ ਆ ਰਹੇ ਨੇ ਏਸੇ ਡਰ ਵਜੋਂ ਸੀਨ ਤਿਆਰ ਕਰਦੀਆਂ ਹੋਈਆਂ ਪੰਜਾਬ ਚ ਗੇੜੇ ਮਾਰਦੀਆਂ ਫਿਰਦੀਆ ?ਨੇ ਇੱਕ ਵਾਰ ਤਾਂ ਕੁੱਲ ਲੋਕ ਤਾਕਤ ਨੇ ਤਖਤ ਹਿਲਾ ਕੇ ਰੱਖਤਾ ਸੰਘਰਸ਼ ਜਾਰੀ ਰਹੇਗਾ

ਇੰਨਕਲਾਬ ਜ਼ਿੰਦਾਬਾਦ

ਸਾਮਰਾਜਵਾਦ ਮੁਰਦਾਬਾਦ

# No body have time to watch Tv advertisement
# No body have time to read Physical newspapers

It's social time .
Online news, advertisement,
promotion anytime anywhere .
Doesn't matter where are you .

PREETNAMA ਪ੍ਰੀਤਨਾਮਾ ਖਰਾ ਸੱਚ

Preetnama provide you your business promotion online worldwide on all social sites even TikTok .

## Advertisement with Preetnama .

**Promote your business with TalkShow**

**We gave social stage to show yourself and your business.**

Business Persons, Doctor, Advocates, VISA, Tour Travel, Actor, Singers, writers come Join or TalkShow and Advertisement with us on national & International based.

Search Just Preetnama

- Youtube
- Facebook
- Twitter
- Instagram
- LinkedIn
- TikTok

No need to go anywhere, Just leave message on WhatsApp or email us . We will call you back.

**Contact us immediately**

Pritpal Kaur



www.preetnama.com
www.preetnews.com

Phone- +1 201-312-4180
Email- preetnamausa@gmail.com